ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

TARKSHEEL SOCIETY PUNJAB (REGD.)

ਤਰਕਸ਼ੀਲ

TARKSHEEL

ਮਾਰਚ - ਅਪ੍ਰੈਲ 2020



ਅੰਦਰ ਪੜ੍ਹੋ

ਬੋਲ ਕਿ ਲਬ ਆਜ਼ਾਦ ਹੈਂ ਤੇਰੇ, ਬੋਲ ਜ਼ੁਬਾਂ ਅਬ ਤੱਕ ਤੇਰੀ ਹੈ... ਫ਼ੈਜ਼ ਅਹਿਮਦ ਫ਼ੈਜ਼

ਤੂਫ਼ਾਨਾਂ ਨੇ ਕਦੇ ਵੀ ਮਾਤ ਨਹੀਂ ਖਾਧੀ

ਹਵਾ ਦੇ ਰੁਖ਼ ਬਦਲਣ ਤੇ
ਬੜੇ ਨੱਚੇ, ਬੜੇ ਟੱਪੇ
ਜਿਨ੍ਹਾਂ ਦੇ ਸ਼ਾਮਿਆਨੇ ਡੋਲ ਚੁੱਕੇ ਸਨ
ਉਨ੍ਹਾਂ ਐਲਾਨ ਕਰ ਦਿੱਤਾ
ਕਿ ਰੁੱਖ ਹੁਣ ਸ਼ਾਂਤ ਹੋ ਗਏ ਹਨ
ਕਿ ਹੁਣ ਤੂਫ਼ਾਨਾਂ ਦਾ ਦਮ ਟੁੱਟ ਚੁੱਕਿਆ ਹੈ
ਜਿਵੇਂ ਕਿ ਜਾਣਦੇ ਨਾ ਹੋਣ
ਐਲਾਨਾਂ ਦਾ ਤੂਫ਼ਾਨਾਂ ਤੇ ਕੋਈ ਅਸਰ ਨਹੀਂ ਹੁੰਦਾ
ਜਿਵੇਂ ਕਿ ਜਾਣਦੇ ਨਾ ਹੋਣ
ਕਿ ਤੂਫ਼ਾਨਾਂ ਦੀ ਵਜ੍ਹਾ ਰੁੱਖ ਹੀ ਨਹੀਂ ਹੁੰਦੇ
ਸਗੋਂ ਉਹ ਹੁੱਟ ਹੁੰਦਾ ਹੈ
ਜਿਹੜਾ ਧਰਤੀ ਦਾ ਮੁਖੜਾ ਰੋਲ ਦਿੰਦਾ ਹੈ
ਜਿਵੇਂ ਕਿ ਜਾਣਦੇ ਨਾ ਹੋਣ
ਉਹ ਹੁੰਮਸ ਬਹੁਤ ਗਹਿਰਾ ਸੀ
ਜਿੱਥੋਂ ਤੂਫ਼ਾਨ ਜੰਮਿਆ ਸੀ
ਸੁਣੋ ਓ ਭਰਮ ਦੇ ਪੁੱਤੋ
ਹਵਾ ਨੇ ਦਿਸ਼ਾ ਬਦਲੀ ਹੈ
ਹਵਾ ਬੰਦ ਹੋ ਨਹੀਂ ਸਕਦੀ
ਜਦੋਂ ਤੱਕ ਧਰਤ ਦਾ ਮੁਖੜਾ
ਟਹਿਕ ਗੁਲਜ਼ਾਰ ਨਹੀਂ ਹੁੰਦਾ
ਤੁਹਾਡੇ ਸ਼ਾਮਿਆਨੇ ਅੱਜ ਵੀ ਡਿੱਗੇ
ਭਲਕ ਵੀ ਡਿੱਗੇ
ਹਵਾ ਏਸੇ ਦਿਸ਼ਾ ਵਿੱਚ ਫੇਰ ਵਗਣੀ ਹੈ
ਤੂਫ਼ਾਨਾਂ ਨੇ ਕਦੀ ਵੀ ਮਾਤ ਨਹੀਂ ਖਾਧੀ



ਪਾਸ਼

ਲਾਈਫ ਮੈਂਬਰਸ਼ਿਪ ਮੁੜ ਤੋਂ ਆਰੰਭ

34 ਸਾਲ ਪਹਿਲਾਂ 'ਤਰਕਸ਼ੀਲ' ਮੈਗਜ਼ੀਨ ਪਹਿਲੀ ਵਾਰ ਪਾਠਕਾਂ ਤੱਕ ਪਹੁੰਚਿਆ ਸੀ। 10 ਕੁ ਸਾਲ ਤੋਂ ਵਧੇ ਡਾਕ ਖਰਚ, ਕਾਗਜ਼ ਦੀ ਕੀਮਤ ਜਿਹੇ ਆਰਥਿਕ ਬੋਝ ਕਾਰਣ ਹਰ ਸਾਲ 60,000 ਰੁਪਏ ਦਾ ਘਾਟਾ ਸਹਾਰਦਿਆਂ ਸੁਸਾਇਟੀ ਨੇ ਲਾਈਫ਼ ਮੈਂਬਰਾਂ ਤੱਕ ਮੈਗਜ਼ੀਨ ਪੁਜਦਾ ਕੀਤਾ। ਇਸੇ ਕਾਰਣ ਨਵੀਂ ਲਾਈਫ਼ ਮੈਂਬਰਸ਼ਿਪ ਬੰਦ ਕਰਨ ਦਾ ਫੈਸਲਾ ਲੈਣਾ ਪਿਆ ਸੀ। ਹੁਣ ਸੂਬਾ ਵਰਕਿੰਗ ਕਮੇਟੀ ਦੇ ਫੈਸਲੇ ਅਨੁਸਾਰ ਮੈਗਜ਼ੀਨ ਦੀ ਮੁੜ ਤੋਂ ਨਵੀਂ ਲਾਈਫ਼ ਮੈਂਬਰਸ਼ਿਪ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਨਵੀਂ ਮੈਂਬਰਸ਼ਿਪ ਦੇਸ਼ ਲਈ : 1500 ਰੁਪਏ ਤੇ ਵਿਦੇਸ਼ਾਂ ਲਈ :20,000 ਰੁਪਏ ਹੋਵੇਗੀ। ਪੁਰਾਣੇ ਲਾਈਫ਼ ਮੈਂਬਰਾਂ ਦੀ ਪਹਿਲਾਂ ਦਿੱਤੀ ਫੀਸ ਕੱਟ ਕੇ ਨਵੀਂ ਤੈਅ ਫੀਸ ਅਨੁਸਾਰ ਬਾਕੀ ਬਚਦੀ ਫੀਸ ਲੈ ਕੇ ਲਾਈਫ਼ ਮੈਂਬਰਸ਼ਿਪ ਰਿਨਿਊ ਕੀਤੀ ਜਾਵੇਗੀ। ਭਵਿੱਖ ਵਿੱਚ ਮੈਗਜ਼ੀਨ ਦੀ ਕੀਮਤ ਵਧਣ ਤੇ ਲਾਈਫ਼ ਮੈਂਬਰਸ਼ਿਪ ਵੀ ਵਧੇਗੀ, ਜਿਸਨੂੰ ਮੈਂਬਰਾਂ ਲਈ ਅੱਪਡੇਟ ਕਰਵਾਉਣਾ ਲਾਜ਼ਮੀ ਹੋਏਗਾ। ਪੁਰਾਣੇ ਲਾਈਫ਼ ਮੈਂਬਰਾਂ ਨੂੰ ਮੈਗਜ਼ੀਨ ਦੇ ਨਵੰਬਰ ਦਸੰਬਰ 20 ਤੱਕ ਰਿਨਿਊ ਕਰਵਾਉਣ ਦੀ ਅਪੀਲ ਹੈ।

ਸੂਬਾ ਕਮੇਟੀ, ਤਰਕਸ਼ੀਲ ਸੁਸਾਇਟੀ ਪੰਜਾਬ

ਵਿਰੋਧ ਨੂੰ ਲਾਠੀ ਗੋਲੀ ਨਾਲ ਦਬਾਉਣਾ ਹਾਕਮਾਂ ਦਾ ਭਰਮ ਹੁੰਦਾ ਹੈ ਕਿਉਂਕਿ ਇਤਿਹਾਸ ਵਿੱਚ ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ।

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
95010 06626
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ, 94174 27538

ਸਰਵਰਕ : ਹਰਪ੍ਰੀਤ 'ਰੂਬੀ'

ਵਿਦੇਸ਼ੀ ਪ੍ਰਤੀਨਿਧ
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਔਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਕੰਪੋਜ਼ਿੰਗ : ਨਿਗਮ ਖਾਨ, ਲੌਂਗੋਵਾਲ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

8 ਮਾਰਚ ਦਾ ਦਿਨ ਕੌਮਾਂਤਰੀ ਔਰਤ ਦਿਵਸ ਦੇ ਰੂਪ ਵਿੱਚ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਦੋਖੀ ਪ੍ਰਬੰਧਾਂ ਵੱਲੋਂ ਔਰਤਾਂ ਦਾ ਫਰੇਬੀ ਗੁਣਗਾਣ ਕਰਨ ਦੇ ਨਾਲ-ਨਾਲ ਔਰਤ-ਉੱਨਤੀ ਦੀਆਂ ਫੋਕੀਆਂ ਟਾਹਰਾਂ ਮਾਰੀਆਂ ਜਾਂਦੀਆਂ ਹਨ। ਹਕੀਕਤ ਇਹ ਹੈ ਕਿ ਅੱਜ ਵੀ ਔਰਤਾਂ ਦਾ ਵੱਡਾ ਹਿੱਸਾ ਸਮਾਜ ਵਿੱਚ ਹਾਸ਼ੀਏ ਤੋਂ ਬਾਹਰ ਧੱਕਿਆ ਹੋਇਆ ਹੈ, ਮਰਦ ਬਰਾਬਰੀ ਦੀ ਗੱਲ ਤਾਂ ਕਿਤੇ ਦੂਰ ਰਹੀ। ਜੇ ਔਰਤਾਂ ਦਾ ਕੁੱਝ ਹਿੱਸਾ ਅੱਗੇ ਵਧਿਆ, ਤਾਂ ਉਹ ਆਪਣੀ ਜਾਗਰੂਕਤਾ ਅਤੇ ਸਮਾਜ ਦੇ ਰੌਸ਼ਨ ਹਿੱਸਿਆਂ ਦੇ ਸਹਿਯੋਗ ਨਾਲ ਵਧਿਆ। ਮੌਜੂਦਾ ਭਾਰਤੀ ਪ੍ਰਬੰਧ ਵੱਲੋਂ ਲਿਆਂਦੇ ਜਾ ਰਹੇ ਲੋਕ ਵਿਰੋਧੀ ਕਾਨੂੰਨਾਂ ਖਿਲਾਫ਼ ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦਾ ਅੱਗੇ ਵਧ ਕੇ ਲੜਣਾ, ਜਿਹਨਾਂ ਵਿੱਚ ਵੱਡੇ ਪੱਧਰ 'ਤੇ ਲੜਕੀਆਂ ਸ਼ਾਮਲ ਹਨ, ਹਨੇਰੇ 'ਚ ਰੌਸ਼ਨੀ ਦੀ ਮਸ਼ਾਲ ਬਣ ਕੇ ਉਭਰਿਆ ਹੈ। ਔਰਤ ਦਿਵਸ ਦੇ ਮੌਕੇ 'ਤੇ ਸਲਾਮ ਹੈ ਉਹਨਾਂ ਬਹਾਦਰ ਬੱਚੀਆਂ ਨੂੰ, ਸਮੁੱਚੀ ਨੌਜਵਾਨੀ ਨੂੰ। ਸਮਾਜ ਦੇ ਭਵਿੱਖ ਦੇ ਇਸ ਰੌਸ਼ਨ ਦਸਹਿੱਦੇ ਦੇ ਨਾਲ-ਨਾਲ ਇਨ੍ਹਾਂ ਦਿਨ ਵਿੱਚ ਸੱਤਾ ਦੇ ਪਾਲਤੂ 'ਸਾਧਾਂ', 'ਸਵਾਮੀਆਂ' ਦੀਆਂ ਔਰਤਾਂ ਸਬੰਧੀ ਆਈਆਂ ਕੁਝ ਅਖਬਾਰੀ ਟਿੱਪਣੀਆਂ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਔਰਤਾਂ ਦੀ ਨਿੱਜਤਾ 'ਤੇ ਕੀਤਾ ਇਹ ਵਾਰ ਬਕਾਇਦਾ ਹਿੰਦੂਤਵੀ ਸਿਆਸਤ ਦਾ ਇੱਕ ਸੋਚਿਆ ਸਮਝਿਆ ਏਜੰਡਾ ਹੈ। ਗੁਜਰਾਤ ਦੇ ਇੱਕ ਧਾਰਮਿਕ ਆਗੂ 'ਸਵਾਮੀ' ਕ੍ਰਿਸ਼ਨਾ ਸਵਰੂਪ ਦਾਸ ਨੇ ਟਿੱਪਣੀ ਕੀਤੀ ਹੈ : 'ਮਾਹਵਰੀ ਦੌਰਾਨ ਆਪਣੇ ਪਤੀਆਂ ਲਈ ਭੋਜਨ ਤਿਆਰ ਕਰਨ ਵਾਲੀਆਂ ਮਹਿਲਾਵਾਂ ਆਪਣੇ ਅਗਲੇ ਜਨਮ ਵਿੱਚ ਕੁੱਤੀਆਂ ਵਜੋਂ ਜਨਮ ਲੈਣਗੀਆਂ ਜਦ ਕਿ ਇਹ ਭੋਜਨ ਖਾਣ ਵਾਲੇ ਪੁਰਸ਼ ਅਗਲੇ ਜਨਮ ਵਿੱਚ ਬੈਲ ਬਣਨਗੇ।' ਉਸ ਨੇ ਦਾਅਵਾ ਕੀਤਾ ਕਿ ਇਹ ਸਾਰਾ ਕੁੱਝ ਸਾਡੇ ਧਾਰਮਿਕ ਸ਼ਾਸਤਰਾਂ 'ਚ ਲਿਖਿਆ ਹੋਇਆ ਹੈ। ਇਹ ਅਖੌਤੀ ਸਵਾਮੀ ਭੁਜ ਵਿੱਚ ਇੱਕ ਕਾਲਜ ਨੂੰ ਚਲਾਉਂਦਾ ਹੈ। ਇਹ ਸਵਾਮੀ ਨਰਾਇਣ ਮੰਦਰ ਨਾਲ ਜੁੜਿਆ ਹੋਇਆ ਹੈ ਅਤੇ ਸਵਾਮੀ ਨਰਾਇਣ ਸੰਪਰਦਾ ਦੇ 'ਨਰ-ਨਰਾਇਣ ਦੇਵਗਾਡੀ' ਨਾਲ ਸਬੰਧਤ ਹੈ। ਇਸ ਦੇ ਕਾਲਜ ਦੀ ਪ੍ਰਿੰਸੀਪਲ ਅਤੇ ਮਹਿਲਾ ਸਟਾਫ ਨੇ 11 ਫਰਵਰੀ ਨੂੰ 60 ਲੜਕੀਆਂ ਨੂੰ ਕਥਿਤ ਤੌਰ 'ਤੇ ਆਪਣੇ ਅੰਦਰਲੇ ਕੱਪੜੇ ਲਾਹੁਣ ਲਈ ਮਜ਼ਬੂਰ ਕੀਤਾ ਸੀ ਤਾਂ ਜੋ ਇਹਨਾਂ ਦੀ ਮਾਹਵਾਰੀ ਆਈ ਹੋਣ ਬਾਰੇ ਪਤਾ ਲਾਇਆ ਜਾ ਸਕੇ। ਇੱਕ ਹੋਰ ਮਰਾਠੀ ਕੀਰਤਨਕਾਰ ਇੰਦੁਰੀਕਰ ਮਹਾਰਾਜ ਆਖਦਾ 'ਜਿਸਤ ਅਤੇ ਟਾਂਕ ਤਰੀਕਾਂ ਨੂੰ ਸੰਭੋਗ ਕਰਨ ਵਾਲੇ ਜੋੜਿਆਂ ਦੇ ਘਰ ਕ੍ਰਮਵਾਰ ਲੜਕਾ ਅਤੇ ਲੜਕੀ ਪੈਦਾ ਹੁੰਦੇ ਹਨ।' ਉਸਦੀ ਇਹ ਟਿੱਪਣੀ ਸਿੱਧਿਆਂ ਪੀ.ਸੀ.ਪੀ. ਐੱਨ.ਡੀ.ਟੀ. ਐਕਟ ਅਧੀਨ ਗੈਰ-ਕਾਨੂੰਨੀ ਹੈ। ਇਹ ਬਿਆਨ ਸਾਧਾਰਨ ਨਹੀਂ ਹਨ, ਯੋਜਨਾਬਧ ਹਨ। ਮਨੂੰ ਸਮ੍ਰਿਤੀ ਔਰਤਾਂ, ਦਲਿਤਾਂ ਆਦਿ ਖਿਲਾਫ ਅਜਿਹੀਆਂ ਗੈਰ-ਮਨੁੱਖੀ ਟਿੱਪਣੀਆਂ ਨਾਲ ਭਰੀ ਪਈ ਹੈ। ਇਸ ਸਾਰੇ ਵਰਤਾਰੇ ਨੂੰ ਅਸੀਂ ਵਿਗਿਆਨਕ ਸਮਝ ਨਾਲ ਹੀ ਸਮਝ ਸਕਦੇ ਹਾਂ। ਅਜਿਹੀਆਂ ਟਿੱਪਣੀਆਂ ਸਾਨੂੰ ਹਰ ਰੋਜ ਅਖਬਾਰਾਂ 'ਚ ਨਿਤ ਚੜ੍ਹਦੇ ਦਿਨ ਵਿਖਾਈ ਦਿੰਦੀਆਂ ਹਨ। ਔਰਤ ਵਿਰੋਧੀ ਇੰਨ੍ਹਾਂ ਬਿਆਨਾਂ ਦੀ ਸਾਨੂੰ ਸਿਰਫ ਨਿੰਦਿਆ ਹੀ ਨਹੀਂ, ਸਗੋਂ ਜਿਸ ਸਿਆਸਤ ਅਧੀਨ ਇਹ ਸਭ ਕੁੱਝ ਚੱਲ ਰਿਹਾ, ਉਸ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਸੰਘਰਸ਼ਵਤ ਕਰਨ ਦੀ ਲੋੜ ਹੈ।

ਗੈਰ ਵਿਗਿਆਨਕ ਵਰਤਾਰੇ

ਇਲਾਜ ਪ੍ਰਣਾਲੀ ਨੂੰ ਅੰਧ-ਵਿਸ਼ਵਾਸਾਂ ਨਾਲ ਜੋੜਨਾ



ਡਾ. ਅਰੁਣ ਮਿੱਤਰਾ

ਭਾਜਪਾ ਦੇ ਸੰਸਦ ਮੈਂਬਰ ਗਣੇਸ਼ ਸਿੰਘ ਦੁਆਰਾ ਇੱਕ ਦਿਲਚਸਪ ਬਿਆਨ ਦਿਤਾ ਗਿਆ ਹੈ ਕਿ ਹਰ ਰੋਜ਼ ਸੰਸਕ੍ਰਿਤ ਭਾਸ਼ਾ ਬੋਲਣ ਨਾਲ ਨਾੜੀਆਂ ਨੂੰ ਤਾਕਤ ਮਿਲਦੀ ਹੈ ਤੇ ਸ਼ੂਗਰ ਦੀ ਬਿਮਾਰੀ (ਡਾਇਬਟੀਜ਼) ਅਤੇ ਸਰੀਰ ਵਿੱਚ ਚਰਬੀ (ਕੋਲੈਸਟ੍ਰੋਲ) ਨੂੰ ਨਿਯੰਤ੍ਰਿਤ (ਕੰਟਰੋਲ ਵਿੱਚ) ਰੱਖਿਆ ਜਾ ਸਕਦਾ ਹੈ। ਇਸ ਤੋ ਪਹਿਲਾਂ ਵੀ ਕੁੱਝ ਸਿਆਸੀ ਆਗੂ ਇਸ ਤਰ੍ਹਾਂ ਦੇ ਬਿਆਨ ਦੇ ਚੁੱਕੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿੱਚ ਕਿਹਾ ਸੀ ਕਿ ਪੁਰਾਣੇ ਸਮੇਂ ਵਿੱਚ ਭਾਰਤ ਵਿੱਚ ਪਲਾਸਟਿਕ ਸਰਜਰੀ ਇੰਨੀ ਉੱਨਤ ਸੀ ਕਿ ਇੱਕ ਹਾਥੀ ਦਾ ਸਿਰ ਮਨੁੱਖ ਦੇ ਸਰੀਰ ਉੱਤੇ ਲਗਾਇਆ ਜਾ ਸਕਦਾ ਸੀ। ਉਨ੍ਹਾਂ ਦੇ ਇਸ ਬਿਆਨ ਤੋਂ ਉਤਸ਼ਾਹਿਤ ਹੋਏ ਉਨ੍ਹਾਂ ਦੀ ਪਾਰਟੀ ਦੇ ਕਈ ਆਗੂ ਮੈਦਾਨ ਵਿੱਚ ਕੁੱਦ ਪਏ ਅਤੇ ਇੱਕ ਦੂਜੇ ਤੋਂ ਵਧ-ਚੜ੍ਹ ਕੇ ਇਸੇ ਤਰ੍ਹਾਂ ਦੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ।

ਭੋਪਾਲ ਤੋਂ ਸੰਸਦ ਮੈਂਬਰ ਪ੍ਰਗਿੱਆ ਠਾਕੁਰ ਨੇ ਇਹ ਬਿਆਨ ਦਿੱਤਾ ਕਿ ਉਸ ਦੀ ਛਾਤੀ ਦਾ ਕੈਂਸਰ ਗਊਮੂਤਰ ਨਾਲ ਠੀਕ ਹੋਇਆ ਸੀ। ਹਾਲਾਂਕਿ, ਲਖਨਊ ਦੇ ਰਾਮ ਮਨੋਹਰ ਲੋਹੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ ਦੇ ਇੱਕ ਸਰਜਨ ਡਾ ਐਸ ਰਾਜਪੂਤ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਕੈਂਸਰ ਤੋਂ ਛੁਟਕਾਰਾ ਪਾਉਣ ਲਈ ਪ੍ਰਗਿੱਆ ਠਾਕੁਰ ਦੇ ਤਿੰਨ ਆਪ੍ਰੇਸ਼ਨ ਕੀਤੇ ਸਨ। ਪ੍ਰਗਿੱਆ ਠਾਕੁਰ ਨੇ ਡਾਕਟਰ ਦੇ ਇਸ ਕਥਨ ਤੋਂ ਇਨਕਾਰ ਨਹੀਂ ਕੀਤਾ ਹੈ। ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਗਾਂ ਹੀ ਇੱਕੋ ਇੱਕ ਅਜਿਹਾ ਜਾਨਵਰ ਹੈ, ਜੋ ਆਕਸੀਜਨ ਨੂੰ ਸਾਹ ਦੁਆਰਾ ਬਾਹਰ ਕੱਢ ਸਕਦਾ ਹੈ। ਇਸ ਦੇ ਨਾਲ ਉਹਨਾਂ ਇਹ ਵੀ ਕਿਹਾ ਕਿ ਗਾਂ ਦੀ ਮਾਲਸ਼ ਕਰਨ ਨਾਲ ਸਾਹ ਦੀਆਂ ਬਿਮਾਰੀਆ ਦੂਰ ਹੋ ਸਕਦੀਆ ਹਨ। ਉਨ੍ਹਾਂ ਅੱਗੇ ਕਿਹਾ ਕਿ ਗਾਵਾਂ ਦੇ ਨੇੜੇ ਰਹਿਣ ਦੇ ਨਾਲ ਟੀ.ਬੀ. ਦਾ ਇਲਾਜ਼ ਹੁੰਦਾ ਹੈ। ਉੱਤਰਾਖੰਡ ਦੇ ਪ੍ਰਦੇਸ਼ ਭਾਜਪਾ ਪ੍ਰਧਾਨ ਅਤੇ ਨੈਨੀਤਾਲ ਦੇ ਸੰਸਦ ਮੈਬਰ ਅਜੈ ਭੱਟ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਜੇ ਗਰਭਵਤੀ ਔਰਤਾਂ ਬਾਗੇਸਵਰ ਜ਼ਿਲ੍ਹੇ ਦੀ ਨਦੀ ਗਰੁੜ ਗੰਗਾ ਦਾ ਪਾਣੀ ਪੀਣ ਤਾਂ ਉਹ ਸਿਜ਼ੇਰੀਅਨ ਆਪਰੇਸ਼ਨ ਤੋਂ ਬਚ ਸਕਦੀਆਂ ਹਨ।

ਅਰੋਗਿਆ ਭਾਰਤੀ ਦੁਆਰਾ 'ਗਰਭ ਵਿਗਿਆਨ ਸੰਸਕਾਰ' ਤਹਿਤ ਜੋੜਿਆਂ ਨੂੰ ਮਿਲਨ ਦੇ ਸਮੇਂ ਸਲੋਕ ਉਚਾਰਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਉਹ ਆਪਣੀ ਪਸੰਦ ਦੇ ਬੱਚਿਆਂ ਨੂੰ ਜਨਮ ਦੇ ਸਕਣ। ਸੰਸਥਾ ਮੁਤਾਬਕ ਉਨ੍ਹਾਂ ਨੂੰ ਇਹ ਵਿਚਾਰ ਜਰਮਨੀ ਤੋਂ ਮਿਲਿਆ ਹੈ। ਹਾਲਾਂਕਿ ਉਨ੍ਹਾਂ ਦੇ ਇਸ ਤਰੀਕੇ ਨਾਲ ਪੈਦਾ ਹੋਏ ਅਨੁਕੂਲਿਤ ਬੱਚਿਆਂ ਦੀ ਗਿਣਤੀ ਦੀ ਪੁਸ਼ਟੀ ਕਰਨ ਵਾਲੇ ਕੋਈ ਅੰਕੜੇ ਸਾਹਮਣੇ ਨਹੀਂ ਆਏ ਹਨ। ਜਰਮਨੀ ਦੇ ਡਾਕਟਰਾਂ ਨੇ ਇਸ ਗੱਲ ਨੂੰ ਮਨਘੜਤ ਦੱਸਿਆ ਹੈ। ਇੰਨਾ ਹੀ ਨਹੀਂ ਗੁਜਰਾਤ ਸਰਕਾਰ ਦੇ ਕੁੱਝ ਮੰਤਰੀਆਂ ਨੇ ਤਾਂ ਤਾਤਰਿਕਾਂ ਦੇ ਸਨਮਾਨ ਸਮਾਗਮ 'ਚ ਵੀ ਸ਼ਿਰਕਤ ਕੀਤੀ ਸੀ।

ਅਜਿਹੇ ਬਿਆਨ ਸਿਰਫ ਰਾਜਨੀਤਕ ਲੋਕਾਂ ਤੱਕ ਹੀ ਸੀਮਿਤ ਨਹੀਂ ਹਨ। ਆਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਉਪ ਕੁਲਪਤੀ ਜੀ ਨਾਗੇਸਵਰ ਰਾਓ ਨੇ ਜਲੰਧਰ ਵਿੱਚ ਇੰਡੀਅਨ ਸਾਇੰਸ ਕਾਂਗਰਸ 'ਚ ਦਿੱਤੇ ਬਿਆਨ ਵਿੱਚ ਕਿਹਾ ਸੀ ਕਿ ਸਟੈਮ ਸੈੱਲ ਦੀ ਖੋਜ ਅਤੇ ਟੈਸਟ ਟਿਊਬ ਬੇਬੀ ਟੈਕਨਾਲੌਜੀ ਦੇ ਕਾਰਨ ਸਾਡੀ ਇੱਕ ਮਾਂ ਤੋਂ ਸੈਂਕੜੇ ਕੌਰਵ ਪੈਦਾ ਹੋਏ ਹਨ। ਇਹ ਕੁੱਝ ਹਜ਼ਾਰ ਸਾਲ ਪਹਿਲਾਂ ਹੋਇਆ ਸੀ। ਰਾਜਸਥਾਨ ਦੇ ਹਾਈ ਕੋਰਟ ਦੇ ਸੇਵਾਮੁਕਤ ਜੱਜ ਨੇ ਇਕ ਬਿਆਨ ਦਿੱਤਾ ਸੀ ਕਿ ਮੋਰਨੀ ਜਦੋਂ ਮੋਰ ਦੇ ਹੰਝੂ ਚੂਸਦੀ ਹੈ ਤਾਂ ਉਹ ਔਲਾਦ ਨੂੰ ਜਨਮ ਦਿੰਦੀ ਹੈ।

ਸਾਡੇ ਸਮਾਜ ਵਿੱਚ ਬਿਮਾਰੀ ਦੇ ਕਾਰਨ ਅਤੇ ਇਲਾਜ ਬਾਰੇ ਪਹਿਲਾਂ ਹੀ ਢੇਰ ਸਾਰੇ ਗੈਰ ਵਿਗਿਆਨਕ ਵਿਚਾਰ ਅਤੇ ਮਿੱਥ ਹਨ। ਵੱਡੀ ਗਿਣਤੀ ਵਿੱਚ ਲੋਕ ਰੋਗਾਂ ਦੇ ਇਲਾਜ ਲਈ ਸਿਆਣਿਆਂ ਕੋਲ ਜਾਂਦੇ ਹਨ, ਜਿਵੇ ਕਿ ਕਨੇਡੂ, ਲਕਵਾ ਜਾਂ ਛੋਟੀ ਮਾਤਾ (ਚਿਕਨ ਪੌਕਸ) ਦੇ ਇਲਾਜ ਲਈ। ਇੱਕ ਹੋਰ ਕਥਾ ਇਹ ਹੈ ਕਿ ਕੰਨ ਦੇ ਪਰਦੇ ਵਿੱਚ ਮੋਰੀ ਕਰ ਕੇ ਇਸ ਵਿੱਚੋਂ ਪੀਲੀਏ ਨੂੰ ਕੱਢ ਦਿੱਤਾ ਜਾਂਦਾ ਹੈ।

ਡਾਕਟਰੀ ਵਿਗਿਆਨ ਕਲਪਨਾ ਨਹੀ ਹੈ ਅਤੇ ਨਾ ਹੀ ਇਹ ਵਿਸ਼ਵਾਸ ਪ੍ਰਣਾਲੀ ਹੈ। ਇਹ ਸਬੂਤਾਂ 'ਤੇ ਅਧਾਰਿਤ ਇੱਕ ਵਿਗਿਆਨ ਹੈ। ਆਧੁਨਿਕ ਮੈਡੀਕਲ ਦੀ ਇਲਾਜ ਦੀ ਕਿਸੇ ਪ੍ਰਣਾਲੀ ਨੂੰ ਵਿਕਸਿਤ ਕਰਨ ਤੋਂ ਪਹਿਲਾਂ ਇਸ ਨੂੰ ਪ੍ਰਯੋਗਸ਼ਾਲਾ ਵਿੱਚ, ਫਿਰ ਜਾਨਵਰਾਂ ਅਤੇ ਅਖੀਰ ਵਿੱਚ ਮਨੁੱਖੀ

...ਬਾਕੀ ਪੰਨਾ 5 'ਤੇ

'ਗੁਰੂ ਮਾਂ' 'ਤੇ ਅੰਨ੍ਹੀ ਸ਼ਰਧਾ

ਸੌਮਿੱਤਰ ਕਾਨੂਨਗੋ

ਮੁੰਬਈ ਦੇ ਖਾਰ ਖੇਤਰ ਵਿੱਚ ਰਹਿਣ ਵਾਲੀ ਇੱਕ ਔਰਤ, ਜਿਹੜੀ ਕਾਰਪੋਰੇਟ ਸੈਕਟਰ ਵਿੱਚ ਕਿਸੇ ਚੰਗੀ ਨੌਕਰੀ ਉੱਤੇ ਕੰਮ ਕਰਦੀ ਸੀ, ਦਾ ਆਪਣੇ ਭਰਾ ਨਾਲ ਜਾਇਦਾਦ ਦਾ ਕੁੱਝ ਝਗੜਾ ਚੱਲ ਰਿਹਾ ਸੀ। ਘਰ ਵਿੱਚ ਸਹੁਰੇ ਨੂੰ ਦਮੇ ਦੀ ਬਿਮਾਰੀ ਸੀ, ਸੱਸ ਨੂੰ ਵੀ ਕਈ ਮਰਜਾਂ ਸਨ। ਕੋਰਟ-ਕਚਹਿਰੀ ਦੇ ਚੱਕਰ ਤੇ ਘਰ ਨੂੰ ਸੰਭਾਲਣ ਵਿੱਚ ਉਹ ਔਰਤ ਅਤੇ ਉਸ ਦਾ ਪਤੀ ਬਹੁਤ ਪ੍ਰੇਸ਼ਾਨ ਹੋ ਰਹੇ ਸਨ। ਉਹਨਾਂ ਦੇ ਕਿਸੇ ਰਿਸ਼ਤੇਦਾਰ ਨੇ ਸੁਝਾਇਆ ਕਿ ਇੱਕ 'ਗੁਰੂ ਮਾਂ' ਹੈ, ਉਸਦੇ ਕੋਲ ਜਾਓਗੇ ਤਾਂ ਉਹ ਤੁਹਾਡੀ ਸਮੱਸਿਆ ਨੂੰ ਸੁਲਝਾ ਸਕਦੀ ਹੈ। ਮੇਰੀਆਂ ਵੀ ਕੁੱਝ ਸਮੱਸਿਆਵਾਂ ਸਨ, ਜੋ ਉਹਨਾਂ ਦੇ ਕੋਲ ਜਾਣ ਦੇ ਬਾਅਦ ਸੁਲਝ ਗਈਆਂ ਹਨ।


ਇਹ ਦੋਵੇਂ ਜਦ ਆਪਣੀ ਸਮੱਸਿਆ ਅਖੌਤੀ ਗੁਰੂ ਮਾਂ ਦੇ ਪਾਸ ਲੈ ਕੇ ਗਏ ਤਾਂ ਉਸ ਨੇ ਕਿਹਾ, "ਮੈਂ ਸਾਈਂ ਬਾਬੇ ਨਾਲ ਗੱਲ ਕਰਦੀ ਹਾਂ ਅਤੇ 12 ਸਾਲ ਤਪੱਸਿਆ ਕਰਨ ਦੇ ਬਾਅਦ ਮੈਨੂੰ ਇਹ ਸ਼ਕਤੀ ਪ੍ਰਾਪਤ ਹੋਈ ਹੈ। ਉਹ ਜਿਹੜੇ ਉਪਾਅ ਦੱਸਣਗੇ ਤੁਹਾਡੀ ਸਮੱਸਿਆ ਦੇ ਬਾਰੇ ਵਿੱਚ, ਉਹ ਮੈਂ ਤੁਹਾਨੂੰ ਦੱਸਾਂਗੀ।"

ਇਸ ਦੌਰਾਨ ਉਸ ਔਰਤ ਦੇ ਸਹੁਰੇ ਦੀ ਤਰੱਕੀ ਹੋ ਗਈ ਅਤੇ ਉਸ ਦੀ ਦਮੇ ਦੀ ਸਮੱਸਿਆ ਥੋੜ੍ਹੀ ਘੱਟ ਹੋ ਗਈ। ਇਹਨਾਂ ਲੋਕਾਂ ਨੂੰ ਇਹ ਜਾਪਿਆ ਕਿ 'ਗੁਰੂ ਮਾਂ' ਦੇ ਕੋਲ ਜਾਣ ਨਾਲ ਸਾਡੀਆਂ ਸਮੱਸਿਆਵਾਂ ਘੱਟ ਹੋ ਰਹੀਆਂ ਹਨ। 'ਗੁਰੂ ਮਾਂ' ਉੱਤੇ ਉਹਨਾਂ ਨੂੰ ਵਿਸ਼ਵਾਸ ਹੋ ਗਿਆ। ਫਿਰ ਉਪਾਅ ਦੇ ਤੌਰ ਉੱਤੇ 'ਗੁਰੂ ਮਾਂ' ਨੇ ਇਸ ਔਰਤ ਨੂੰ ਕਿਹਾ ਕਿ ਇਹ ਸਭ ਤੁਹਾਡੇ ਪਿਛਲੇ ਜਨਮ ਦੇ ਬੁਰੇ ਕਰਮਾਂ ਦੇ ਕਾਰਨ ਹੋ ਰਿਹਾ ਹੈ ਅਤੇ ਇਸ ਨੂੰ ਠੀਕ ਕਰਨ ਦੇ ਲਈ ਮੈਨੂੰ ਪੂਜਾ ਕਰਨੀ ਪਵੇਗੀ। 'ਗੁਰੂ ਮਾਂ' ਨੇ ਅੱਗੇ ਕਿਹਾ ਕਿ ਇਸ ਜਨਮ ਵਿੱਚ ਮੈਂ ਤੁਹਾਨੂੰ ਹੁਣ ਜੋ ਬੋਲਾਂਗੀ, ਉਹੀ ਕਰਨਾ ਹੈ।

ਜੋ ਵੀ ਉਸ ਔਰਤ ਨੇ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੇ ਲੋਕਾਂ ਨੂੰ ਪੂਜਾ ਦੇ ਬਾਰੇ ਵਿੱਚ ਦੱਸਿਆ ਉਹ ਸਭ ਬਹੁਤ ਭਿਆਨਕ ਸੀ। 'ਗੁਰੂ ਮਾਂ' ਨੇ ਉਸ ਨੂੰ ਇਹ ਕਿਹਾ ਕਿ ਇਹ ਪੂਜਾ ਕਰਨ ਲਈ ਮੈਨੂੰ ਤੇਰੇ ਘਰ ਵਿੱਚ ਆ ਕੇ ਰਹਿਣਾ ਪਵੇਗਾ। 'ਗੁਰੂ ਮਾਂ' ਨੇ ਉਸ ਦੇ ਪਤੀ ਨੂੰ ਦੱਸਿਆ ਕਿ ਪਿਛਲੇ ਜਨਮ ਵਿੱਚ ਇਹ ਇੱਕ ਵੇਸ਼ਵਾ ਸੀ। ਇਸ ਦੇ ਬਾਅਦ ਗੁਰੂ ਮਾਂ ਉਸ ਦੇ ਘਰ ਵਿੱਚ 9 ਮਹੀਨੇ ਤੱਕ ਰਹੀ ਅਤੇ ਰਾਤ ਦੇ 2 ਵਜੇ ਦੇ ਲਗਭਗ ਪੂਜਾ ਦੇ ਨਾਂ ਉੱਤੇ ਉਸ ਨੂੰ ਨੰਗਾ ਕਰਕੇ ਉਸਦੇ ਸਰੀਰ ਉੱਤੇ ਜ਼ੋਰ ਨਾਲ ਚੱਪਲ ਮਾਰਦੀ ਸੀ। ਪੁੱਛਣ ਉੱਤੇ ਕਹਿੰਦੀ ਸੀ, ਕਿ ਬਾਬੇ ਨੇ ਮੈਨੂੰ ਕਿਹਾ ਹੈ ਕਿ ਪਿਛਲੇ ਜਨਮ ਵਿੱਚ ਤੂੰ ਵੇਸ਼ਵਾ ਸੀ, ਤੇਰਾ ਇਹ ਦੋਸ਼ ਇਸ ਜਨਮ ਵਿੱਚ ਕੱਢਣ ਦੇ ਲਈ ਅਜਿਹਾ ਕਰਨਾ ਜ਼ਰੂਰੀ ਹੈ। ਉਸਨੇ ਇਸ ਤਰ੍ਹਾਂ ਉਸ ਔਰਤ ਉੱਤੇ ਬਹੁਤ ਸਾਰੇ ਸਰੀਰਕ ਜ਼ੁਲਮ ਕੀਤੇ।

'ਗੁਰੂ ਮਾਂ' ਨੇ ਉਸ ਨੂੰ ਇਹ ਗੱਲ ਕਿਸੇ ਨੂੰ ਵੀ ਦੱਸਣ ਤੋਂ ਮਨ੍ਹਾਂ ਕੀਤਾ ਅਤੇ ਇਹ ਵੀ ਕਿਹਾ ਕਿ ਜੇਕਰ ਉਸ ਨੇ ਕਿਸੇ ਨੂੰ ਦੱਸਿਆ ਤਾਂ ਫਿਰ ਇਸ ਪੂਜਾ ਦਾ ਪ੍ਰਭਾਵ ਘੱਟ ਹੋ ਜਾਵੇਗਾ। ਕਿਸੇ ਨਾਲ ਗੱਲ ਨਾ ਕਰਨ ਅਤੇ ਸੰਪਰਕ ਵਿੱਚ ਨਾ ਰਹਿਣ ਦੀ ਸ਼ਰਤ ਦੇ ਕਾਰਨ ਉਸ ਨੂੰ ਆਪਣੀ ਨੌਕਰੀ ਵੀ ਛੱਡਣੀ ਪਈ। ਉਸ ਨੇ ਔਰਤ ਨੂੰ ਇਹ ਵੀ ਕਿਹਾ ਕਿ ਜੇਕਰ ਉਹ ਇਹ ਸਭ ਨਹੀਂ ਕਰੇਗੀ ਤਾਂ ਉਸ ਦੀ ਬੱਚੀ ਨਾਲ ਸਕੂਲ ਵਿੱਚ ਬਲਾਤਕਾਰ ਹੋਵੇਗਾ। ਇਹ ਲੋਕ ਇਹਨਾਂ ਸਭ ਗੱਲਾਂ ਨੂੰ ਮੰਨ ਲੈਂਦੇ ਸਨ ਕਿਉਂਕਿ ਇਹਨਾਂ ਨੂੰ ਉਸ ਉੱਤੇ ਪੂਰੀ ਤਰ੍ਹਾਂ ਵਿਸ਼ਵਾਸ ਹੋ ਗਿਆ ਸੀ। ਅਜਿਹਾ ਕਰਦੇ ਹੋਏ ਉਸ ਨੇ ਇਹਨਾਂ ਲੋਕਾਂ ਤੋਂ ਡਾਇਮੰਡ, ਸੋਨੇ ਦੀ ਚੇਨ ਅਤੇ 12 ਲੱਖ ਰੁਪਏ ਵੀ ਲਏ। ਬਹੁਤ ਸਮਾਂ ਬੀਤ ਜਾਣ ਦੇ ਬਾਅਦ ਵੀ ਜਦ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ ਸੀ, ਤਦ ਇਸ ਔਰਤ ਨੂੰ 'ਗੁਰੂ ਮਾਂ' ਉੱਤੇ ਸ਼ੱਕ ਹੋਣ ਲੱਗਾ।

'ਗੁਰੂ ਮਾਂ' ਪੂਜਾ ਦੇ ਸਮੇਂ ਇਸ ਔਰਤ ਨੂੰ ਆਪਣੀਆਂ ਅੱਖਾਂ ਬੰਦ ਰੱਖਣ ਦੇ ਲਈ ਕਹਿੰਦੀ ਸੀ। ਇੱਕ-ਦੋ ਵਾਰ ਜਦ ਉਸ ਦੀ ਅੱਖ ਖੁੱਲ੍ਹੀ ਤਾਂ ਉਸ ਨੇ ਦੇਖਿਆ ਕਿ ਗੁਰੂ ਮਾਂ ਉਸ ਦਾ ਵੀਡੀਓ ਬਣਾ ਰਹੀ ਸੀ। ਤਦ ਉਸ ਦਾ ਸ਼ੱਕ ਹੋਰ ਵਧ ਗਿਆ ਅਤੇ ਉਸ ਨੇ ਆਪਣੇ ਪਿਤਾ ਜੀ, ਜਿਹੜੇ ਰਤਨਾਗਿਰੀ ਵਿੱਚ ਰਹਿੰਦੇ ਸਨ, ਨੂੰ ਇਹ ਗੱਲ ਦੱਸੀ। ਪਿਤਾ ਜੀ ਦੇ ਦੁਆਰਾ ਹੀ ਇਸ ਗੱਲ ਦੀ ਖ਼ਬਰ ਅੰਧ ਸ਼ਰਧਾ ਨਿਰਮੂਲਣ ਸੰਮਤੀ ਨੂੰ ਲੱਗੀ। ਤਦ ਸੰਸਥਾ ਦੇ ਨੰਦ ਕਿਸ਼ੋਰ, ਅਨੀਸ਼ ਅਤੇ ਮੁਕਤਾ ਦਾਭੋਲਕਰ ਉਸ ਔਰਤ ਦੇ ਘਰ ਗਏ। ਮੁਕਤਾ ਦਾਭੋਲਕਰ ਨੇ ਪੀੜਤ ਔਰਤ ਅਤੇ ਸਮੁੱਚੇ ਪਰਿਵਾਰ ਦੀ ਕਾਊਂਸਲਿੰਗ ਕੀਤੀ। ਫਿਰ ਕਿਤੇ ਜਾ ਕੇ ਪਰਿਵਾਰ 'ਗੁਰੂ ਮਾਂ' ਦੇ ਖਿਲਾਫ਼ ਪੁਲਿਸ ਕੋਲ ਸ਼ਿਕਾਇਤ ਕਰਜ ਕਰਵਾਉਣ ਲਈ ਸਹਿਮਤ ਹੋਇਆ। 'ਗੁਰੂ ਮਾਂ' ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।



ਪੰਜਾਬੀ ਅਨੁਵਾਦ : ਪਵਨ ਕੁਮਾਰ ਰੱਤੋ

ਧੁਰੋਂ ਤਕਦੀਰ 'ਚ ਲਿਖਿਆ



ਜਸਵੰਤ ਜੀਰਖ਼

ਸਾਡੇ ਸਮਾਜ ਵਿੱਚ ਦੋ ਤਰ੍ਹਾਂ ਦੇ ਲੋਕਾਂ ਨਾਲ ਅਕਸਰ ਹਰ ਇੱਕ ਦਾ ਵਾਹ ਪੈਂਦਾ ਹੈ। ਇੱਕ ਉਹ ਜੋ ਸਮਾਜ ਵਿੱਚ ਵਾਪਰੀ ਹਰ ਚੰਗੀ-ਮੰਦੀ ਘਟਨਾ ਨੂੰ ਧੁਰੋਂ ਲਿਖੀ ਤਕਦੀਰ ਨਾਲ ਜੋੜਕੇ ਗੱਲ ਕਰਦੇ ਹਨ ਅਤੇ ਬਿਨ੍ਹਾਂ ਸੋਚੇ-ਸਮਝੇ, ਹਰ ਘਟਨਾ ਦੇ ਕਾਰਨ ਜਾਨਣ ਵੱਲ ਵਧਣ ਦੀ ਬਜਾਏ, ਭਾਣਾ ਮੰਨਣ ਦੇ ਉਪਦੇਸ਼ ਦਿੰਦੇ ਹੋਏ ਕਈ ਮਨ-ਘੜਤ ਕਹਾਣੀਆਂ ਰਾਹੀਂ ਆਪਣੇ ਕਹੇ ਦੀ ਪ੍ਰੋੜਤਾ ਵੀ ਕਰਦੇ ਹਨ। ਗਿਣਤੀ ਪੱਖੋਂ ਸਮਾਜ ਵਿੱਚ ਇਹਨਾਂ ਦਾ ਭਰਪੂਰ ਬੋਲਬਾਲਾ ਹੈ। ਦੂਜੇ ਉਹ ਲੋਕ ਵੀ ਹਨ ਜੋ ਹਰ ਘਟਨਾ ਦੇ ਵਾਪਰਨ ਨੂੰ ਧੁਰੋਂ ਲਿਖੀ ਨਾ ਮੰਨਕੇ, ਉਸਦੇ ਕਾਰਣਾਂ ਸਬੰਧੀ ਜਾਣਕਾਰੀ ਪ੍ਰਾਪਤ ਕਰਕੇ, ਉਸ ਬਾਰੇ ਸਹੀ ਵਿਆਖਿਆ ਕਰਕੇ ਠੀਕ ਸਿੱਟੇ ਕੱਢਣ ਵੱਲ ਅੱਗੇ ਵਧਦੇ ਹਨ। ਇਹਨਾਂ ਦੀ ਸਮਾਜ ਵਿੱਚ ਗਿਣਤੀ ਪੱਖੋਂ ਮਾਤਰਾ ਆਟੇ ਵਿੱਚ ਲੂਣ ਤੋਂ ਵੀ ਘੱਟ ਹੈ। ਜੇਕਰ ਕਿਸੇ ਬਿਮਾਰੀ, ਗਲਤ ਦਵਾਈ ਖਾਣ ਜਾਂ ਕਿਸੇ ਦੁਰਘਟਨਾ ਕਾਰਨ ਕੋਈ ਬੇਵਕਤੀ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਪਹਿਲੇ ਨੰਬਰ ਵਾਲੇ ਇੱਕੋ ਗੱਲ ਬਾਰ-ਬਾਰ ਕਹਿਣਗੇ ਕਿ ਉਸ ਦੀ ਤਾਂ ਲਿਖੀ ਹੀ ਇਸੇ ਤਰ੍ਹਾਂ ਸੀ, ਜਿੰਨੇ ਸੁਆਸਾਂ ਦੀ ਪੂੰਜੀ ਲਿਖੀ ਹੋਈ ਸੀ, ਉਸ ਤੋਂ ਇੱਕ ਵੀ ਵੱਧ ਜਾਂ ਘੱਟ ਲਿਆ ਹੀ ਨਹੀਂ ਜਾ ਸਕਦਾ। ਫਿਰ ਇਹ ਵੀ ਕਹਿਣਗੇ ਕਿ ਹਰ ਇੱਕ ਮਨੁੱਖ ਦੇ ਜਨਮ ਅਤੇ ਮੌਤ ਦਾ ਸਥਾਨ ਵੀ ਧੁਰੋਂ ਹੀ ਲਿਖਕੇ ਆਉਂਦਾ ਹੈ। ਜੇਕਰ ਕੋਈ ਕਿਸੇ ਬਿਮਾਰੀ ਦੇ ਇਲਾਜ ਲਈ ਹਸਪਤਾਲ ਜਾ ਕੇ ਇਲਾਜ ਕਰਵਾਉਣ ਕਾਰਣ ਬਚ ਜਾਏ ਤਾਂ ਕਹਿਣਗੇ ਵਧੀ ਹੋਈ ਸੀ, ਤਾਂ ਹੀ ਬਚ ਗਿਆ। ਜੇ ਹਸਪਤਾਲ ਜਾ ਕੇ ਵੀ ਨਾ ਬਚੇ ਤਾਂ ਝੱਟ ਕਹਿ ਦੇਣਗੇ ਜਿਸ-ਜਿਸ ਦਾ ਵੀ ਦੇਣਾ-ਲੈਣਾ ਸੀ, ਉਸ ਵਿੱਚ ਡਾਕਟਰਾਂ ਦਾ ਦੇਣਾ ਵੀ ਲਿਖਿਆ ਹੋਇਆ ਸੀ ਜੋ ਪੂਰਾ ਹੋ ਗਿਆ। ਮਸਲਾ ਕੀ ਕਿ ਹਰ ਗੱਲ ਪਹਿਲਾਂ ਹੀ ਲਿਖੀ ਹੋਈ ਨਾਲ ਜੋੜਕੇ ਭਾਵੇਂ ਆਪ ਤਾਂ ਸੁਰਖ਼ਰੂ ਹੋ ਜਾਂਦੇ ਹਨ, ਪਰ ਸਮਾਜ ਨੂੰ ਵਿਚਾਰਧਾਰਕ ਪੱਖੋਂ ਇੱਕੋ ਥਾਂ ਖੜ੍ਹੇ ਰਹਿਣ ਦਾ ਰੋਲ ਬਾਖੂਬੀ ਨਿਭਾਅ ਰਹੇ ਹਨ। ਵਿਗਿਆਨ ਦੀਆਂ ਦੇਣਾਂ ਨੂੰ ਮਾਣਦੇ ਹੋਏ ਵੀ ਉਸ ਦੀ ਵਿਰੋਧਤਾ ਕਰਨ ਲੱਗੇ ਇਹ ਰਤਾ ਭਰ ਵੀ ਦਿਮਾਗ ਨਹੀਂ ਵਰਤਦੇ। ਸੁਣੀਆਂ-ਸੁਣਾਈਆਂ ਗੱਲਾਂ ਕਰਕੇ ਇਸ ਤਰ੍ਹਾਂ ਇਹ ਜਚਾਉਣ ਦੀ ਕੋਸ਼ਿਸ਼ ਕਰਨਗੇ ਜਿਵੇਂ ਵਿਗਿਆਨ ਦੀਆਂ ਪ੍ਰਾਪਤੀਆਂ ਉਹਨਾਂ ਦੀ ਨਜ਼ਰ ਵਿੱਚ ਧੁਰੋਂ ਲਿਖੀ ਤਕਦੀਰ ਅੱਗੇ ਕੋਈ ਮਾਅਨਾ ਨਹੀਂ ਰੱਖਦੀਆਂ।

ਦੂਜੇ ਨੰਬਰ ਵਾਲੇ ਲੋਕਾਂ ਦੇ ਵਿਚਾਰ ਭਾਵੇਂ ਹਰ ਘਟਨਾ ਦੇ ਕਾਰਣਾਂ ਦੀ ਵਿਆਖਿਆ ਕਰਨ ਦੇ ਸਮਰੱਥ ਹੁੰਦੇ ਹਨ, ਪਰ ਸਮਾਜ ਵਿੱਚ ਧੁਰੋਂ ਲਿਖੀ ਤਕਦੀਰ ਨੂੰ ਮੰਨਣ ਵਾਲਿਆਂ ਦੀ ਬਹੁ-ਗਿਣਤੀ ਦੇ ਰੌਲੇ ਵਿੱਚ ਉਹਨਾਂ ਦੀ ਸਹੀ ਆਵਾਜ਼ ਵੀ ਦੱਬਕੇ ਰਹਿ ਜਾਂਦੀ ਹੈ ਜੋ ਕਿ ਸਮੁੱਚੇ ਸਮਾਜ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਧਰਮਾਂ ਦੀਆਂ ਵਲਗਣਾਂ ਵਿੱਚ ਫਸਿਆ ਮਨੁੱਖ, ਪੁਜਾਰੀ ਵਰਗ ਵੱਲੋਂ ਪ੍ਰਚਾਰੇ ਜਾ ਰਹੇ ਸਵਰਗਾਂ/ ਨਰਕਾਂ ਦੇ ਝੂਠੇ ਅਡੰਬਰਾਂ ਵਿੱਚ ਫਸਕੇ, ਉਹਨਾਂ ਦੀਆਂ ਪਰੀ ਕਹਾਣੀਆਂ ਵਿੱਚ ਅਜਿਹਾ ਉਲਝ ਗਿਆ ਹੈ ਕਿ ਆਪਣਾ ਸਾਰਾ ਜੀਵਨ ਬੇਕਾਰ ਹੀ ਗੁਆ ਕੇ, ਰਾਮ ਨਾਮ ਸੱਤ ਹੈ, ਵਿੱਚ ਲੀਨ ਹੋ ਜਾਂਦਾ ਹੈ।

ਧੁਰੋਂ ਲਿਖੀ ਨੂੰ ਮੰਨਣ ਵਾਲੇ ਹਰ ਧਰਮ ਦੇ ਪੈਰੋਕਾਰਾਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਉਹ ਸਭ, ਮਰਨ ਉਪਰੰਤ ਸਵਰਗ ਵਿੱਚ ਵਾਸਾ ਕਰਨ ਦੇ ਇੱਛੁਕ ਜਰੂਰ ਬਣੇ ਹੋਏ ਹਨ। ਮਰਨ ਵਾਲੇ ਦੀ ਅੰਤਿਮ ਰਸਮ ਸਮੇਂ ਪੂਜਾ-ਪਾਠ ਕਰਨ ਵੇਲੇ ਬਿਸਤਰਾ, ਕੱਪੜੇ, ਜੁੱਤੀ ਆਦਿ ਇਹ ਸਮਝ ਕੇ ਦਾਨ ਕੀਤੇ ਜਾਂਦੇ ਹਨ ਕਿ ਇਹ ਸਭ ਵਸਤਾਂ ਮਰਨ ਵਾਲੇ ਨੂੰ ਸਵਰਗ ਵਿੱਚ ਪ੍ਰਾਪਤ ਹੋ ਜਾਣੀਆਂ ਹਨ। ਹਰ ਧਰਮ ਦਾ ਪੁਜਾਰੀ ਵਰਗ ਇਨ੍ਹਾਂ ਰਸਮਾਂ ਨੂੰ ਬਰਕਰਾਰ ਰੱਖਣ ਲਈ ਬਹੁਤ ਤਰ੍ਹਾਂ ਦੀਆਂ ਝੂਠੀਆਂ ਮਨ-ਘੜਤ ਕਹਾਣੀਆਂ ਲੋਕਾਂ ਨੂੰ ਸੁਣਾ ਕੇ ਇਹ ਜਚਾਉਂਦਾ ਹੈ ਕਿ ਵਾਕਿਆ ਹੀ ਇਹ ਸਾਰਾ ਦਾਨ ਕੀਤਾ ਸਾਮਾਨ ਮਰਨ ਵਾਲੇ ਨੂੰ ਪਹੁੰਚ ਜਾਂਦਾ ਹੈ। ਪਰ ਇਸ ਗੱਲ ਦਾ ਅੱਜ ਤੱਕ ਕੋਈ ਸਬੂਤ, ਕੋਈ ਵੀ ਧਰਮ ਨਹੀਂ ਦੇ ਸਕਿਆ, ਜੋ ਇਹ ਸਿੱਧ ਕਰਦਾ ਹੋਵੇ ਕਿ ਵਾਕਿਆ ਹੀ ਦਾਨ ਕੀਤਾ ਸਭ ਕੁੱਝ ਮਰਨ ਵਾਲੇ ਤੱਕ ਪਹੁੰਚ ਗਿਆ ਹੈ। ਲੋਕ ਬਿਨ੍ਹਾਂ ਕਿਸੇ ਆਧਾਰ ਤੋਂ ਇਹ ਰਸਮਾਂ ਇੱਕ-ਦੂਜੇ ਦੇ ਪਿੱਛੇ ਲੱਗ, ਵੇਖੋ-ਵੇਖੀ ਕਰੀ ਜਾ ਰਹੇ ਹਨ, ਜੋ ਕਿ ਆਪਣੇ ਆਪ ਨੂੰ ਬੜੇ ਸੱਭਿਅਕ ਹੋਣ ਦਾ ਭਰਮ ਪਾਲਣ ਤੋਂ ਬਿਨ੍ਹਾਂ ਕੁੱਝ ਵੀ ਨਹੀਂ। ਇਹਨਾਂ ਹੀ ਪੁਜਾਰੀਆਂ ਵੱਲੋਂ ਇਹ ਵੀ ਬੜੇ ਜ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਜ਼ਿੰਦਗੀ ਇੱਕ ਮਾਇਆ ਹੈ, ਝੂਠ ਹੈ ਅਤੇ ਮਰਨਾ ਸੱਚ ਹੈ। ਜਿਹੜਾ ਵੀ ਇਸ ਗੱਲ ਨੂੰ ਮੰਨਦਾ ਹੈ ਅਤੇ ਇਸ ਦਾ ਪ੍ਰਚਾਰ ਕਰਦਾ ਹੈ, ਉਸ ਮਨੁੱਖ ਨੂੰ ਸਮਾਜ ਵਿੱਚ

ਇੱਕ ਚੰਗਾ ਧਾਰਮਿਕ ਮਨੁੱਖ ਮੰਨਿਆ ਜਾਂਦਾ ਹੈ। ਪਰ ਇਹ ਵੀ ਇੱਕ ਮਿੱਥ ਹੈ, ਜੋ ਮਨੁੱਖ ਨੂੰ ਨਿਮਾਣਾ ਤੇ ਨਿਗੂਣਾ ਬਣਾਉਂਦੀ ਹੈ ਜਿਸ ਨੂੰ ਪ੍ਰਚਾਰਿਆ ਵੀ ਇਸੇ ਮੰਤਵ ਨਾਲ ਜਾਂਦਾ ਹੈ, ਜਦੋਂਕਿ ਜ਼ਿੰਦਗੀ ਵੀ ਮੌਤ ਵਾਂਗ ਇੱਕ ਅਟੱਲ ਸੱਚਾਈ ਹੈ। ਪਰ ਜ਼ਿੰਦਗੀ ਨੂੰ ਹਮੇਸ਼ਾ ਇੱਕ ਪਾਣੀ ਦਾ ਬੁਲਬੁਲਾ ਕਹਿ ਕੇ ਨੀਵਾਂ ਅਤੇ ਮੌਤ ਨੂੰ ਉੱਚੀ ਤੇ ਸੱਚੀ ਕਹਿ ਕੇ ਵਡਿਆਇਆ ਜਾਂਦਾ ਹੈ।

ਧੁਰੋਂ ਲਿਖੀ ਤਕਦੀਰ ਨੂੰ ਮਨ ਘੜਤ ਕਹਾਣੀਆਂ ਬਣਾ ਕੇ ਸੱਚ ਸਾਬਤ ਕਰਨ ਦੇ ਦਾਅਵੇਦਾਰ ਕਈ 'ਮਹਾਰਾਜ' ਅਖਵਾਉਣ ਵਾਲੇ ਆਪਣੇ 'ਕਾਰਨਾਮਿਆਂ' ਦੀ ਬਦੌਲਤ ਜੇਲ੍ਹਾਂ ਦੀ ਹਵਾ ਖਾ ਰਹੇ ਹਨ। ਜੇਕਰ ਮਨੁੱਖ ਦੀ ਤਕਦੀਰ ਧੁਰੋਂ ਪਹਿਲਾਂ ਹੀ ਲਿਖੀ ਹੁੰਦੀ ਹੈ ਤਾਂ ਇਹ ਜੇਲ੍ਹਾਂ 'ਚੋਂ ਬਾਹਰ ਆਣ ਲਈ ਬਾਰ-ਬਾਰ ਜਮਾਨਤਾਂ ਦੀਆਂ ਦਰਖਾਸਤਾਂ ਅਦਾਲਤ ਵਿੱਚ ਕਿਉਂ ਲਗਾ ਰਹੇ ਹਨ? ਖ਼ੁਦ ਆਪ ਧੁਰੋਂ ਲਿਖੀ 'ਤੇ ਵਿਸ਼ਵਾਸ ਕਿਉਂ ਨਹੀਂ ਕਰਦੇ? ਭਾਣਾ ਮੰਨਕੇ ਅੰਦਰ ਬੈਠਣ, ਜੇਕਰ ਅੰਦਰ ਰਹਿਣਾ ਲਿਖਿਆ ਹੈ ਤਾਂ ਫਿਰ ਬਾਹਰ ਆਉਣ ਲਈ ਕਾਹਦੇ ਲਈ ਬਾਰ-ਬਾਰ ਯਤਨ ਕਰ ਰਹੇ ਹਨ?

ਆਮ ਮਨੁੱਖ ਅਜਿਹੇ 'ਮਹਾਰਾਜਾਂ' ਦੇ ਡੇਰਿਆਂ ਵਿੱਚ ਚੜ੍ਹਾਵੇ ਚੜ੍ਹਾ ਕੇ ਮੰਨਤਾਂ ਮੰਨਕੇ ਆਪਣੀ ਜ਼ਿੰਦਗੀ ਦੇ ਹਰ ਕੰਮ ਵਿੱਚ ਸਫ਼ਲ ਹੋਣਾ ਚਾਹੁੰਦਾ ਹੈ। ਪਰ ਉਹ ਇਹ ਨਹੀਂ ਸੋਚ ਰਿਹਾ ਕਿ ਜਿਹੜਾ ਮਹਾਰਾਜ ਆਪਣੇ ਆਪ ਨੂੰ ਜੇਲ੍ਹ 'ਚੋਂ ਨਹੀਂ ਕੱਢ ਸਕਦਾ, ਉਹ ਤੇਰਾ ਪਾਰ ਉਤਾਰਾ ਕਿਵੇਂ ਕਰ ਦਿਊ? ਕਈ ਵੱਡੇ-ਵੱਡੇ ਸਿਆਸਤਦਾਨਾਂ ਦੀ ਇਹਨਾਂ ਦੇ ਡੇਰਿਆਂ ਵਿੱਚ ਆਉਣੀ-ਜਾਣੀ ਦਾ ਵੀ ਆਮ ਲੋਕ, ਖਾਸ ਕਰਕੇ ਇਹਨਾਂ ਡੇਰਿਆਂ ਦੇ ਸ਼ਰਧਾਲੂ ਇਹ ਵੇਖ ਕੇ ਬੜੇ ਪ੍ਰਭਾਵਿਤ ਹੁੰਦੇ ਹਨ। ਉਹ ਸਮਝ ਬੈਠਦੇ ਹਨ ਕਿ ਇਹ ਸਿਆਸਤਦਾਨ ਆਪਣੀ ਧੁਰੋਂ ਲਿਖੀ ਵਿੱਚ 'ਰੇਖ 'ਚ ਮੇਖ' ਮਰਵਾਉਣ ਆਉਂਦੇ ਹਨ। ਪਰ ਉਹ ਵਿਚਾਰੇ ਕੀ ਜਾਨਣ ਕਿ ਇਹਨਾਂ ਡੇਰੇਦਾਰਾਂ ਤੇ ਸਿਆਸਤਦਾਨਾਂ ਦੀ ਮਿਲੀ ਭੁਗਤ ਨੇ ਹੀ ਤੁਹਾਨੂੰ ਮੂਰਖ ਬਣਾ ਕੇ ਧੁਰੋਂ ਲਿਖੀ ਮੰਨਕੇ ਸਬਰ-ਸੰਤੋਖ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਨ ਵਿੱਚ ਲਗਾ ਕੇ ਪਰਚਾ ਰੱਖਿਆ ਹੋਇਆ ਹੈ। ਪਰ ਆਪ ਤੁਹਾਡੀ ਹੀ ਕਿਰਤ-ਕਮਾਈ ਉੱਪਰ ਐਸ਼ ਕਰ ਰਹੇ ਹਨ ਜਿਸ ਦੀ ਤੁਹਾਨੂੰ ਕੰਨੋ-ਕੰਨੀ ਖ਼ਬਰ ਵੀ ਨਹੀਂ ਲਗਦੀ। ਜਿਹੜੇ ਲੋਕ ਇਹ ਖ਼ਬਰ ਤੁਹਾਨੂੰ ਦੇਣਾ ਚਾਹੁੰਦੇ ਹਨ, ਉਹਨਾਂ ਨੂੰ ਇਹੋ ਸਿਆਸਤਦਾਨ ਅਤੇ ਡੇਰੇਦਾਰ ਦੇਸ਼-ਵਿਰੋਧੀ ਕਹਿ ਕੇ ਆਪਣੀ ਸਾਂਝ ਭਿਆਲੀ ਬਾਖੂਬੀ ਨਿਭਾਉਂਦੇ ਹਨ। ਸੋ ਜਦੋਂ ਤੱਕ ਮਨੁੱਖ ਧੁਰੋਂ ਲਿਖੀ ਤਕਦੀਰ ਦੀ ਮਿੱਥ ਵਿੱਚੋਂ ਬਾਹਰ ਆ ਕੇ, ਇਸ ਦੇ ਉਪਦੇਸ਼ ਦੇਣ ਵਾਲਿਆਂ ਦੇ ਅਸਲ ਮਨਸੂਬਿਆਂ ਬਾਰੇ ਨਹੀਂ ਜਾਣੇਗਾ, ਉਦੋਂ ਤੱਕ ਆਪਣੀਆਂ ਅਸਫਲਤਾਵਾਂ ਨੂੰ ਸਫਲਤਾਵਾਂ ਵਿੱਚ ਤਬਦੀਲ ਕਰਨ ਵੱਲ ਅੱਗੇ ਨਹੀਂ ਵਧ ਸਕੇਗਾ।

98151-69825

ਪੰਨਾ 2 ਦਾ ਬਾਕੀ...

ਸਰੀਰ ਨੂੰ ਨੁਕਸਾਨ ਨਾ ਪਹੁੰਚੇ ਇਹ ਯਕੀਨੀ ਬਣਾ ਕੇ ਇਲਾਜ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਰਾਜਨੀਤਕ ਨੇਤਾਵਾਂ ਜਾਂ ਕੁੱਝ ਹੋਰ ਲੋਕਾਂ ਦੁਆਰਾ ਅਜਿਹੇ ਊਲ-ਜਲੂਲ ਵਿਚਾਰਾਂ ਦੇ ਪ੍ਰਚਾਰ ਨਾਲ ਆਮ ਅਨਪੜ੍ਹ ਲੋਕਾਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਉਹ ਇਨ੍ਹਾਂ ਨੂੰ ਸੱਚਾਈ ਮੰਨ ਲੈਂਦੇ ਹਨ। ਇਹ ਨਾ ਸਿਰਫ਼ ਖਤਰਨਾਕ ਹੈ, ਬਲਕਿ ਇੱਕ ਅਪਰਾਧਿਕ ਕੰਮ ਵੀ ਹੈ, ਜਿਸ ਲਈ ਸਜ਼ਾ ਤੈਅ ਹੋਣੀ ਚਾਹੀਦੀ ਹੈ। ਇਹ ਦੁੱਖ ਦੀ ਗੱਲ ਹੈ ਕਿ ਸਰਕਾਰੀ ਤੰਤਰ ਸਿਹਤ ਬਾਰੇ ਬਹੁਤ ਸਾਰੇ ਤਰਕਹੀਣ ਵਿਚਾਰਾਂ ਪ੍ਰਤੀ ਨਾ-ਸਿਰਫ਼ ਉਦਾਸੀਨ ਹੈ, ਬਲਕਿ ਉਨ੍ਹਾਂ ਨੂੰ ਬੜੀ ਚਲਾਕੀ ਨਾਲ ਅੱਗੇ ਵਧਾ ਰਿਹਾ ਹੈ ਤਾਂ ਜੋ ਸਮਾਜ ਨੂੰ ਰੂੜੀਵਾਦ ਵਿੱਚ ਹੀ ਰੱਖਿਆ ਜਾਏ।

ਇਹ ਬੜੇ ਅਫਸੋਸ ਦੀ ਗੱਲ ਹੈ ਕਿ ਅਜੋਕੇ ਸਮੇਂ ਵਿੱਚ ਅਜਿਹੇ ਬਿਆਨ ਸਾਹਮਣੇ ਆ ਰਹੇ ਹਨ, ਜਦੋਂ ਕਿ ਵਿਗਿਆਨ ਨੇ ਪ੍ਰਮਾਣ ਦੇ ਆਧਾਰ 'ਤੇ ਕਿੰਨਾ ਵਿਕਾਸ ਕੀਤਾ ਹੈ। ਅਤਿ ਦੁਖਦਾਈ ਸਥਿਤੀ ਇਹ ਵੀ ਹੈ ਕਿ ਇਸ ਤਰ੍ਹਾਂ ਦੇ ਬੇਤੁਕੇ ਬਿਆਨਾਂ ਦਾ ਵਿਰੋਧ ਓਨਾ ਨਹੀਂ ਹੋ ਰਿਹਾ, ਜਿੰਨਾ ਹੋਣਾ ਚਾਹੀਦਾ ਹੈ। ਵਿਗਿਆਨਕ ਜਾਂ ਮੈਡੀਕਲ ਸੰਸਥਾਵਾਂ ਇਨ੍ਹਾਂ ਅਸਪੱਸ਼ਟ ਅਤੇ ਤਰਕਹੀਣ ਗੈਰ-ਵਿਗਿਆਨਕ ਵਿਚਾਰਾਂ ਦੇ ਵਿਰੁੱਧ ਦਲੇਰੀ ਨਾਲ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਹੀਆਂ। ਜਾਂ ਤਾਂ ਉਹ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹਨ ਜਾਂ ਫਿਰ ਉਹ ਖੁੱਲ੍ਹ ਕੇ ਸਾਹਮਣੇ ਆਉਣ ਤੋਂ ਡਰਦੇ ਹਨ, ਇਹ ਉਹੀ ਜਾਣਦੇ ਹਨ।


94170-00360

1277 ਈਸਵੀ ਵਿੱਚ ਪੈਰਿਸ ਦੇ ਬਿਸ਼ੌਪ ਟੈਮਪਰ ਨੇ 19ਵੇਂ ਪੋਪ ਜੌਹਨ ਦੀ ਆਗਿਆ ਦਾ ਪਾਲਣ ਕਰਦੇ ਹੋਏ 219 ਅਧਰਮੀ ਗੱਲਾਂ ਦਾ ਇੱਕ ਫਤਵਾ ਕੱਢਿਆ ਸੀ ਜਿਹਨਾਂ ਨੂੰ ਹਰ ਹਾਲਤ ਵਿੱਚ ਚਰਚ ਵੱਲੋਂ ਲੋਕਾਂ ਨੂੰ ਤਿਆਗਣ ਲਈ ਕਿਹਾ ਗਿਆ ਸੀ। ਇਸ ਵਿੱਚ ਇਹ ਗੱਲ ਵੀ ਸ਼ਾਮਲ ਸੀ ਕਿ ਕੁਦਰਤ ਨਿਯਮਾਂ ਦਾ ਪਾਲਣ ਕਰਦੀ ਹੈ। ਕਿਉਂਕਿ ਇਹ ਗੱਲ ਰੱਬ ਦੇ ਸਰਵ ਸ਼ਕਤੀਮਾਨ ਹੋਣ ਉੱਤੇ ਸਵਾਲ ਖੜ੍ਹਾ ਕਰਦੀ ਸੀ। ਦਿਲਚਸਪ ਗੱਲ ਇਹ ਹੈ ਕਿ ਪੋਪ ਜੌਹਨ ਛੱਤ ਉੱਪਰੋਂ ਡਿੱਗਣ ਨਾਲ ਗੁਰੂਤਵਤਾ ਦੇ ਨਿਯਮ ਕਰਕੇ ਮਾਰਿਆ ਗਿਆ।

- ਸਟੀਫ਼ਨ ਹਾਕਿੰਗ (ਗ੍ਰੈਂਡ ਡਿਜ਼ਾਇਨ)

ਵਿਦਿਆਰਥੀਆਂ ਲਈ ਵਿਸ਼ੇਸ਼

ਆਓ ਵਿਗਿਆਨਕ ਕਾਰਣ ਜਾਣੀਏ



ਰਣਧੀਰ ਗਿੱਲਪੱਤੀ

ਵਿਦਿਆਰਥੀ ਦੋਸਤੋ, ਸਾਡੇ ਆਲ਼ੇ ਦੁਆਲੇ ਵਾਪਰਦੇ ਵਰਤਾਰਿਆਂ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਣਾਂ ਨੂੰ ਬੁੱਝਣ, ਸਮਝਣ, ਜਾਣਨ ਦੀ ਲੜੀ ਅਧੀਨ ਪਿਛਲੇ ਅੰਕ ਵਿੱਚ ਅਸੀਂ ਪ੍ਰਿਥਵੀ ਦੀ ਗੁਰੂਤਾ ਖਿੱਚ ਕਾਰਣ ਬਣਦੇ ਗੁਰੂਤਵ ਲੰਬ ਅਤੇ ਵਸਤਾਂ ਦੇ ਆਧਾਰ ਦੇ ਅੰਦਰ ਜਾਂ ਬਾਹਰ ਪੈਂਦੇ ਗੁਰੂਤਾ ਕੇਂਦਰ ਬਾਰੇ ਵਿਗਿਆਨਕ ਜਾਣਕਾਰੀ ਹਾਸਿਲ ਕੀਤੀ ਸੀ। ਆਓ ਇਸ ਅੰਕ ਰਾਹੀਂ ਆਪਾਂ ਕੁੱਝ ਹੋਰ ਵੱਖਰੀ ਕਿਸਮ ਦੀਆਂ ਕ੍ਰਿਆਵਾਂ/ਵਰਤਾਰਿਆਂ ਵਿੱਚ ਲਾਗੂ ਹੁੰਦੇ ਵਿਗਿਆਨਕ ਨਿਯਮਾਂ ਨੂੰ ਸਮਝਣ ਦਾ ਯਤਨ ਕਰੀਏ ਹੋਰ ਵੀ ਚੰਗਾ ਹੋਵੇ ਜੇ ਤੁਸੀਂ ਖ਼ੁਦ ਵੀ ਵੱਖ-ਵੱਖ ਸਾਧਾਰਣ ਤਜਰਬਿਆਂ ਰਾਹੀਂ ਵਿਗਿਆਨ ਦੇ ਇਹਨਾਂ ਨਿਯਮਾਂ ਦੀ ਪੁਸ਼ਟੀ ਕਰਦੇ ਰਹੋ ਅਤੇ ਆਪਣੇ ਗਿਆਨ ਦੇ ਭੰਡਾਰ ਨੂੰ ਹੋਰ ਅਮੀਰ ਬਣਾਉਂਦੇ ਰਹੋ।

****ਪਾਣੀ ਦਾ ਤੁਪਕਾ ਗੋਲ਼ ਸ਼ਕਲ ਧਾਰਨ ਕਰਦਾ ਹੈ, ਕਿਉਂ ?**

ਸਵੇਰ ਵੇਲ਼ੇ ਸੈਰ ਕਰਦੇ ਸਮੇਂ ਤੁਸੀ ਘਾਹ ਉੱਪਰ ਪਏ ਤਰੇਲ ਦੇ ਸੁੰਦਰ ਮੋਤੀਆਂ ਵਰਗੇ ਤੁਪਕੇ ਦੇਖੋ। ਇਹ ਗੋਲ ਮਣਕਿਆਂ ਦੀ ਸ਼ਕਲ ਵਿੱਚ ਘਾਹ ਦੇ ਪੱਤਿਆਂ 'ਤੇ ਟਿਕੇ ਹੋਏ ਮਿਲਣਗੇ। ਕਿਸੇ ਸਾਫ ਪਲੇਟ ਜਾਂ ਮੇਜ਼ ਉੱਪਰ ਪਏ ਪਾਣੀ ਦੇ ਕਤਰੇ ਵੀ ਗੋਲ਼ ਆਕਾਰ ਵਿੱਚ ਇਸ ਤਰ੍ਹਾਂ ਪਏ ਦਿਸਦੇ ਹਨ ਜਿਵੇਂ ਕੋਈ ਕੜਾਕੇ ਦੀ ਠੰਢ ਤੋਂ ਬਚਣ ਲਈ ਸੁੰਗੜ ਕੇ ਬੈਠਾ ਹੋਵੇ। ਇਹ ਦੇਖਕੇ ਤੁਹਾਡੇ ਦਿਮਾਗ ਵਿੱਚ ਇਹ ਪ੍ਰਸ਼ਨ ਉਠਣਾ ਸੁਭਾਵਿਕ ਹੈ ਕਿ ਉਚਾਈ ਤੋਂ ਨਿਵਾਣ ਵੱਲ ਵਹਿਣ ਦੇ ਤਰਲਾਂ ਦੇ ਵਿਆਪਕ ਗੁਣ ਦੇ ਉਲਟ, ਪਾਣੀ ਦੇ ਇਹਨਾਂ ਗੋਲ਼ "ਮੋਤੀਆਂ" ਦੇ ਅਣੂੰ ਨਿਵਾਣ ਵੱਲ ਵਹਿਣ ਦੀ ਥਾਂ ਗੋਲਾਈ ਵਿੱਚ ਕਿਉਂ ਜੁੜੇ ਰਹਿੰਦੇ ਹਨ ?

ਆਓ ਇਸ ਵਰਤਾਰੇ ਦੇ ਕਾਰਣਾਂ ਨੂੰ ਫਰੋਲੀਏ। ਅਸਲ ਵਿੱਚ ਪਾਣੀ ਦਾ ਇਹ ਗੁਣ ਹੈ ਕਿ ਇਸਦੀ ਸਤਹ ਉੱਪਰ ਹਮੇਸ਼ਾ ਇੱਕ ਤਣਾਉ ਬਲ ਬਣਿਆਂ ਰਹਿੰਦਾ ਹੈ। ਇਸ ਬਲ ਸਦਕਾ ਪਾਣੀ ਦੀ ਸਤਹ ਇਸ ਤਰ੍ਹਾਂ ਦਾ ਵਿਵਹਾਰ ਕਰਦੀ ਹੈ ਜਿਵੇਂ ਇਹ ਕਿਸੇ ਅਦਿੱਖ ਮਹੀਨ ਰਬੜ ਦੇ ਕਵਰ ਨਾਲ਼ ਕਸ ਕੇ ਢਕੀ ਹੋਈ ਹੋਵੇ। ਜ਼ਿਆਦਾ ਮਾਤਰਾ ਵਿੱਚ ਇੱਕਠੇ ਹੋਏ ਪਾਣੀ ਦੇ ਨਿਵਾਣ ਵੱਲ ਵਹਿਣ ਦੇ ਜੋਰਦਾਰ ਬਲ ਦੇ ਮੁਕਾਬਲੇ ਸਤਹ ਦਾ ਤਣਾਉ ਬਲ ਬੇਹੱਦ ਕਮਜ਼ੋਰ ਹੁੰਦਾ ਹੈ। ਇਸ ਲਈ ਜ਼ਿਆਦਾ ਮਾਤਰਾ ਵਿੱਚ ਇੱਕਠਾ ਹੋਇਆ ਪਾਣੀ ਤਣਾਉ ਬਲ ਦੀ ਬੰਦਸ਼ ਤੋੜ ਕੇ ਨੀਵੇਂ ਪਾਸੇ ਵਹਿ ਤੁਰਦਾ ਹੈ। ਪਰ ਪਾਣੀ ਦਾ ਇਹ ਵੀ ਗੁਣ ਹੈ ਕਿ ਇਸਦੇ ਅਣੂੰ ਸਤਹ ਦੇ ਤਣਾਉ ਬਲ ਕਾਰਣ ਘੱਟ ਤੋਂ ਘੱਟ ਸੰਭਵ ਘਣਤਾ ਤੱਕ ਜੁੜੇ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਘੱਟ ਤੋਂ ਘੱਟ ਘਣਤਾ ਦਾ ਆਕਾਰ ਗੋਲ਼ ਹੀ ਹੋ ਸਕਦਾ ਹੈ। ਇਸ ਲਈ ਜਦੋਂ ਪਾਣੀ ਬਹੁਤ ਥੋੜ੍ਹੀ ਮਾਤਰਾ ਵਿੱਚ ਕਿਸੇ ਸਾਫ਼ ਧਰਾਤਲ 'ਤੇ ਪੈਂਦਾ ਹੈ ਤਾਂ ਇਸਦੇ ਅਣੂੰ ਗੋਲ ਸ਼ਕਲ ਵਿੱਚ ਜੁੜੇ ਰਹਿੰਦੇ ਹਨ। ਘਾਹ ਉੱਪਰ ਪਏ ਤਰੇਲ ਦੇ ਤੁਪਕੇ ਵੀ ਇਸੇ ਨਿਯਮ ਅਧੀਨ ਗੋਲ਼ ਸ਼ਕਲ ਵਿੱਚ ਪਏ ਹੁੰਦੇ ਹਨ। ਸਤਹ ਦੇ ਤਣਾਉ ਬਲ ਤੋਂ ਵੱਧ ਮਾਤਰਾ ਵਿੱਚ ਲਗਾਇਆ ਗਿਆ ਬਾਹਰੀ ਬਲ ਹੀ ਇਹਨਾਂ ਅਣੂੰਆਂ ਨੂੰ ਵਹਿਣ ਲਈ ਮਜਬੂਰ ਕਰਦਾ ਹੈ। ਇਸ ਵਰਤਾਰੇ ਨੂੰ ਸਮਝਣ ਲਈ ਪਾਣੀ ਦੀ ਕਿਸੇ ਟੂਟੀ ਜਾਂ ਨਲ਼ਕੇ ਵਿੱਚੋਂ ਡਿੱਗ ਰਹੇ ਪਾਣੀ ਦੇ ਤੁਪਕੇ ਦੇਖੋ। ਟੂਟੀ ਜਾਂ ਨਲ਼ਕੇ ਦੇ ਹੇਠਾਂ ਪਾਣੀ ਦੀ ਬੂੰਦ ਗੋਲ਼ ਸ਼ਕਲ ਦੇ ਤੁਪਕੇ ਦੇ ਰੂਪ ਵਿੱਚ ਉਨਾ ਚਿਰ ਲਟਕਦੀ ਰਹਿੰਦੀ ਹੈ ਜਿੰਨੀ ਦੇਰ ਪਿਛੇ ਤੋਂ ਹੋਰ ਬੂੰਦ ਆ ਕੇ ਉਸਦੀ ਸਤਹ ਦੇ ਤਣਾਉ ਬਲ ਨੂੰ ਤੋੜ ਦੇ ਉਸਨੂੰ ਹੇਠਾਂ ਵੱਲ ਵਹਿਣ ਲਈ ਮਜ਼ਬੂਰ ਨਹੀਂ ਕਰਦੀ।

ਇਸ ਗੱਲੋਂ ਵੀ ਸੁਚੇਤ ਰਹੋ ਕਿ ਬਹੁਤ ਸਾਰੇ ਪਾਖੰਡੀ ਲੋਕਾਂ ਦੀ ਅਗਿਆਨਤਾ ਦਾ ਫਾਇਦਾ ਉਠਾ ਕੇ ਵਿਗਿਆਨ ਦੇ ਨਿਯਮਾਂ ਨੂੰ ਅੰਧਵਿਸ਼ਵਾਸ਼ ਫੈਲਾਉਣ ਤੇ ਆਪਣਾ ਲੁੱਟ ਦਾ ਧੰਦਾ ਚਮਕਾਉਣ ਲਈ ਵੀ ਵਰਤਦੇ ਹਨ। ਜਿਵੇ ਕਈ ਸਾਲ ਪਹਿਲਾਂ ਗਣੇਸ਼ ਦੀਆਂ ਬੇਜਾਨ ਮੂਰਤੀਆਂ ਦੇ ਦੁੱਧ ਪੀਣ ਦਾ ਪਾਖੰਡ ਸਾਹਮਣੇ ਆਇਆ ਸੀ। ਅਸਲ ਵਿੱਚ ਇਹ ਦੁੱਧ ਦੇ ਭਰੇ ਚਮਚੇ ਦੀ ਸਤਹ 'ਤੇ ਬਣੇ ਤਣਾਅ ਦੇ ਟੁੱਟ ਕੇ ਸਫੈਦ ਰੰਗ ਦੀ ਮੂਰਤੀ ਦੇ ਉਪਰੋਂ ਦੁੱਧ ਦੇ ਵਹਿ ਕੇ ਨਾਲ਼ੀਆਂ 'ਚ ਚਲੇ ਜਾਣ ਦਾ ਹੀ ਮਾਮਲਾ ਸੀ। ਸੈਂਕੜੇ ਥਾਵਾਂ 'ਤੇ ਤਰਕਸ਼ੀਲਾਂ ਨੇ ਇਸ ਪਾਖੰਡ ਦਾ ਪਰਦਾਫਾਸ਼ ਕੀਤਾ ਸੀ।

****ਸੋਡਾ ਵਾਟਰ, ਪੀਣ ਸਮੇਂ ਨਲਕੀ ਵਿੱਚ ਕਿਵੇਂ ਚੜ੍ਹਦਾ ਹੈ ?**

ਅਸੀਂ ਜਾਣਦੇ ਹਾਂ ਕਿ ਤਰਲਾਂ ਦਾ ਇਹ ਗੁਣ ਹੈ ਕਿ ਉਹ ਉਚਾਈ ਤੋਂ ਨਿਵਾਣ ਵੱਲ ਵਹਿੰਦੇ ਹਨ। ਪਰ ਬੋਤਲ ਵਿੱਚੋਂ ਨਲਕੀ ਰਾਹੀ ਸੋਡਾ ਵਾਟਰ ਪੀਣ ਸਮੇਂ ਅਸੀਂ ਤਰਲ ਨੂੰ ਉਚਾਈ (ਮੂੰਹ) ਵੱਲ ਚੜ੍ਹਦਾ ਦੇਖਦੇ ਹਾਂ। ਆਓ ਦੇਖੀਏ ਇਹ ਕਿਉਂ ਤੇ ਕਿਵੇਂ ਹੁੰਦਾ ਹੈ।

ਹਵਾ ਦਾ ਇਹ ਗੁਣ ਹੈ ਕਿ ਉਹ ਸਾਰੇ ਪਾਸਿਆਂ ਤੋਂ ਦਬਾਉ ਪਾਉਂਦੀ ਹੈ। ਘਰ ਵਿੱਚ ਪਿਆ ਖਾਲੀ ਡੱਬਾ ਹਵਾ ਵੱਲੋਂ ਚਾਰੇ ਪਾਸਿਆਂ ਤੋਂ ਦਬਾਇਆ ਜਾ ਰਿਹਾ ਹੈ। ਡੱਬੇ ਦੇ ਅੰਦਰਲੀ ਹਵਾ ਵੀ ਅਜਿਹਾ ਹੀ ਦਬਾਅ ਬਾਹਰ ਵੱਲ ਪਾਉਂਦੀ ਹੈ। ਜੇਕਰ ਡੱਬੇ ਅੰਦਰਲੀ ਹਵਾ ਖਾਰਜ ਕਰ ਦਿੱਤੀ ਜਾਵੇ ਤਾਂ ਹਵਾ ਦਾ ਬਾਹਰਲਾ ਦਬਾਅ ਡੱਬੇ ਨੂੰ ਪਿਚਕਾ ਦੇਵੇਗਾ। ਹਵਾ ਦਾ ਇਹੀ ਬਾਹਰੀ ਦਬਾਅ ਨਲ਼ਕੀ ਰਾਹੀਂ ਸੋਡਾ ਵਾਟਰ ਪੀਣ ਸਮੇਂ ਕੰਮ ਕਰ ਰਿਹਾ ਹੁੰਦਾ ਹੈ। ਜਦੋਂ ਹੀ ਅਸੀਂ ਬੋਤਲ ਵਿੱਚ ਨਲ਼ਕੀ ਪਾ ਕੇ ਮੂੰਹ ਨਾਲ ਹਵਾ ਅੰਦਰ ਵੱਲ ਖਿਚਦੇ ਹਾਂ ਤਾਂ ਨਲ਼ਕੀ ਵਿਚਲੀ ਸਾਰੀ ਹਵਾ ਖਿੱਚੀ ਜਾਂਦੀ ਹੈ। ਇਸ ਤਰ੍ਹਾਂ ਨਲ਼ਕੀ ਵਿੱਚ ਪੈਦਾ ਹੋਏ ਖਲਾਅ ਨੂੰ ਪਿਚਕਾਉਣ ਲਈ ਹਵਾ ਦੇ ਜਿੰਨੇ ਬਲ ਦੀ ਲੋੜ ਹੁੰਦੀ ਹੈ ਉਸ ਨਾਲੋਂ ਘੱਟ ਬਲ ਨਾਲ ਹੀ ਸੋਡਾ ਵਾਟਰ ਨਲ਼ਕੀ ਵਿੱਚ ਧੱਕਿਆ ਜਾਂਦਾ ਹੈ ਜੋ ਨਲਕੀ ਵਿੱਚ ਬਣੇ ਖਲਾਅ ਨੂੰ ਪੂਰ ਦਿੰਦਾ ਹੈ ਤੇ ਤਰਲ ਸਾਡੇ ਮੂੰਹ ਵਿੱਚ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਤਰਲ ਉੱਪਰ ਪੈ ਰਿਹਾ ਦਬਾਅ ਲਗਾਤਾਰ ਉਸਨੂੰ ਨਲਕੀ ਵਿੱਚ ਧਕਦਾ ਰਹਿੰਦਾ ਹੈ ਤੇ ਨਲਕੀ ਦੇ ਪਿਚਕ ਜਾਣ ਦੀ ਸਥਿਤੀ ਹੀ ਪੈਦਾ ਨਹੀਂ ਹੁੰਦੀ। ਸਾਰਾ ਸੋਡਾ ਪੀਣ ਲਈ ਜ਼ਰੂਰੀ ਹੈ ਕਿ ਨਲਕੀ ਦਾ ਬੋਤਲ ਵਿਚਲਾ ਸਿਰਾ ਉਸਦੇ ਥੱਲੇ ਤੱਕ ਟਿਕਾਇਆ ਜਾਵੇ।

ਸਾਡੇ ਘਰਾਂ ਵਿੱਚ ਡੀਜ਼ਲ ਦੇ ਡਰੰਮ ਵਿੱਚੋਂ ਪਲਾਸਟਿਕ ਦੀ ਪਾਈਪ ਰਾਹੀਂ ਸਾਈਫਨ ਬਣਾ ਕੇ ਤੇਲ ਖਿੱਚ ਕੇ ਜੈਰੀਕੈਨ ਜਾਂ ਗੈਲਨ ਭਰਨ ਸਮੇਂ ਵੀ ਵਿਗਿਆਨ ਦਾ ਇਹੀ ਨਿਯਮ ਕੰਮ ਕਰ ਰਿਹਾ ਹੁੰਦਾ ਹੈ। ਜਦੋਂ ਮੂੰਹ ਨਾਲ਼ ਪਾਈਪ ਵਿੱਚੋਂ ਹਵਾ ਖਿੱਚੀ ਜਾਂਦੀ ਹੈ ਤਾਂ ਇਸ ਵਿੱਚ ਪੈਦਾ ਹੋਏ ਖ਼ਲਾਅ ਨੂੰ ਭਰਨ ਵਾਸਤੇ ਹਵਾ ਦਾ ਬਾਹਰੋਂ ਪੈ ਰਿਹਾ ਦਬਾਅ ਹਵਾ ਨੂੰ ਅੰਦਰ ਧੱਕਣ ਦੀ ਕੋਸ਼ਿਸ ਕਰਦਾ ਹੈ। ਪਰ ਹਵਾ ਦੇ ਅੰਦਰ ਜਾਣ ਦਾ ਰਸਤਾ ਤਾਂ ਪਹਿਲਾਂ ਹੀ ਤੇਲ ਵਿੱਚ ਡੁੱਬੇ ਸਿਰੇ ਨੇ ਰੋਕਿਆ ਹੁੰਦਾ ਹੈ। ਇਸ ਲਈ ਹਵਾ ਦਾ ਦਬਾਅ ਤੇਲ ਨੂੰ ਪਾਈਪ ਵਿੱਚ ਧੱਕ ਦਿੰਦਾ ਹੈ ਤੇ ਸਾਈਫਨ ਦੀ ਕ੍ਰਿਆ ਚਾਲੂ ਹੋ ਜਾਂਦੀ ਹੈ। ਸਾਈਫਨ ਲਈ ਇਹ ਜ਼ਰੂਰੀ ਹੈ ਕਿ ਪਾਈਪ ਦਾ ਡਰੰਮ ਵਾਲਾ ਸਿਰਾ ਤਲੇ ਵਿੱਚ ਡੁੱਬਿਆ ਹੋਵੇ ਤੇ ਦੂਜਾ ਸਿਰਾ ਉਸਤੋਂ ਵਧੇਰੇ ਲੰਮਾ ਹੋਵੇ ਅਤੇ ਨਾਲ਼ ਹੀ ਜੈਰੀਕੈਨ ਵੀ ਡਰੰਮ ਵਿਚਲੇ ਤੇਲ ਦੀ ਸਤਹ ਤੋਂ ਨੀਵਾਂ ਹੋਵੇ।

****ਲੈਂਪ ਦੀ ਬੱਤੀ ਵਿੱਚ ਤੇਲ ਉੱਪਰ ਲਾਟ ਤੱਕ ਕਿਵੇਂ ਪਹੁੰਚਦਾ ਹੈ ?** ਘਰਾਂ ਵਿੱਚ ਰੌਸ਼ਨੀ ਕਰਨ ਲਈ ਵਰਤੇ ਜਾਂਦੇ ਮਿੱਟੀ ਦੇ ਤੇਲ ਵਾਲ਼ੇ ਲੈਂਪ ਦੇ ਹੇਠਾਂ ਬਣੀ ਟੈਂਕੀ ਵਿੱਚੋਂ, ਸੂਤੀ ਧਾਗੇ ਦੀ ਬਣੀ ਬੱਤੀ ਰਾਹੀਂ ਤੇਲ ਲਗਾਤਾਰ ਉਪਰ ਲਾਟ ਤੱਕ ਪਹੁੰਚਦਾ ਰਹਿੰਦਾ ਹੈ ਤੇ ਲਾਟ ਬਲਦੀ ਰਹਿੰਦੀ ਹੈ। ਪਰ ਹੇਠੋਂ ਤੇਲ ਉੱਪਰ ਵੱਲ ਚੜ੍ਹਦਾ ਕਿਵੇਂ ਹੈ ? ਆਓ ਇਸ ਵਰਤਾਰੇ ਦੀ ਪੜਤਾਲ ਕਰੀਏ।

ਤਰਲਾਂ ਦਾ ਇਹ ਗੁਣ ਹੈ ਕਿ ਕਿ ਇਹ ਬੁਹਤ ਮਹੀਨ ਵਿਆਸ ਵਾਲ਼ੀਆ ਕੋਸ਼ਿਕਾਵਾਂ ਰੂਪੀ ਨਾਲੀਆਂ ਵਿੱਚ ਉੱਪਰ ਚੜ੍ਹ ਜਾਂਦਾ ਹੈ। ਕੋਸ਼ਿਕਾ ਦਾ ਵਿਆਸ ਜਿੰਨਾ ਤੰਗ ਹੋਵੇਗਾ ਇਹ ਕ੍ਰਿਆ ਉਨੀ ਹੀ ਜ਼ਿਆਦਾ ਹੋਵੇਗੀ। ਇਹ ਕ੍ਰਿਆ ਵੀ ਤਰਲਾਂ ਦੀ ਸਤਹ ਉਪਰ ਬਣਦੇ ਤਣਾਅ (ਸਰਫੇਸ ਟੈਂਸ਼ਨ) ਦੇ ਬਲ ਕਾਰਣ ਹੀ ਹੁੰਦੀ ਹੈ। ਵਿਗਿਆਨ ਦੀ ਭਾਸ਼ਾ ਵਿੱਚ ਇਸ ਨੂੰ ਤਰਲਾਂ ਦਾ ਕੈਪਿਲਰੀ ਗੁਣ ਆਖਦੇ ਹਨ। ਲੈਂਪ ਦੇ ਮਾਮਲੇ ਵਿੱਚ ਵੀ ਇਹੀ ਕੁੱਝ ਵਾਪਰਦਾ ਹੈ। ਸੂਤੀ ਧਾਗੇ ਦੀ ਬੱਤੀ ਦੀਆਂ ਮਹੀਨ ਕੋਸ਼ਿਕਾਵਾਂ ਵਿੱਚ ਕੈਪਿਲਰੀ ਕ੍ਰਿਆ ਅਨੁਸਾਰ ਤੇਲ ਉੱਪਰ ਚੜ੍ਹਦਾ ਰਹਿੰਦਾ ਹੈ ਤੇ ਬੱਤੀ ਦੇ ਬਰਨਰ ਵਾਲੇ ਸਿਰੇ 'ਤੇ ਬਲ਼ ਕੇ ਰੌਸ਼ਨੀ ਕਰਦਾ ਰਹਿੰਦਾ ਹੈ। ਤੇਲ ਦੇ ਬਲਣ ਨਾਲ਼ ਹੇਠੋ ਹੋਰ ਤੇਲ ਉਪਰ ਚੜ੍ਹਦਾ ਰਹਿੰਦਾ ਹੈ ਤੇ ਇਹ ਕ੍ਰਿਆ ਲਗਾਤਾਰ ਜਾਰੀ ਰਹਿੰਦੀ ਹੈ।

ਤਰਲਾਂ ਦੇ ਕੈਪਿਲਰੀ ਐਕਸ਼ਨ ਨੂੰ ਅਸੀਂ ਹੋਰ ਵਰਤਾਰਿਆਂ ਵਿੱਚ ਵੀ ਨੋਟ ਸਕਦੇ ਹਾਂ। ਸੇਮ ਵਾਲ਼ੇ ਇਲਾਕਿਆਂ ਵਿੱਚ ਘਰਾਂ ਦੀਆਂ ਕੰਧਾਂ 'ਤੇ ਚੜ੍ਹੀ ਸਲ੍ਹਾਬ ਨੂੰ ਗਹੁ ਨਾਲ ਦੇਖੋ। ਜ਼ਮੀਨ ਵਿੱਚਲੇ ਪਾਣੀ ਦਾ ਪੱਧਰ ਨੀਵਾਂ ਹੋਣ ਦੇ ਬਾਵਜੂਦ ਪਾਣੀ ਦੀ ਸਿਲ੍ਹ ਕੰਧਾਂ 'ਤੇ ਕਈ ਫੁੱਟ ਤੱਕ ਚੜ੍ਹੀ ਦਿਖਾਈ ਦਿੰਦੀ ਹੈ। ਇੱਥੇ ਵੀ ਪਾਣੀ ਨੇ ਕੰਧਾਂ ਵਿਚਲੇ ਬਾਰੀਕ ਮੁਸਾਮਾਂ ਤੇ ਕੋਸ਼ਿਕਾਵਾਂ ਦਾ ਰਸਤਾ ਅਖਤਿਆਰ ਕਰਕੇ ਉੱਪਰ ਤੱਕ ਪਹੁੰਚ ਬਣਾਈ ਹੁੰਦੀ ਹੈ। ਇਸ ਨਿਯਮ ਨੂੰ ਸਮਝਣ ਲਈ ਇੱਕ ਦੋ ਤਜਰਬੇ ਵੀ ਕੀਤੇ ਜਾ ਸਕਦੇ ਹਨ। ਇੱਕ ਚਪਟਾ ਬਰਤਨ ਲੈ ਕੇ ਉਸ ਵਿੱਚ ਦੋ ਕੁ ਇੰਚ ਤੱਕ ਪਾਣੀ ਭਰ ਲਵੋ। ਇਸ ਵਿੱਚ ਇੱਕ ਤਾਜ਼ੀ ਇੱਟ ਖੜ੍ਹਵੇਂ ਦਾਅ ਰੱਖ ਖੜ੍ਹੀ ਕਰ ਦਿਉ। ਬਰਤਨ ਵਿਚਲਾ ਪਾਣੀ, ਇੱਟ ਵਿੱਚ ਮੌਜੂਦ ਬਰੀਕ ਕੋਸ਼ਿਕਾਵਾਂ ਰਾਹੀਂ ਉਪਰ ਚੜ੍ਹ ਜਾਵੇਗਾ ਤੇ ਕੁੱਝ ਅਰਸੇ ਬਾਅਦ ਸਾਰੀ ਇੱਟ ਉੱਪਰ ਤੱਕ ਸਿਲ੍ਹੀ ਹੋ ਜਾਵੇਗੀ। ਪਾਣੀ ਦੀ ਕੌਲੀ ਵਿੱਚ ਖੜ੍ਹਵੇਂ ਦਾਅ ਰੱਖੇ ਚਾਕ ਨਾਲ ਵੀ ਇਹੋ ਕੁੱਝ ਵਾਪਰੇਗਾ। ਇਸੇ ਤਰ੍ਹਾਂ ਬਾਲਟੀ ਵਿਚਲੇ ਪਾਣੀ ਵਿੱਚ ਤੌਲੀਏ ਦਾ ਇੱਕ ਸਿਰਾ ਡੁਬੋ ਕੇ, ਬਾਲਟੀ ਦੇ ਕਿਨਾਰੇ ਕੋਲ਼ ਰੱਖਿਆ ਦੂਜਾ ਸਿਰਾ, ਇਹਨਾਂ ਕੋਸ਼ਿਕਾਵਾਂ ਦੇ ਜ਼ਰੀਏ ਉੱਪਰ ਪਹੁੰਚੇ ਪਾਣੀ ਨਾਲ ਗਿੱਲਾ ਹੋਇਆ ਮਹਿਸੂਸ ਕੀਤਾ ਜਾ ਸਕਦਾ ਹੈ। ਸਿਆਹੀ ਚੂਸ ਵੀ ਇਸੇ ਨਿਯਮ ਅਧੀਨ ਹੀ ਕੰਮ ਕਰਦਾ ਹੈ।

****ਉਬਲਦੇ ਪਾਣੀ ਨਾਲੋਂ ਭਾਫ ਜ਼ਿਆਦਾ ਜਲਣ ਪੈਦਾ ਕਰਦੀ ਹੈ, ਕਿਉ ?** ਸਮੁੰਦਰ ਦੀ ਸਤਹ 'ਤੇ ਸਾਫ਼ ਪਾਣੀ 100 ਦਰਜੇ

...ਬਾਕੀ ਪੰਨਾ 11 'ਤੇ

ਜਾਨਣ ਵਾਲੀਆਂ ਗੱਲਾਂ


ਦੇਵੀ ਪ੍ਰਸ਼ਾਦ ਚਟੋਪਾਧਿਆਏ (ਸੰਪਾਦਕ)



ਸੌਰ ਮੰਡਲ

ਸੂਰਜ

ਏਨਾ ਵੱਡਾ ਨਛੱਤਰ! ਇਸ ਦੇ ਅੰਦਰ ਠੋਸ ਕਹਿਣ ਨੂੰ ਕੁੱਝ ਵੀ ਨਹੀਂ। ਜੋ ਕੁੱਝ ਵੀ ਹੈ ਬਲਦੀ ਹੋਈ ਗੈਸ ਹੈ। ਗੈਸ ਦਾ ਇਹੀ ਗੋਲਾ ਸਾਡਾ ਸੂਰਜ ਹੈ।




ਸੌਰ ਮੰਡਲ। ਵਿਚਕਾਰ ਹੈ ਸੂਰਜ। ਜੋ ਸੂਰਜ ਦੇ ਸਭ ਤੋਂ ਨੇੜੇ ਹੈ, ਉਹ ਹੈ ਬੁੱਧ। ਉਸ ਤੋਂ ਬਾਅਦ ਸ਼ੁੱਕਰ, ਸ਼ੁੱਕਰ ਤੋਂ ਬਾਅਦ ਧਰਤੀ, ਧਰਤੀ ਤੋਂ ਬਾਅਦ ਮੰਗਲ। ਮੰਗਲ ਤੋਂ ਬਾਅਦ ਗ੍ਰਹਿਆਂ ਦਾ ਰਾਜਾ ਬ੍ਰਹਿਸਪਤੀ, ਉਸ ਤੋਂ ਬਾਅਦ ਸ਼ਨੀ, ਸ਼ਨੀ ਤੋਂ ਬਾਅਦ ਯੂਰੇਨਸ, ਉਸ ਤੋਂ ਬਾਅਦ ਨੈਪਚੂਨ ਅਤੇ ਸਭ ਤੋਂ ਅਖੀਰ ਵਿੱਚ ਪਲੂਟੋ।

ਤੇਜ ਦਾ ਭੰਡਾਰ ਹੈ ਸੂਰਜ। ਉਸਦਾ ਤੇਜ ਰੌਸ਼ਨੀ ਦੀ ਤਰੰਗ ਬਣਕੇ ਸਾਡੀਆਂ ਅੱਖਾਂ ਤੱਕ ਪਹੁੰਚਦਾ ਹੈ। ਉਸੇ ਰੌਸ਼ਨੀ ਨਾਲ ਅਸੀਂ ਧਰਤੀ ਨੂੰ ਪਛਾਣਦੇ ਹਾਂ, ਸੂਰਜ ਨੂੰ ਵੀ।

ਸੂਰਜ ਬਹੁਤ ਵੱਡਾ ਹੈ, ਬਹੁਤ-ਬਹੁਤ ਵੱਡਾ। ਪਰ ਆਖਿਰ ਕਿੰਨਾ ਵੱਡਾ? ਹਿਸਾਬ ਲਗਾ ਕੇ ਇਹ ਜਾਣਿਆ ਗਿਆ ਹੈ ਕਿ ਅਜਿਹੀਆਂ ਤੇਰ੍ਹਾਂ ਲੱਖ ਧਰਤੀਆਂ ਉਸਦੀ ਗੋਦ ਵਿੱਚ ਮਜ਼ੇ ਨਾਲ ਆ ਸਕਦੀਆਂ ਹਨ। ਫਿਰ ਕੀ ਗੱਲ ਹੈ ਕਿ ਸਾਨੂੰ ਉਹ ਛੋਟੀ ਜਿਹੀ ਥਾਲੀ ਤੋਂ ਵੱਡਾ ਨਹੀਂ ਵਿਖਾਈ ਦਿੰਦਾ? ਕਿਉਂਕਿ ਉਹ ਸਾਡੀ ਧਰਤੀ ਤੋਂ ਬਹੁਤ ਦੂਰ ਹੈ - ਬਹੁਤ ਦੂਰ, ਕੋਈ ਨੌਂ ਕਰੋੜ ਤੀਹ ਲੱਖ ਮੀਲ ਦੂਰ।


ਪਰ ਅੰਕੜਿਆਂ ਦਾ ਇਹ ਹਿਸਾਬ ਸਹਿਜ ਸਮਝ ਨਹੀਂ ਆਉਂਦਾ। ਇੱਕ ਲੱਖ ਮੀਲ ਦੀ ਦੂਰੀ ਕਿੰਨੀ ਹੋ ਸਕਦੀ ਹੈ, ਸਾਫ਼-ਸਾਫ਼ ਏਨਾ ਸਮਝਣਾ ਵੀ ਔਖਾ ਹੈ। ਸੋ ਇਸ ਨੂੰ ਵੱਖਰੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ।



50 ਸਾਲ ਪਹਿਲਾਂ ਕੋਈ ਮੇਲ ਗੱਡੀ ਕਿੰਨੀ ਤੇਜ਼ ਦੌੜ ਸਕਦੀ ਸੀ? ਪ੍ਰਤੀ ਮਿੰਟ ਇੱਕ ਮੀਲ। ਹੋੜ ਵਿੱਚ ਦੌੜਨ ਵਾਲੀ ਅੱਜ ਦੀ ਕੋਈ ਤੇਜ਼ ਮੋਟਰ? ਪ੍ਰਤੀ ਮਿੰਟ ਛੇ ਮੀਲ। ਹਵਾਈ ਜਹਾਜ਼? ਘੰਟੇ ਵਿੱਚ 600 ਮੀਲ। ਤੋਪ ਦਾ ਗੋਲਾ ਕਿੰਨੀ ਤੇਜੀ ਨਾਲ ਛੁਟਦਾ? ਤਿੰਨ ਸੈਕਿੰਡ ਵਿੱਚ ਇੱਕ ਮੀਲ ਅਤੇ ਰੌਸ਼ਨੀ? ਇੱਕ ਸੈਕਿੰਡ ਵਿੱਚ 1 ਲੱਖ 86 ਹਜ਼ਾਰ ਮੀਲ!

ਬੱਤੀ ਜਲਾਉਣ ਲੱਗਿਆ ਕਿ ਉਂਗਲੀ ਜਲ ਗਈ। ਜਲਦੇ ਹੀ ਮੈਂ ਜਾਣ ਗਿਆ ਕਿ ਉਂਗਲੀ ਜਲ ਗਈ। ਭਲਾ ਇਹ ਕਿਵੇਂ ਜਾਣਿਆ? ਜਾਣਕਾਰਾਂ ਦਾ ਕਹਿਣਾ ਹੈ ਕਿ ਸਾਡੇ ਸਰੀਰ ਵਿੱਚ ਬਾਰੀਕ ਸੂਤ ਵਰਗੀ ਮਹੀਨ-ਮਹੀਨ ਸਨਾਯੂ ਨਾਮ ਦੀ ਇੱਕ ਚੀਜ਼ ਹੁੰਦੀ ਹੈ। ਬਿਜਲੀ ਦੀਆਂ ਤਾਰਾਂ ਦੇ ਰਸਤੇ ਜਿਵੇਂ ਖ਼ਬਰ ਜਾਂਦੀ ਹੈ, ਉਵੇਂ ਹੀ ਉਂਗਲੀ ਦੀ ਨੋਕ ਤੋਂ ਇਸ ਸਨਾਯੂ ਦੇ ਜ਼ਰੀਏ ਜਲ ਜਾਣ ਦੀ ਖ਼ਬਰ ਦਿਮਾਗ ਤੱਕ ਪਹੁੰਚ ਗਈ। ਦਿਮਾਗ ਨੂੰ ਖ਼ਬਰ ਹੋਈ ਤਾਂ ਮੈਂ ਜਾਣ ਗਿਆ।

ਸਨਾਯੂ ਦੇ ਸਹਾਰੇ ਖ਼ਬਰ ਕਿਸ ਰਫ਼ਤਾਰ ਨਾਲ ਚਲਦੀ ਹੈ, ਇਸ ਦਾ ਵੀ ਹਿਸਾਬ ਹੈ - ਪ੍ਰਤੀ ਸੈਕਿੰਡ ਇੱਕ ਸੌ ਫ਼ੁੱਟ। ਮੰਨ ਲਓ ਕੋਈ ਐਡੇ ਆਕਾਰ ਦਾ ਜੀਵ ਹੋਵੇ ਕਿ ਉਸਦਾ ਹੱਥ ਵਧਾਉਣ 'ਤੇ ਧਰਤੀ ਤੋਂ ਸੂਰਜ ਤੱਕ ਪਹੁੰਚ ਸਕਦਾ ਹੈ। ਉਸਦਾ ਹੱਥ ਭਾਵੇਂ ਕਿੰਨਾ ਹੀ ਮਜ਼ਬੂਤ ਕਿਉਂ ਨਾ ਹੋਵੇ, ਸੂਰਜ ਨੂੰ ਛੂੰਹਦੇ ਹੀ ਜਲ ਜਾਵੇਗਾ। ਉਸਦੇ ਇਸ ਜਲਣ ਦੀ ਖ਼ਬਰ ਨੂੰ ਸਨਾਯੂ ਰਾਹੀਂ ਦਿਮਾਗ ਵਿੱਚ ਪਹੁੰਚਣ 'ਤੇ ਪੂਰੇ ਇੱਕ ਸੌ ਸੱਠ ਸਾਲ ਲੱਗਣਗੇ। ਪਰ ਇੰਨੀ ਦੇਰ ਤੱਕ ਉਹ ਜੀਵ ਜਿਉਂਦਾ ਵੀ ਰਹੇਗਾ? ਨਹੀਂ ਨਾ! ਸੋ ਉਸਦਾ ਹੱਥ ਜਲ ਕੇ ਭਾਵੇਂ ਰਾਖ ਹੋ ਵੇ, ਉਸ ਨੂੰ ਉਸਦੀ ਖ਼ਬਰ ਨਹੀਂ ਹੋਵੇਗੀ।



ਸੂਰਜ ਤੋਂ ਉਠਦੀ ਰਹਿਣ ਵਾਲੀ ਅੱਗ ਦੀ ਲਪਲਪਾਦੀ ਲਪਟ, ਜਿਵੇਂ ਕੋਈ ਸ਼ਰਾਰਤੀ ਬੱਚਾ ਹੋਵੇ। ਕਦੇ-ਕਦੇ ਇਹ ਲਪਟ ਆਸਮਾਨ ਵਿੱਚੋਂ ਤਿੰਨ-ਚਾਰ ਲੱਖ ਮੀਲ ਤੱਕ ਉੱਪਰ ਉੱਠ ਜਾਂਦੀ ਹੈ।

ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੂਰਜ ਸਾਡੀ ਧਰਤੀ ਤੋਂ ਕਿੰਨੀ ਦੂਰ ਹੈ। ਜਦ ਪ੍ਰਤੀ ਸੈਕਿੰਡ ਸੌ ਫੁੱਟ ਦੀ ਗਤੀ ਨਾਲ ਦੌੜਣ ਵਾਲੀ ਕਿਸੇ ਖ਼ਬਰ ਨੂੰ ਉੱਥੋਂ ਇੱਥੇ ਤੱਕ ਆਉਣ ਵਿੱਚ ਇੱਕ ਸੌ ਸੱਠ ਸਾਲ ਦਾ ਸਮਾਂ ਲੱਗ ਜਾਂਦਾ ਹੈ।

ਚੰਗਾ ਹੈ ਕਿ ਸੂਰਜ ਏਨੀ ਦੂਰ ਹੈ! ਗਰਮੀਆਂ ਵਿੱਚ ਜਦ ਤਾਪਮਾਨ ਸੌ ਡਿਗਰੀ ਤੋਂ ਕੁੱਝ ਜ਼ਿਆਦਾ ਵਧ ਜਾਂਦਾ ਹੈ ਤਾਂ ਭਾਰੀ ਹਾਏ-ਤੌਬਾ ਮੱਚ ਜਾਂਦੀ ਹੈ। ਪਤਾ ਨਹੀਂ ਕਿੰਨੇ ਲੋਕ ਲੂਅ ਦੀ ਲਪੇਟ ਵਿੱਚ ਆ ਕੇ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ। ਜਦ ਇੰਨੇ ਤਾਪ ਨਾਲ ਇਹ ਹਾਲ ਹੈ ਤਾਂ ਦਸ ਹਜ਼ਾਰ ਡਿਗਰੀ ਦੀ ਗਰਮੀ ਵਿੱਚ ਆਦਮੀ ਰਾਖ ਤੋਂ ਸਿਵਾਏ ਹੋਰ ਕੀ ਰਹਿ ਜਾਂਦਾ। ਅਨੁਮਾਨ ਨਾਲ ਇਹ ਜਾਣਿਆ ਗਿਆ ਹੈ ਕਿ ਸੂਰਜ ਦੀ ਗਰਮੀ ਘੱਟੋ-ਘੱਟ ਦਸ ਹਜ਼ਾਰ ਡਿਗਰੀ ਹੈ।

ਪਰ ਇਹ ਵੀ ਚੰਗਾ ਹੀ ਹੈ ਕਿ ਸੂਰਜ ਗਰਮ ਹੈ। ਸਾਡੀ ਜ਼ਿੰਦਗੀ ਉਸਦੇ ਤਾਪ ਕਾਰਣ ਹੀ ਕਾਇਮ ਹੈ। ਪੇੜ-ਪੌਦੇ, ਕੀੜੇ-ਮਕੌੜੇ, ਪਸ਼ੂ-ਪੰਛੀ, ਆਦਮੀ ਸਭ ਸੂਰਜ ਦੇ ਤਾਪ ਨਾਲ ਹੀ ਜੀਵਤ ਹਨ। ਸਾਨੂੰ ਸਾਰਿਆਂ ਨੂੰ ਸਾਰੀ ਹੀ ਤਾਕਤ ਕਿਸੇ-ਨ-ਕਿਸੇ ਰੂਪ ਵਿੱਚ ਸੂਰਜ ਤੋਂ ਹੀ ਮਿਲੀ ਹੋਈ ਹੈ।

ਏਨਾ ਜਰੂਰ ਹੈ ਕਿ ਸੂਰਜ ਦੀ ਕੁੱਝ ਗਰਮੀ ਦਾ ਬਹੁਤ ਛੋਟਾ ਜਿਹਾ ਭਾਗ ਧਰਤੀ ਦੇ ਹਿੱਸੇ ਪੈਂਦਾ ਹੈ। ਬਾਕੀ ਸਾਰੇ ਦਾ ਸਾਰਾ ਆਸਮਾਨ ਵਿੱਚ ਇੱਧਰ-ਉੱਧਰ ਬਿਖਰ ਜਾਂਦਾ ਹੈ। ਇਸ ਨੂੰ ਇੱਕ ਮਨਘੜਤ ਹਿਸਾਬ ਨਾਲ ਹੀ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਪੂਰੇ ਸਾਲ ਭਰ ਵਿੱਚ ਸੂਰਜ ਦਾ ਜਿੰਨਾ ਤਾਪ ਹੁੰਦਾ ਹੈ, ਜੇ ਉਸਦੀ ਕੀਮਤ ਦੋ ਸੌ ਕਰੋੜ ਰੁਪਏ ਹੋਵੇ ਤਾਂ ਧਰਤੀ ਦੇ ਹਿੱਸੇ ਕੁੱਲ ਇੱਕ ਰੁਪਇਆ ਆਵੇਗਾ।

ਵੈਸੇ ਤਾਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ, ਪਰ ਸੂਰਜ ਖ਼ੁਦ ਵੀ ਸਥਿਰ ਨਹੀਂ ਹੈ। ਉਹ ਵੀ ਹਰ ਸਮੇਂ ਲਾਟੂ ਵਾਂਗ ਘੁੰਮਦਾ ਰਹਿੰਦਾ ਹੈ। ਘੁੰਮਦਾ ਵੀ ਇਕੱਲਾ ਨਹੀਂ, ਆਪਣੇ ਚਾਰੇ ਪਾਸੇ ਨੌ ਗ੍ਰਹਿਆਂ ਨੂੰ ਵੀ ਘੁੰਮਾਉਂਦਾ ਰਹਿੰਦਾ ਹੈ। ਇਹ 9 ਗ੍ਰਹਿ ਹਨ - ਬੁੱਧ, ਸ਼ੁੱਕਰ, ਧਰਤੀ, ਮੰਗਲ, ਬ੍ਰਹਿਸਪਤੀ, ਸ਼ਨੀ, ਯੂਰੇਨਸ, ਨੈਪਚੂਨ ਅਤੇ ਪਲੂਟੋ। ਇਹਨਾਂ ਨੌਵਾਂ ਨੂੰ ਮਿਲਾ ਕੇ ਪੂਰਾ ਸੂਰਜੀ ਪਰਿਵਾਰ ਬਣਦਾ। ਇਸ ਪਰਿਵਾਰ ਨੂੰ ਸ਼ੌਰ ਮੰਡਲ ਕਿਹਾ ਜਾਂਦਾ।



ਇਹ ਇੰਨੀ ਬਹਾਦਰੀ ਕੌਣ ਵਿਖਾ ਰਹੇ ਹਨ? ਕੋਈ ਵੀ ਹੋਣ? ਇਹਨਾਂ ਨੇ ਦੁੱਧ ਪੀਤਾ ਹੈ, ਉਹਨਾਂ ਦੀ ਕਲਾਈ ਵਿੱਚ ਏਨੀ ਤਾਕਤ ਹੈ। ਦੁੱਧ ਜਰੂਰ ਗਾਂ ਜਾਂ ਮੱਝ ਆਦਿ ਦਾ ਹੈ। ਇਹ ਘਾਹ-ਪੱਤੇ ਖਾਹ ਕੇ ਦੁੱਧ ਦਿੰਦੀਆਂ ਹਨ। ਘਾਹ-ਪੱਤੇ ਸੂਰਜ ਦੇ ਤਾਪ ਨਾਲ ਬਣਦੇ ਹਨ। ਇਸ ਤਰ੍ਹਾਂ ਸਾਰੀਆਂ ਤਾਕਤਾਂ ਦੀ ਜੜ੍ਹ ਵਿੱਚ ਸੂਰਜ ਹੈ।

ਸੂਰਜ ਇੱਕ ਜਲਦੀ ਅਤੇ ਖੌਲਦੀ ਹੋਈ ਗੈਸ ਦਾ ਗੋਲਾ ਹੈ, ਇਹ ਕਿਹਾ ਜਾ ਸਕਦਾ ਹੈ। ਇਹ ਗੈਸ ਹਰ ਸਮੇਂ ਸੂਰਜ ਵਿੱਚ ਅੱਗ ਦੀਆਂ ਹਨੇਰੀਆਂ ਉਠਾਉਂਦੀ ਹੈ। ਇਹਨਾਂ ਹਨੇਰੀਆਂ ਦੇ ਖੌਫ਼ਨਾਕ ਝੋਂਕਿਆਂ ਨਾਲ ਲੰਬੀਆਂ-ਲੰਬੀਆਂ ਲਪਲਪਾਦੀਆਂ ਲਪਟਾਂ ਨਿਕਲਿਆ ਕਰਦੀਆਂ ਹਨ। ਇਹ ਭਾਵੇਂ ਕਿੰਨੀਆਂ ਉੱਪਰ ਉੱਠ ਜਾਣ, ਫਿਰ ਇਹਨਾਂ ਨੂੰ ਵਾਪਸ ਆਉਣਾ ਪੈਂਦਾ ਹੈ। ਆਖਰ ਸੂਰਜ ਵਿੱਚ ਮਧਯ-ਆਕਰਸ਼ਣ (ਖਿੱਚ) ਦਾ ਖਿਚਾਵ ਵੀ ਤਾਂ ਹੈ।

(ਪੰਜਾਬੀ ਅਨੁਵਾਦ : ਅਦਾਰਾ)

ਜਦ ਕਿਤਾਬ ਪੜ੍ਹ ਕੇ ਹਟਦਾ ਹਾਂ ਤਾਂ ਜ਼ਿੰਦਗੀ ਦੇ ਵਰਕੇ ਖੁੱਲਣੇ ਸ਼ੁਰੂ ਹੋ ਜਾਂਦੇ ਹਨ।

ਪਾਬਲੋ ਨੈਰੂਦਾ

ਸਮਕਾਲੀ ਲਿਖਤ

ਸ਼ਰਧਾ ਦਾ ਸਰਮਾਇਆ

ਸਵਰਾਜਬੀਰ

ਕੁੱਝ ਦਿਨ ਪਹਿਲਾਂ ਆਮਦਨ ਕਰ ਵਿਭਾਗ ਨੇ ਸਵਾਮੀ ਵਿਜੇ ਕੁਮਾਰ, ਜੋ ਆਪਣੇ ਆਪ ਨੂੰ ਕਲਕੀ ਭਗਵਾਨ ਦੱਸਦਾ ਹੈ, ਦੇ ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਕਰਨਾਟਕ ਵਿੱਚ ਲਗਭਗ 40 ਆਸ਼ਰਮਾਂ ਅਤੇ ਟਿਕਾਣਿਆਂ 'ਤੇ ਛਾਪੇ ਮਾਰ ਕੇ 93 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ। ਇਸ ਵਿੱਚ 25 ਲੱਖ ਅਮਰੀਕੀ ਡਾਲਰ (18 ਕਰੋੜ ਰੁਪਏ) ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ 88 ਕਿਲੋ ਸੋਨਾ ਅਤੇ ਹੋਰ ਗਹਿਣੇ ਵੀ ਬਰਾਮਦ ਕੀਤੇ ਗਏ। ਗਹਿਣਿਆਂ ਦੀ ਕੀਮਤ 26 ਕਰੋੜ ਅਤੇ ਹੀਰਿਆਂ ਦੀ ਕੀਮਤ 5 ਕਰੋੜ ਰੁਪਏ ਹੈ। ਵਿਜੇ ਕੁਮਾਰ ਜਿਹੜਾ ਪਹਿਲਾਂ ਜੀਵਨ ਬੀਮਾ ਕਾਰਪੋਰੇਸ਼ਨ ਵਿੱਚ ਕੰਮ ਕਰਦਾ ਸੀ, ਨੇ 1980ਵਿਆਂ ਵਿੱਚ 'ਅਧਿਆਤਮਕ' ਪ੍ਰਚਾਰ ਸ਼ੁਰੂ ਕੀਤਾ। ਪਹਿਲਾਂ ਜੀਵ ਆਸ਼ਰਮ ਨਾਂ ਦਾ ਆਸ਼ਰਮ ਖੋਲ੍ਹਿਆ ਅਤੇ ਬਾਅਦ ਵਿੱਚ ਆਂਧਰਾ ਪ੍ਰਦੇਸ਼ ਦੇ ਚੇਤੂਰ ਜ਼ਿਲ੍ਹੇ ਵਿੱਚ ਯੂਨੀਵਰਸਿਟੀ ਬਣਾਈ। ਇਸ ਯੂਨੀਵਰਸਿਟੀ ਵਿੱਚ ਵੱਡੇ-ਵੱਡੇ ਫਿਲਮੀ ਸਿਤਾਰੇ ਅਤੇ ਆਰਟ ਆਫ ਲਿਵਿੰਗ ਫਾਊਂਡੇਸ਼ਨ ਦੇ ਬਾਨੀ ਸ੍ਰੀ ਸ੍ਰੀ ਰਵੀਸ਼ੰਕਰ ਆ ਚੁੱਕੇ ਹਨ। 'ਬਾਬਾ ਜੀ' ਤੋਂ ਮਿਲੇ ਕੁੱਲ ਸਾਮਾਨ ਤੇ ਜਾਇਦਾਦਾਂ, ਜਿਨ੍ਹਾਂ ਦਾ ਵੇਰਵਾ ਆਮਦਨ ਕਰ ਵਿਭਾਗ ਨੂੰ ਪਹਿਲਾਂ ਨਹੀਂ ਦਿੱਤਾ ਗਿਆ, ਦੀ ਕੀਮਤ 400 ਤੋਂ 500 ਕਰੋੜ ਦੇ ਵਿਚਕਾਰ ਦੱਸੀ ਜਾਂਦੀ ਹੈ। 'ਬਾਬਾ ਜੀ' ਦੀ ਪੂਰੀ 'ਸਲਤਨਤ' ਦੀ ਕੀਮਤ ਹਜ਼ਾਰਾਂ ਤੋਂ ਲੱਖਾਂ ਕਰੋੜ ਰੁਪਈਆਂ ਵਿੱਚ ਹੋ ਸਕਦੀ ਹੈ।

1949 ਵਿੱਚ ਜਨਮੇ ਇਸ 'ਮਸੀਹੇ' ਨੇ ਲੋਕਾਂ ਦੇ ਦੁੱਖਾਂ/'ਕਲਯੁੱਗ' ਦਾ ਅੰਤ ਤਾਂ ਨਹੀਂ ਕੀਤਾ ਪਰ ਆਪਣੇ ਨਿੱਜੀ 'ਕਲਯੁੱਗ' ਦਾ ਅੰਤ ਜ਼ਰੂਰ ਕਰ ਲਿਆ। ਉਸ ਨੇ 1990 ਤੋਂ ਆਪਣੇ ਆਪ ਨੂੰ 'ਵਿਸ਼ਨੂੰ' ਦਾ ਅਤੇ ਆਪਣੀ ਪਤਨੀ ਪਦਮਾਵਤੀ ਨੂੰ 'ਲਕਸ਼ਮੀ' ਦਾ ਅਵਤਾਰ ਦੱਸਣਾ ਸ਼ੁਰੂ ਕੀਤਾ ਅਤੇ ਲੋਕਾਂ ਨੇ ਉਸ ਨੂੰ ਅਵਤਾਰ ਮੰਨ ਵੀ ਲਿਆ। ਉਹ ਲੋਕਾਂ ਨੂੰ 'ਨਿਰਵਾਣ' (ਮੁਕਤੀ) ਦੀ ਬਖਸ਼ਿਸ਼ ਕਰਨ ਦਾ ਵਾਅਦਾ ਕਰਦਾ ਤੇ ਹਜ਼ਾਰਾਂ ਲੋਕ ਉਹਦੇ ਆਸ਼ਰਮ ਵੱਲ ਵਹੀਰਾਂ ਘੱਤ ਕੇ ਆਉਂਦੇ। ਉਸ ਦੇ ਆਮ ਦਰਸ਼ਨਾਂ ਲਈ ਲੋਕਾਂ ਨੂੰ 5 ਹਜ਼ਾਰ ਅਤੇ ਖਾਸ ਦਰਸ਼ਨਾਂ ਲਈ 50 ਹਜ਼ਾਰ ਰੁਪਏ ਦੇਣੇ ਪੈਂਦੇ। ਬਾਬੇ ਨੇ ਕਈ ਟਰੱਸਟ ਵੀ ਬਣਾਏ ਜਿਹੜੇ ਇਮਾਰਤਸਾਜ਼ੀ, ਵਿੱਦਿਆ ਤੇ ਖੇਡਾਂ ਦੇ ਖੇਤਰ ਵਿੱਚ ਕਾਰੋਬਾਰ ਕਰਦੇ ਹਨ। ਪੈਸੇ ਅਤੇ ਤਾਕਤ ਦੇ ਲੋਭੀ ਇਹ 'ਬਾਬੇ' ਜ਼ਿੰਦਗੀ ਤੋਂ ਸਤਾਏ ਲੋਕਾਂ ਨੂੰ ਲੁੱਟਦੇ ਅਤੇ ਧਨ ਇਕੱਠਾ ਕਰਦੇ ਹਨ। ਲੋਕਾਂ ਦੇ ਧਨ 'ਤੇ ਮਹਿਲਾਂ ਵਰਗੀਆਂ ਇਮਾਰਤਾਂ ਬਣਦੀਆਂ ਹਨ ਜਿਨ੍ਹਾਂ ਨੂੰ 'ਆਸ਼ਰਮ' ਕਿਹਾ ਜਾਂਦਾ ਹੈ। ਵੱਖ-ਵੱਖ ਸਮਿਆਂ ਵਿੱਚ ਅਜਿਹੇ 'ਆਸ਼ਰਮਾਂ' ਵਿੱਚ ਹੋਣ ਵਾਲੇ ਕੁਕਰਮ ਤੇ 'ਬਾਬਿਆਂ' ਦੁਆਰਾ ਕੀਤੀ ਜਾਂਦੀ ਲੁੱਟ ਲੋਕਾਂ ਦੇ ਸਾਹਮਣੇ ਆਏ ਹਨ ਪਰ ਲੋਕ ਫਿਰ ਵੀ ਅਜਿਹੇ 'ਬਾਬਿਆਂ' ਅਤੇ ਅਵਤਾਰਾਂ ਦੇ ਡੇਰਿਆਂ 'ਤੇ ਜਾਣੋਂ ਨਹੀਂ ਹਟਦੇ।

ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਭ ਕੁੱਝ ਲੋਕਾਂ ਦੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਹੁੰਦਾ ਹੈ ਪਰ ਲੋਕ ਇਸ ਵਰਤਾਰੇ ਨੂੰ ਅਣਡਿੱਠ ਹੀ ਕਰੀ ਰੱਖਦੇ ਹਨ। ਇਹ ਅਖੌਤੀ ਧਾਰਮਿਕ ਆਗੂ ਅੰਨ੍ਹੀ ਸ਼ਰਧਾ ਦੇ ਸਿਰ 'ਤੇ ਸਰਮਾਇਆ ਇਕੱਠਾ ਕਰਦੇ ਹਨ। ਲੋਕਾਂ ਨੂੰ ਮਾਇਆ ਦੇ ਲੋਭ ਤੋਂ ਮੁਕਤ ਹੋਣ ਦਾ ਸੰਦੇਸ਼ ਦਿੰਦੇ ਇਹ ਪਾਖੰਡੀ ਸਾਧ/ਬਾਬੇ ਖ਼ੁਦ ਮਾਇਆ ਦੇ ਅੰਬਾਰ ਇਕੱਠੇ ਕਰ ਲੈਂਦੇ ਹਨ। ਤਰਕਸ਼ੀਲ ਚਿੰਤਕਾਂ ਅਤੇ ਜਥੇਬੰਦੀਆਂ ਨੇ ਅਜਿਹੇ ਪਾਖੰਡੀ ਸਾਧਾਂ ਵਿਰੁੱਧ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ। ਪੰਜਾਬ ਵਿੱਚ ਵੀ ਅਜਿਹੇ ਡੇਰਿਆਂ ਦੀ ਘਾਟ ਨਹੀਂ ਹੈ। ਡੇਰਾਵਾਦ ਵਿਰੁੱਧ ਚੇਤਨਾ ਜਗਾਉਣੀ ਉਸ ਲੰਮੀ ਲੜਾਈ ਦਾ ਹਿੱਸਾ ਹੈ ਜਿਹੜੀ ਤਰਕਸ਼ੀਲ ਚਿੰਤਕਾਂ ਅਤੇ ਲੋਕਾਂ ਨੂੰ ਵਹਿਮਾਂ, ਪਾਖੰਡਾਂ ਤੇ ਭਰਮਾਂ ਦੇ ਵਿਰੁੱਧ ਲੜਨੀ ਪੈਣੀ ਹੈ।

ਸੰਪਾਦਕ 'ਪੰਜਾਬੀ ਟ੍ਰਿਬਿਊਨ'

95010 13006

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਮੇਰੇ ਸਰੀਰ ਦਾ ਹਰ ਐਟਮ ਅਰਬਾਂ ਸਾਲ ਪਹਿਲਾਂ ਫਟੇ ਕਿਸੇ ਤਾਰੇ ਤੋਂ ਆਇਆ ਹੈ ਤੇ ਮੇਰੇ ਸੱਜੇ ਅਤੇ ਖੱਬੇ ਹੱਥ ਦੇ ਐਟਮ ਅਲੱਗ-ਅਲੱਗ ਤਾਰਿਆਂ ਤੋਂ ਆਏ ਹਨ। ਇਹ ਬ੍ਰਹਿਮੰਡ ਬਾਰੇ ਸਭ ਤੋਂ ਵੱਧ ਕਾਵਿਕ ਗੱਲ ਹੈ ਕਿ ਤੁਸੀਂ ਸਾਰੇ ਤਾਰਿਆਂ ਦੀ ਧੂੜ ਹੋ। ਜੇਕਰ ਤਾਰੇ ਨਾ ਫਟਦੇ ਤਾਂ ਤੁਸੀਂ ਇੱਥੇ ਨਹੀਂ ਹੋਣਾ ਸੀ ਕਿਉਂਕਿ ਮਨੁੱਖੀ ਜੀਵਨ ਲਈ ਸਾਰੇ ਜ਼ਰੂਰੀ ਤੱਤ ਕਾਰਬਨ, ਨਾਈਟ੍ਰੋਜ਼ਨ, ਆਕਸੀਜਨ, ਆਇਰਨ ਸਾਰੇ ਤਾਰਿਆਂ ਦੀ ਕੁੱਖ ਵਿੱਚ ਬਣਦੇ ਹਨ। ਇਹ ਸਾਰੇ ਐਟਮ ਤੁਹਾਡੇ ਸਰੀਰ ਵਿੱਚ ਇਸ ਲਈ ਹਨ ਕਿਉਂਕਿ ਉਹ ਤਾਰੇ ਫਟਨ ਲਈ ਤਿਆਰ ਸਨ। ਸੋ ਭੁੱਲ ਜਾਓ ਰੱਬ ਨੂੰ... ਤੁਹਾਡੀ ਹੋਂਦ ਲਈ ਤਾਰੇ ਮਰੇ ਸਨ।

- ਲਾਰੈਂਸ ਐਮ ਕਰਾਊਸ (A Universe from Nothing)

ਖ਼ਬਰ ਹੈ ਕਿ ...

ਨਿੱਤਿਆਨੰਦ ਖਿਲਾਫ਼ ਬਲੂ ਕਾਰਨਰ ਨੋਟਿਸ ਜਾਰੀ

ਇੰਟਰਪੋਲ ਨੇ ਵਿਵਾਦਿਤ ਅਖੌਤੀ ਸਾਧ ਨਿੱਤਿਆਨੰਦ ਖਿਲਾਫ਼ ਬਲੂ ਕਾਰਨਰ ਨੋਟਿਸ ਜਾਰੀ ਕੀਤਾ ਹੈ। ਨਿੱਤਿਆਨੰਦ ਬੱਚਿਆਂ ਨੂੰ ਕਥਿਤ ਅਗਵਾ ਤੇ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦੇ ਲੱਗੇ ਦੋਸ਼ਾਂ ਮਗਰੋਂ ਦੇਸ਼ 'ਚੋਂ ਫ਼ਰਾਰ ਹੋ ਗਿਆ ਸੀ। ਅਧਿਕਾਰੀ ਨੇ ਕਿਹਾ ਕਿ ਗੁਜਰਾਤ ਪੁਲਿਸ ਨੇ ਸੀ.ਬੀ.ਆਈ. ਨੂੰ ਇੱਕ ਅਪੀਲ ਭੇਜ ਕੇ ਸਾਧ ਖਿਲਾਫ਼ ਨੋਟਿਸ ਕੱਢਣ ਦੀ ਅਪੀਲ ਕੀਤੀ ਸੀ। ਨੋਟਿਸ ਜਾਰੀ ਹੋਣ ਮਗਰੋਂ ਇੰਟਰਪੋਲ ਵੱਲੋਂ ਆਪਣੇ ਮੈਂਬਰ ਮੁਲਕਾਂ ਤੋਂ ਨਿੱਤਿਆਨੰਦ ਦੀ ਸ਼ਨਾਖਤ, ਲੋਕੇਸ਼ਨ ਜਾਂ ਅਪਰਾਧ ਨਾਲ ਜੁੜੀਆਂ ਕਾਰਵਾਈਆਂ ਬਾਰੇ ਵਧੀਕ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦਾ ਅਗਲਾ ਨਿਸ਼ਾਨਾ ਅਖੌਤੀ ਸਾਧ ਖਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਉਣਾ ਹੈ। ਗੁਜਰਾਤ ਪੁਲਿਸ ਨੇ ਅਹਿਮਦਾਬਾਦ ਸਥਿਤ ਆਸ਼ਰਮ 'ਚੋਂ ਦੋ ਕੁੜੀਆਂ ਦੇ ਲਾਪਤਾ ਹੋਣ ਮਗਰੋਂ ਨਿੱਤਿਆਨੰਦ ਖਿਲਾਫ਼ ਕੇਸ਼ ਦਰਜ ਕੀਤਾ ਸੀ। - **ਪੀ.ਟੀ.ਆਈ.**

ਗਾਂ ਨੂੰ ਹੱਥ ਲਾਉਣ ਨਾਲ ਨਕਾਰਾਤਮਤਾ ਦੂਰ ਹੁੰਦੀ ਹੈ

ਵਿਵਾਦਿਤ ਬਿਆਨਾਂ ਲਈ ਚਰਚਿਤ ਮਹਾਰਾਸ਼ਟਰ ਦੀ ਸੂਬਾਈ ਮੰਤਰੀ ਯਸ਼ੋਮਤੀ ਠਾਕੁਰ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਠਾਕੁਰ ਨੇ ਦਾਅਵਾ ਕੀਤਾ ਹੈ ਕਿ ਗਾਂ ਨੂੰ ਹੱਥ ਲਾਉਣ ਨਾਲ ਨਕਾਰਾਤਮਤਾ ਦੂਰ ਹੋ ਜਾਂਦੀ ਹੈ। ਤਿਓਸਾ ਤੋਂ ਵਿਧਾਇਕ ਤੇ ਊਧਵ ਠਾਕਰੇ ਸਰਕਾਰ 'ਚ ਮਹਿਲਾ ਤੇ ਬਾਲ ਵਿਕਾਸ ਮੰਤਰੀ ਠਾਕੁਰ ਨੇ ਉਪਰੋਕਤ ਟਿੱਪਣੀ ਅਮਰਾਵਤੀ 'ਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤੀ। ਠਾਕੁਰ ਨੇ ਵਾਸ਼ਿਮ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੇ ਪ੍ਰਚਾਰ ਮੌਕੇ ਇਹ ਵੀ ਕਿਹਾ ਸੀ ਕਿ "ਅਸੀਂ ਅਜੇ ਹੁਣੇ ਸੱਤਾ ਵਿੱਚ ਆਏ ਹਾਂ ਤੇ ਸਾਡੀਆਂ ਜੇਬਾਂ ਇੰਨੀਆਂ ਗਰਮ ਨਹੀਂ ਹਨ।" - **ਪੀ.ਟੀ.ਆਈ.**

ਸੀ.ਏ.ਏ. ਵਿਰੋਧੀਆਂ ਨੂੰ ਕੁੱਤਿਆਂ ਵਾਂਗ ਗੋਲੀ ਮਾਰੀ

ਪੱਛਮੀ ਬੰਗਾਲ ਦੇ ਭਾਜਪਾ ਪ੍ਰਧਾਨ ਦਿਲਿਪ ਘੋਸ਼ ਨੇ "ਭਾਜਪਾ ਦੀ ਸਰਕਾਰ ਵਾਲੇ ਸੂਬਿਆਂ ਵਿੱਚ ਸੀ.ਏ.ਏ. ਵਿਰੋਧੀ ਪ੍ਰਦਰਸ਼ਨਕਾਰੀਆਂ ਨੂੰ ਕੁੱਤਿਆਂ ਵਾਂਗ ਗੋਲੀ ਮਾਰਨ" ਦਾ ਬਿਆਨ ਦਿੱਤਾ ਹੈ। ਜ਼ਿਲ੍ਹਾ ਨਾਦੀਆ ਵਿੱਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਘੋਸ਼ ਨੇ ਐਤਵਾਰ ਨੂੰ ਸੂਬੇ ਵਿੱਚ ਸੀ.ਏ.ਏ. ਵਿਰੋਧੀ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ 'ਤੇ "ਗੋਲੀ ਚਲਾਉਣ ਅਤੇ ਲਾਠੀਚਾਰਜ਼ ਕਰਨ ਦਾ ਆਦੇਸ਼ ਨਾ ਦਿੱਤੇ ਜਾਣ" ਕਰਕੇ ਨਿੰਦਾ ਕੀਤੀ।

ਮੋਦੀ-ਯੋਗੀ ਖਿਲਾਫ਼ ਬੋਲਣ ਵਾਲੇ ਨੂੰ ਜਿਉਂਦਾ ਗੱਡ ਦਿਆਂਗਾ

ਅਲੀਗੜ੍ਹ ਅਧਾਰਿਤ ਭਾਜਪਾ ਆਗੂ ਰਘੂਰਾਜ ਸਿੰਘ ਨੇ ਇੱਕ ਬਿਆਨ ਦਿੰਦਿਆਂ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਖਿਲਾਫ਼ ਨਾਅਰੇਬਾਜ਼ੀ ਕਰਨ ਵਾਲਿਆਂ ਨੂੰ ਉਹ 'ਜਿਉਂਦੇ ਜ਼ਮੀਨ 'ਚ ਗੱਡ ਦੇਵੇਗਾ।' ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਵਿੱਚ ਨਾਗਰਿਕਤਾ ਸੋਧ ਐਕਟ ਬਾਰੇ ਇੱਕ ਜਾਗਰੂਕਤਾ ਰੈਲੀ ਨੂੰ ਸੰਬੋਧਨ ਕਰਦਿਆਂ ਰਘੂਰਾਜ ਨੇ ਇਹ ਬਿਆਨ ਦਿੱਤਾ। ਭਾਜਪਾ ਆਗੂ ਨੇ ਕਿਹਾ 'ਮੈਂ ਮੁੱਠੀ ਭਰ ਲੋਕਾਂ ਇੱਕ ਫ਼ੀਸਦੀ ਅਪਰਾਧੀਆਂ ਤੇ ਭ੍ਰਿਸ਼ਟਾਂ ਨੂੰ ਮੋਦੀ ਤੇ ਯੋਗੀ ਖਿਲਾਫ਼ ਮੁਰਦਾਬਾਦ ਕਹਿਣ 'ਤੇ ਚਿਤਾਵਨੀ ਦਿੰਦਾ ਹੈ, ਮੈਂ ਜਿਉਂਦਿਆਂ ਜ਼ਮੀਨ 'ਚ ਗੱਡ ਦਿਆਂਗਾ।' ਰਘੂਰਾਜ ਅਲੀਗੜ੍ਹ ਨਾਲ ਹੀ ਸਬੰਧਤ ਹੈ ਤੇ ਉਸ ਨੇ ਇਹ ਬਿਆਨ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਨਾਗਰਿਕਤਾ ਸੋਧ ਐਕਟ ਖਿਲਾਫ਼ ਹੋਏ ਰੋਸ ਪ੍ਰਦਰਸ਼ਨਾਂ ਦੇ ਸੰਦਰਭ ਵਿੱਚ ਦਿੱਤੇ ਹਨ। -
ਪੰਜਾਬੀ ਟ੍ਰਿਬਿਊਨ

ਪੰਨਾ 7 ਦਾ ਬਾਕੀ...

ਸੈਲਸੀਅਸ ਤਾਪਮਾਨ 'ਤੇ ਉਬਲਣ ਲੱਗ ਪੈਂਦਾ ਹੈ। ਜੇਕਰ ਬਰਤਨ ਦੇ ਥੱਲੇ ਅੱਗ ਬਲਦੀ ਹੀ ਰਹੇ ਤਾਂ ਵੀ ਪਾਣੀ ਦੇ ਉਬਲਣ ਤੋਂ ਲੈ ਕੇ ਭਾਫ਼ ਬਣ ਕੇ ਉਡਣ ਤੱਕ ਪਾਣੀ ਦਾ ਤਾਪਮਾਨ 100 ਦਰਜੇ ਸੈਲਸੀਅਸ ਹੀ ਬਣਿਆ ਰਹਿੰਦਾ ਹੈ। ਹੁਣ ਜ਼ਰਾ ਸੋਚੋ ਕਿ ਪਾਣੀ ਦੇ ਉਬਲਣ ਤੋਂ ਭਾਫ਼ ਬਣਨ ਤੱਕ ਬਲਦੀ ਰਹੀ ਅੱਗ ਦੀ ਵਾਧੂ ਗਰਮੀ ਕਿੱਥੇ ਗਈ ? ਅਸਲ ਵਿੱਚ ਭਾਫ਼ ਦਾ ਇਹ ਗੁਣ ਹੈ ਕਿ ਇਹ 536 ਕੈਲੋਰੀ ਪ੍ਰਤੀ ਗਰਾਮ ਤਾਪਮਾਨ ਜਜ਼ਬ ਕਰਨ ਦੀ ਸਮਰੱਥਾ ਰਖਦੀ ਹੈ ਤੇ ਇਹ ਵਾਧੂ ਤਾਪਮਾਨ ਭਾਫ਼ ਨੇ ਜਜ਼ਬ ਕਰ ਲਿਆ। ਇਸ ਕਰਕੇ ਇੱਕੋ ਤਾਪਮਾਨ ਬਣਿਆ ਰਹਿਣ ਦੇ ਬਾਵਜੂਦ ਭਾਫ਼, ਉਬਲਦੇ ਪਾਣੀ ਨਾਲੋ ਵੱਧ ਜਲਣ ਪੈਦਾ ਕਰਨ ਦੇ ਸਮਰੱਥ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਉਬਲਦੇ ਪਾਣੀ ਦੇ ਮੁਕਾਬਲੇ ਭਾਫ਼ ਨਾਲ ਜਲੇ ਅੰਗ ਵਿੱਚ ਵਧੇਰੇ ਜਲਣ ਮਹਿਸੂਸ ਹੁੰਦੀ ਹੈ।

98556-56156

ਖੋਜ ਖ਼ਬਰ...

ਸਮਾਰਟ ਫੋਨ ਨਾਲ ਹੋਵੇਗੀ ਹੁਣ ਖ਼ੂਨ ਦੀ ਜਾਂਚ

ਆਈ.ਆਈ.ਟੀ. ਖੜਗਪੁਰ ਦੇ ਵਿਗਿਆਨਕਾਂ ਨੇ ਇਹ ਤਕਨੀਕ ਵਿਕਸਿਤ ਕੀਤੀ ਹੈ। ਇਸ ਤਕਨੀਕ ਰਾਹੀਂ ਪੇਪਰ ਸਿਟਪ ਅਧਾਰਿਤ ਕਿੱਟ ਨੂੰ ਸਮਾਰਟ ਫੋਨ ਨਾਲ ਜੋੜ ਕੇ ਖ਼ੂਨ ਦੇ ਸੈਂਪਲ (ਨਮੂਨੇ) ਦਾ ਅਧਿਐਨ ਕੀਤਾ ਜਾਵੇਗਾ ਅਤੇ ਐਲ.ਈ.ਡੀ. ਲਾਈਟ ਵਿੱਚ ਇਸਦੀ ਇਮੇਜਿੰਗ ਕੀਤੀ ਜਾਵੇਗੀ। ਇਸ ਕਿੱਟ ਬਾਰੇ ਦਸਦਿਆਂ ਖੋਜ ਕਰਤਾਵਾਂ ਦੀ ਟੀਮ ਦੇ ਆਗੂ ਸੁਮਨ ਚੱਕਰਵਰਤੀ ਦਸਦੇ ਹਨ ਕਿ ਇਸ ਕਿੱਟ ਦੀ ਵਰਤੋਂ ਬੇਹੱਦ ਆਸਾਨ ਅਤੇ ਘੱਟ ਖਰਚੀਲੀ ਹੈ। ਇਸ ਲਈ ਸਿਰਫ਼ ਖ਼ੂਨ ਦੀ ਇੱਕ ਬੂੰਦ ਦੀ ਲੋੜ ਹੋਵੇਗੀ। ਮੈਡੀਕਲ ਸਾਇੰਸ ਐਂਡ ਟੈਕਨਾਲੋਜੀ ਸਕੂਲ ਦੇ ਪ੍ਰੋਫੈਸਰ ਡਾ. ਸਤਾਦਲ ਸਾਹਾ ਨੇ ਕਿਹਾ ਕਿ ਇਸ ਦੀ ਅਸੀਂ ਹਰ ਤਰ੍ਹਾਂ ਦੇ ਵਾਤਾਵਰਣ ਵਿੱਚ ਪਰਖ ਕੀਤੀ ਹੈ। ਨਤੀਜੇ ਹਾਂ ਪੱਖੀ ਰਹੇ ਹਨ।

ਪਲਾਸਟਿਕ ਕਚਰੇ ਤੋਂ ਡੀਜਲ ਬਣਾਉਣ ਦਾ ਤਿਆਰ ਕੀਤਾ ਪਲਾਂਟ

ਸੀ.ਐਸ.ਆਈ.ਆਰ. – ਭਾਰਤ ਪੈਟਰੋਲੀਅਮ ਸੰਸਥਾ ਨੇ ਗੇਲ (GAIL) ਦੇ ਸਹਿਯੋਗ ਨਾਲ ਪਲਾਸਟਿਕ ਕਚਰੇ ਤੋਂ ਡੀਜਲ ਬਣਾਉਣ ਵਾਲਾ ਪਲਾਂਟ ਤਿਆਰ ਕੀਤਾ ਹੈ। ਇੱਕ ਦਹਾਕੇ ਦੀ ਡੂੰਘੀ ਖੋਜ ਬਾਅਦ ਇਹ ਪਲਾਂਟ ਤਿਆਰ ਕੀਤਾ ਗਿਆ ਹੈ। ਇਹ 1000 ਕਿਲੋ ਪਲਾਸਟਿਕ ਤੋਂ 80 ਲੀਟਰ ਡੀਜਲ ਦਾ ਉਤਪਾਦਨ ਕਰੇਗਾ। ਇਹ ਡੀਜਲ ਵਾਹਨਾਂ ਵਿੱਚ ਵਰਤੇ ਜਾਣ ਵਾਲੇ ਡੀਜਲ ਦੇ ਸਾਰੇ ਮਾਪਦੰਡਾਂ ਨੂੰ ਪੂਰਾ ਕਰੇਗਾ। ਇਹ ਪਲਾਸਟਿਕ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਵੀ ਰੋਕੇਗਾ।

ਸਮੋਗ ਨੂੰ ਖਤਮ ਕਰੇਗੀ ਨਕਲੀ ਮੀਂਹ ਤਕਨੀਕ

ਸੀ.ਐਸ.ਆਈ.ਆਰ. – ਕੇਂਦਰੀ ਵਿਗਿਆਨਕ ਯੰਤਰ ਸੰਗਠਨ ਚੰਡੀਗੜ੍ਹ ਨੇ ਸ਼ਹਿਰਾਂ ਵਿੱਚ ਵਧ ਰਹੀ ਸਮੋਗ ਸਮੱਸਿਆ ਦਾ ਹੱਲ ਕਰਨ ਲਈ ਇਲੈਕਟ੍ਰਾਨਿਕ ਡਸਟ ਮਿਟਿਗੇਸ਼ਨ ਡਿਵਾਈਸ ਤਿਆਰ ਕੀਤੀ ਹੈ। ਇਸ ਨਾਲ 'ਸਮੋਗ ਮੁਕਤ ਭਾਰਤ' ਦਾ ਸੁਪਨਾ ਸਾਕਾਰ ਕਰਨ ਵਿੱਚ ਮੱਦਦ ਮਿਲੇਗੀ। ਪਾਣੀ ਦੀਆਂ ਬੂੰਦਾਂ ਨੂੰ ਬਿਜਲਈ ਚਾਰਜਿਤ ਕਰਕੇ ਸਮੋਗ 'ਤੇ ਸੁੱਟਿਆ ਜਾਵੇਗਾ। ਇਸ ਨਾਲ ਸਮੋਗ ਵਿੱਚ ਮਿਲੇ ਧੂੜ ਦੇ ਕਣ ਅਤੇ ਹੋਰ ਰਸਾਇਣ ਹਲਕੇ ਹੋ ਕੇ ਹੇਠਾਂ ਡਿੱਗ ਜਾਣਗੇ। ਬਿਜਲਈ ਚਾਰਜਿਤ ਪਾਣੀ ਨੈਨੋ ਤਕਨੀਕ ਦੀ ਤਰਜ 'ਤੇ ਸਿੱਧਿਆ ਨਿਸ਼ਾਨੇ 'ਤੇ ਵਾਰ ਕਰੇਗਾ।

ਬਲੱਡ ਗਰੁੱਪ A ਨੂੰ O ਵਿੱਚ ਬਦਲਣ ਦੀ ਸੰਭਾਵਨਾ

O ਖ਼ੂਨ ਗਰੁੱਪ ਦੀਆਂ ਕੋਸ਼ਿਕਾਵਾਂ 'ਤੇ ਕੋਈ ਇੰਟੀਜਨ ਮੌਜੂਦ ਨਹੀਂ ਹੁੰਦਾ। ਇਸ ਲਈ ਇਸ ਖ਼ੂਨ ਗਰੁੱਪ ਦਾ ਖ਼ੂਨ ਕਿਸੇ ਵੀ ਵਿਅਕਤੀ ਨੂੰ ਚੜ੍ਹਾਇਆ ਜਾ ਸਕਦਾ ਹੈ। ਇਸੇ ਕਾਰਣ ਕਈ ਵਾਰ ਐਮਰਜੈਂਸੀ ਹਾਲਤ ਵਿੱਚ ਮਰੀਜ਼ ਦੇ ਬਲੱਡ ਗਰੁੱਪ ਦੀ ਜਾਂਚ ਕੀਤੇ ਬਿਨ੍ਹਾਂ ਉਸ ਦੇ O ਗਰੁੱਪ ਵਾਲਾ ਖ਼ੂਨ ਚੜ੍ਹਾ ਦਿੱਤਾ ਜਾਂਦਾ ਹੈ। ਭਾਵ ਇਸ ਗਰੁੱਪ ਦਾ ਖ਼ੂਨ ਬਹੁਤ ਜ਼ਿਆਦਾ ਕੀਮਤੀ ਹੈ। ਇਹ ਖ਼ੂਨ ਸਮੂਹ ਹੋਰ ਵੱਧ ਉਪਲਬਧ ਹੋ ਸਕੇ, ਇਸ ਲਈ ਖੋਜੀ ਕੁੱਝ ਸਾਲਾਂ ਤੋਂ A ਬਲੱਡ ਗਰੁੱਪ ਦੀ ਸਤ੍ਹਾ 'ਤੇ ਮੌਜੂਦ ਇੰਟੀਜਨ ਨੂੰ ਹਟਾ ਕੇ O ਖ਼ੂਨ ਗਰੁੱਪ ਵਿੱਚ ਇਸ ਨੂੰ ਤਬਦੀਲ ਕਰਨ ਦੀ ਕੋਸ਼ਿਸ ਕਰ ਰਹੇ ਹਨ। ਇਸ ਦਿਸ਼ਾ ਵਿੱਚ ਵੈਨਕੂਵਰ ਸਥਿਤ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਸਟੀਫਨ ਬੀਥਰਸ ਨੇ ਖੋਜ ਜਾਰੀ ਰੱਖੀ ਹੋਈ ਹੈ।

ਇੰਟਰਨੈਟ ਦੀ ਲਤ ਵਿਗਾੜ ਰਹੀ ਹੈ ਦਿਮਾਗ ਦੀ ਕੈਮਿਸਟਰੀ

ਮਨੋਰੋਗ ਖੋਜ ਦੀ ਵਿਸ਼ਵ ਪ੍ਰਸਿੱਧ ਪੱਤਰਿਕਾ 'ਵਰਲਡ ਸਾਇਕੈਟਰੀ' ਦੇ ਜੂਨ 2019 ਅੰਕ ਵਿੱਚ ਪ੍ਰਕਾਸ਼ਿਤ ਅਧਿਐਨ ਮੁਤਾਬਿਕ ਇੰਟਰਨੈਟ ਦੀ ਜ਼ਿਆਦਾ ਵਰਤੋਂ ਸਾਡੇ ਦਿਮਾਗ 'ਤੇ ਸਥਾਈ ਅਤੇ ਅਸਥਾਈ ਰੂਪ ਵਿੱਚ ਅਸਰ ਪਾਉਂਦੀ ਹੈ। ਇਸ ਨਾਲ ਮੱਥੇ ਦੇ ਕੁੱਝ ਖਾਸ ਹਿੱਸਿਆਂ 'ਤੇ ਗਾਮਾ ਅਮਿਨੋਬਿਯੂਟ੍ਰਿਕ ਐਸਿਡ (G.A.B.A.) ਦਾ ਪੱਧਰ ਵਧ ਰਿਹਾ ਹੈ ਜਿਸ ਦਾ ਸਾਰੇ ਕਾਰਜਾਂ ਮਸਲਨ ਜਿਗਿਆਸਾ, ਤਣਾਅ, ਨੀਂਦ ਆਦਿ 'ਤੇ ਵੱਡਾ ਅਸਰ ਹੁੰਦਾ ਹੈ। ਇਸ ਦਾ ਅਸੰਤੁਲਨ ਬੇਚੈਨੀ, ਤਣਾਅ ਅਤੇ ਨਿਰਾਸ਼ਾ ਨੂੰ ਵਧਾਉਂਦਾ ਹੈ।

ਆਂਡੇ ਦੇ ਛਿਲਕੇ ਨਾਲ ਜੁੜਣਗੀਆਂ ਹੱਡੀਆਂ

ਆਈ.ਆਈ.ਟੀਂ ਹੈਦਰਾਬਾਦ ਅਤੇ ਐਨ.ਆਈ.ਟੀ. ਜਲੰਧਰ ਦੇ ਖੋਜੀਆਂ ਨੇ ਆਂਡੇ ਦੇ ਛਿਲਕੇ ਤੋਂ ਹੱਡੀ ਦਾ ਇਮਪਲਾਂਟ ਬਣਾਉਣ ਦੀ ਪ੍ਰੀਕ੍ਰਿਆ ਵਿਕਸਿਤ ਕੀਤੀ ਹੈ। ਉਹਨਾਂ ਨੇ ਆਂਡੇ ਦੇ ਛਿਲਕਿਆਂ ਤੋਂ ਟ੍ਰਾਈ ਕੈਲਸ਼ੀਅਮ ਫਾਸਫੇਟ (T.C.P.) ਨੈਨੋ ਪਾਊਡਰ ਤਿਆਰ ਕੀਤਾ ਹੈ ਜੋ ਇਸ ਕਾਰਜ ਲਈ ਵਰਤਿਆ ਜਾਵੇਗਾ।

(ਸ੍ਰੋਤ : 'ਵਿਗਿਆਨ ਪ੍ਰਗਤੀ', 'ਸ੍ਰੋਤ')

(ਪੰਜਾਬੀ ਅਨੁਵਾਦ : ਅਦਾਰਾ)

ਇਤਿਹਾਸਕ ਦਿਨ

2 ਮਾਰਚ : ਰੇਡੀਓ ਐਕਟੀਵਿਟੀ ਦੀ ਖੋਜ (1896)
2 ਮਾਰਚ : ਪਾਇਨੀਅਰ-10 (ਸੂਰਜੀ ਮੰਡਲ ਨੂੰ ਪਾਰ ਕਰਨ ਵਾਲਾ ਪਹਿਲਾ ਪੁਲਾੜੀ ਵਾਹਨ) ਦੀ ਉਡਾਣ (1972)
3 ਮਾਰਚ : ਟੈਲੀਫੋਨ ਦੇ ਖੋਜੀ ਗਰਾਹਮ ਬੈੱਲ ਦਾ ਜਨਮ (1847)
3 ਮਾਰਚ : ਗ੍ਰਿਫਤਾਰੀ ਸ਼ਹੀਦ ਕਰਤਾਰ ਸਿੰਘ ਸਰਾਭਾ (1915)
8 ਮਾਰਚ : ਕੌਮਾਂਤਰੀ ਔਰਤ ਦਿਵਸ
13 ਮਾਰਚ : ਊਧਮ ਸਿੰਘ ਨੇ ਸਰ ਮਾਈਕਲ ਉਡਵਾਇਰ ਨੂੰ ਗੋਲੀ ਮਾਰੀ (1940)
14 ਮਾਰਚ : ਮਹਾਨ ਵਿਗਿਆਨੀ ਅਲਬਰਟ ਆਈਨ ਸਟਾਈਨ ਦਾ ਜਨਮ (1879)
15 ਮਾਰਚ : ਵਿਸ਼ਵ ਖਪਤਕਾਰ ਹੱਕ ਦਿਵਸ
18 ਮਾਰਚ : ਬਰਤਾਨਵੀ ਹਕੂਮਤ ਨੇ ਬਦਨਾਮ 'ਰੌਲਟ ਐਕਟ' ਪਾਸ ਕੀਤਾ (1919)
20 ਮਾਰਚ : ਆਈਨ ਸਟਾਈਨ ਨੇ 'ਸਾਪੇਖਤਾਵਾਦ' ਦਾ ਸਿਧਾਂਤ ਪੇਸ਼ ਕੀਤਾ (1916)
21 ਮਾਰਚ : ਨਸਲਵਾਦ ਵਿਰੋਧੀ ਦਿਵਸ
22 ਮਾਰਚ : ਵਿਸ਼ਵ ਪਾਣੀ ਦਿਵਸ
23 ਮਾਰਚ : ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਬਰਤਾਨਵੀ ਹਕੂਮਤ ਵੱਲੋਂ ਫਾਂਸੀ (1931)
23 ਮਾਰਚ : ਇਨਕਲਾਬੀ ਕਵੀ ਪਾਸ਼ ਦਾ ਫਿਰਕਾਪ੍ਰਸਤਾਂ ਵੱਲੋਂ ਕਤਲ (1988)
25 ਮਾਰਚ : ਸੂਰਜ ਗ੍ਰਹਿਣ ਦੀ ਪਹਿਲੀ ਫੋਟੋ ਖਿੱਚੀ ਗਈ (1857)
25 ਮਾਰਚ : ਕ੍ਰਾਂਤੀਕਾਰੀ ਪੱਤਰਕਾਰ, 'ਪ੍ਰਤਾਪ' ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਕਾਨਪੁਰ ਵਿੱਚ ਫਿਰਕੂ ਦੰਗਿਆਂ ਨੂੰ ਰੋਕਣ ਦੀ ਕੋਸ਼ਿਸ਼ ਵਿੱਚ ਸ਼ਹੀਦ (1931)
26 ਮਾਰਚ : ਡਾ. ਜੋਨਜ਼ ਸਾਕ ਨੇ ਪੋਲੀਓ ਬੂੰਦਾਂ ਦੀ ਖੋਜ ਕੀਤੀ (1953)
27 ਮਾਰਚ : ਫੇਰੂ ਸ਼ਹਿਰ ਸਾਕੇ ਵਿੱਚ ਸ਼ਹਾਦਤਾਂ (1915)
27 ਮਾਰਚ : ਸ਼ਹੀਦੀ ਗ਼ਦਰੀ ਡਾ. ਮਥਰਾ ਸਿੰਘ (1917)
27 ਮਾਰਚ : ਵਿਸ਼ਵ ਰੰਗਮੰਚ ਦਿਵਸ
28 ਮਾਰਚ : ਜਨਮ ਦਿਨ ਰੂਸੀ ਲੇਖਕ ਮੈਕਸਿਮ ਗੋਰਕੀ (1868)
29 ਮਾਰਚ : ਮੰਗਲ ਪਾਂਡੇ ਵੱਲੋਂ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰਣ ਨਾਲ 1857 ਦੇ ਗ਼ਦਰ ਦੀ ਸ਼ੁਰੂਆਤ
4 ਅਪ੍ਰੈਲ : ਕਾਮਾਗਾਟਾਮਾਰੂ ਜਹਾਜ਼ ਹਾਂਗਕਾਂਗ ਤੋਂ ਕਨੇਡਾ ਲਈ ਚੱਲਿਆ (1914)
7 ਅਪ੍ਰੈਲ : ਵਿਸ਼ਵ ਸਿਹਤ ਦਿਵਸ
8 ਅਪ੍ਰੈਲ : ਮੰਗਲ ਪਾਂਡੇ ਦੀ ਸ਼ਹਾਦਤ (1857)
8 ਅਪ੍ਰੈਲ : ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਵੱਲੋਂ 'ਪਬਲਿਕ ਸੇਫਟੀ ਬਿਲ' ਅਤੇ 'ਇੰਡਸਟਰੀਅਲ ਡਿਸਪਿਊਟ ਬਿਲ' ਦੇ ਵਿਰੋਧ ਵਿੱਚ ਬਰਤਾਨਵੀ ਅਸੈਂਬਲੀ ਵਿੱਚ ਬੰਬ ਸੁੱਟਿਆ ਗਿਆ (1929)
9 ਅਪ੍ਰੈਲ : ਵਿਸ਼ਵ ਪ੍ਰਸਿੱਧ ਹਿੰਦੀ ਲੇਖਕ ਰਾਹੁਲ ਸੰਕ੍ਰਤਾਇਨ ਦਾ ਜਨਮ (1893)
10 ਅਪ੍ਰੈਲ : ਡਾ. ਅਬਰਾਹਮ ਟੀ. ਕਾਵੂਰ (ਤਰਕਸ਼ੀਲ ਲਹਿਰ ਦੇ ਮੋਢੀ) ਦਾ ਜਨਮ (1898)
13 ਅਪ੍ਰੈਲ : ਜਲ੍ਹਿਆਂਵਾਲਾ ਬਾਗ ਗੋਲੀ ਕਾਂਡ (1919)
14 ਅਪ੍ਰੈਲ : ਜਨਮ ਡਾ. ਬੀ.ਆਰ. ਅੰਬੇਦਕਰ (1891)
14 ਅਪ੍ਰੈਲ : ਕ੍ਰਾਂਤੀਕਾਰੀ ਵਿਸ਼ਵ ਪ੍ਰਸਿੱਧ ਹਿੰਦੀ ਲੇਖਕ ਰਾਹੁਲ ਸੰਕ੍ਰਤਾਇਨ (ਕੇਦਾਰ ਨਾਥ ਪਾਂਡੇ) ਦੀ ਮੌਤ (1963)
18 ਅਪ੍ਰੈਲ : ਚਟਗਾਂਵ ਵਿਦਰੋਹ (1930) ਚਟਗਾਂਵ (ਹੁਣ ਬੰਗਲਾਦੇਸ਼) ਸ਼ਹਿਰ ਵਿੱਚ ਮਾਸਟਰ ਸੂਰਯ ਸੇਨ ਦੀ ਅਗਵਾਈ ਵਿੱਚ ਨੌਜਵਾਨ ਕ੍ਰਾਂਤੀਕਾਰੀ ਦਲ ਨੇ ਬ੍ਰਿਟਿਸ਼ ਸ਼ਾਸਨ ਖਿਲਾਫ਼ ਵਿਦਰੋਹ ਕਰ ਦਿੱਤਾ ਅਤੇ ਹਥਿਆਰ ਘਰ 'ਤੇ ਕਬਜ਼ਾ ਕਰ ਲਿਆ।
19 ਅਪ੍ਰੈਲ : ਭਾਰਤ ਦਾ ਪਹਿਲਾ ਪੁਲਾੜੀ ਉਪਗ੍ਰਹਿ 'ਆਰੀਆ ਭੱਟ' ਪੁਲਾੜ 'ਚ ਛੱਡਿਆ ਗਿਆ (1975)
20 ਅਪ੍ਰੈਲ : ਜਨਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ (1939)
22 ਅਪ੍ਰੈਲ : ਵਿਸ਼ਵ ਧਰਤ ਦਿਵਸ
22 ਅਪ੍ਰੈਲ : ਰੂਸੀ ਇਨਕਲਾਬ ਦੇ ਆਗੂ ਵੀ.ਆਈ. ਲੈਨਿਨ ਦਾ ਜਨਮ (1870)
23 ਅਪ੍ਰੈਲ : ਵਿਸ਼ਵ ਪੁਸਤਕ ਦਿਵਸ

***

ਮਨੋਰੋਗ ਮਾਹਿਰ ਦੀ ਕਲਮ ਤੋਂ
(ਪਿਛਲੇ ਅੰਕ ਤੋਂ ਅੱਗੇ) - 3

ਪਲੱਸੀਬੋ ਅਤੇ ਨੋਸੀਬੋ

ਡਾ. ਬਲਵੰਤ ਸਿੰਘ



'ਨੋਸੀਬੋ' ਸ਼ਬਦ ਲਾਤੀਨੀ ਭਾਸ਼ਾ ਤੋਂ ਲਿਆ ਗਿਆ ਹੈ। ਇਸ ਦਾ ਮਤਲਬ ਹੈ ਨੁਕਸਾਨ ਕਰਨਾ। ਅੱਜ-ਕੱਲ੍ਹ ਇਹ ਸ਼ਬਦ ਕਿਸੇ ਵੀ ਦੁਆਈ ਜਾਂ ਹੋਰ ਪਦਾਰਥ ਜਾਂ ਇਲਾਜ ਦੀ ਵਿਧੀ ਦੇ ਲਈ ਵਰਤਿਆ ਜਾਂਦਾ ਹੈ ਜੋ ਅਸਲ ਵਿੱਚ ਨਹੀਂ ਪਰ ਵਿਸ਼ਵਾਸ ਜਾਂ ਯਕੀਨ ਕਾਰਣ ਨੁਕਸਾਨ ਕਰਦੀ ਹੈ। ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁਕਿਆ ਹੈ ਕਿ ਡਾਕਟਰ ਵਾਲਟਰ ਕੈਨੇਡੀ ਨੇ 1961 ਵਿੱਚ ਇਸ ਵਰਤਾਰੇ ਨੂੰ ਇੱਕ ਨਾਂ ਦਿੱਤਾ "ਨੋਸੀਬੋ ਇਫੈਕਟ (Nocebo effect)। ਅਸਲ ਵਿੱਚ ਇਹ ਸ਼ਬਦ, ਪਲੱਸੀਬੋ (Placebo) ਸ਼ਬਦ ਦਾ ਵਿਪਰੀਤ ਸ਼ਬਦ ਹੈ। ਸੋ ਜਿੱਥੇ ਪਲੱਸੀਬੋ ਕਿਸੇ ਅਸਰ ਤੋਂ ਵਾਂਝੇ ਹੋਣ ਤੇ ਵੀ ਚੰਗਾ ਅਸਰ ਕਰਦੀ ਹੈ ਉੱਥੇ ਨੋਸੀਬੋ ਹਾਨੀਕਾਰਕ ਨਾ ਹੋਣ ਦੇ ਬਾਵਜੂਦ ਵੀ ਬੁਰਾ ਅਸਰ ਕਰਦੀ ਹੈ ਜਾਂ ਉਸ ਤਰ੍ਹਾਂ ਦਾ ਅਣਚਾਹਿਆ ਅਸਰ ਕਰਦੀ ਹੈ ਜੋ ਉਹ ਅਸਲ ਵਿੱਚ ਨਹੀਂ ਕਰਦੀ। ਇਸ ਦੀਆਂ ਬਹੁਤ ਉਦਾਹਰਣਾਂ ਹਨ। ਜਿਵੇਂ ਕਿ ਪਹਿਲੇ ਭਾਗ ਵਿੱਚ ਡਾ. ਦਰਸ਼ਨ ਪਾਲ ਵੱਲੋਂ ਭੇਜੀ ਹੋਈ ਵੀਡੀਓ ਦਾ ਜ਼ਿਕਰ ਹੈ ਜਿਸ ਵਿੱਚ ਵੈਨਜ਼ ਵੈਂਡਰਜ਼ ਨਾਂ ਦੇ ਵਿਅਕਤੀ ਦਾ ਕੇਸ ਬਿਆਨ ਕੀਤਾ ਗਿਆ ਹੈ ਜਿਸ ਵਿੱਚ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਗਲਤ ਯਕੀਨ ਜਾਂ ਸੋਚ ਕਾਰਣ ਹੋਣ ਵਾਲੇ ਬੁਰੇ ਅਸਰ ਕਾਰਣ ਵਿਅਕਤੀ ਬਿਮਾਰ ਹੋ ਸਕਦਾ ਹੈ ਜਾਂ ਸੋਚ ਬਦਲਣ ਨਾਲ ਉਸੇ ਕਲਪਿਤ ਬਿਮਾਰੀ ਤੋਂ ਠੀਕ ਹੋ ਸਕਦਾ ਹੈ।

ਨੋਸੀਬੋ ਪ੍ਰਭਾਵ (Nocebo Effect) ਨੂੰ ਪਲੱਸੀਬੋ ਪ੍ਰਭਾਵ (Placebo Effect) ਦਾ ਸ਼ੈਤਾਨੀ ਜੋੜਾ (Evil Twin) ਵੀ ਕਿਹਾ ਗਿਆ ਹੈ। ਕਿਉਂਕਿ ਜਿਵੇਂ ਪਲੱਸੀਬੋ ਪ੍ਰਭਾਵ ਕਿਸੇ ਵੀ ਤਰ੍ਹਾਂ ਦੇ ਪ੍ਰਭਾਵਹੀਣ ਹੋਣ ਦੇ ਬਾਵਜੂਦ ਵੀ ਚੰਗਾ ਅਸਰ ਕਰਦਾ ਹੈ ਉਸਦੇ ਬਿਲਕੁਲ ਉਲਟ ਨੋਸੀਬੋ ਪ੍ਰਭਾਵ ਪ੍ਰਭਾਵਹੀਣ ਹੋਣ ਦੇ ਬਾਵਜੂਦ ਵੀ ਨੁਕਸਾਨਦਾਇਕ ਅਸਰ ਕਰਦਾ ਹੈ।

ਨੋਸੀਬੋ ਪ੍ਰਭਾਵ ਕਈ ਹਾਲਾਤਾਂ ਵਿੱਚ ਬਹੁਤ ਨੁਕਸਾਨ ਕਰ ਸਕਦਾ ਹੈ। ਕਿਉਂਕਿ ਆਮ ਤੌਰ ਤੇ ਲੋਕਾਂ ਨੂੰ ਡਾਕਟਰਾਂ ਵਿੱਚ ਬਹੁਤ ਵਿਸ਼ਵਾਸ ਹੁੰਦਾ ਹੈ (ਕੁੱਝ ਸਮਾਂ ਪਹਿਲਾਂ ਤੱਕ ਤਾਂ ਲੋਕੀ ਡਾਕਟਰਾਂ ਤੇ ਅੰਨ੍ਹਾ ਵਿਸ਼ਵਾਸ ਕਰਦੇ ਸਨ ਅਤੇ ਉਹਨਾਂ ਨੂੰ ਅਖੌਤੀ ਰੱਬ ਸਮਝਦੇ ਸਨ); ਇਸ ਕਰਕੇ ਕਿਸੇ ਵੀ ਰੋਗੀ ਦਾ ਇਲਾਜ ਕਰਵਾਉਂਦੇ ਸਮੇਂ ਡਾਕਟਰ ਤੇ ਬਹੁਤ ਜ਼ਿਆਦਾ ਵਿਸ਼ਵਾਸ ਹੋਣ ਕਾਰਣ ਡਾਕਟਰ ਦਾ ਬੋਲਿਆ ਹੋਇਆ ਕੋਈ ਵੀ ਸ਼ਬਦ ਰੋਗੀ ਲਈ ਬਹੁਤ ਅਹਿਮੀਅਤ ਰੱਖਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਡਾਕਟਰ ਦੇ ਚੰਗੇ ਜਾਂ ਮਾੜੇ ਬੋਲਾਂ ਦਾ ਮਰੀਜ਼ ਦੀ ਸਿਹਤ 'ਤੇ ਬਹੁਤ ਜ਼ਿਆਦਾ ਅਸਰ ਹੁੰਦਾ ਹੈ। ਜੇ ਸੰਬੰਧਿਤ ਡਾਕਟਰ ਦੇ ਬੋਲ ਬਹੁਤ ਸਕਾਰਾਤਮਕ ਅਤੇ ਚੰਗੇ ਹਨ ਤਾਂ ਉਹ ਮਰੀਜ਼ ਦੇ ਜ਼ਹਿਨ ਅੰਦਰ ਡੂੰਘਾ ਅਸਰ ਕਰਦੇ ਹਨ ਅਤੇ ਇਹ ਉਮੀਦ ਜਗਾਉਂਦੇ ਹਨ ਕਿ ਉਹ ਜਲਦੀ ਠੀਕ ਹੋ ਜਾਵੇਗਾ। ਅਜਿਹੀ ਮਨੋ ਅਵਸਥਾ ਵਿੱਚ ਰੋਗੀ ਦਾ ਹੌਸਲਾ ਬੁਲੰਦ ਹੁੰਦਾ ਹੈ ਅਤੇ ਉਹ ਬਿਮਾਰੀ ਦਾ ਮੁਕਾਬਲਾ ਬਿਹਤਰ ਤਰੀਕੇ ਨਾਲ ਕਰਕੇ ਸਫਲ ਇਲਾਜ ਕਰਵਾਉਂਦਾ ਹੋਇਆ ਸਿਹਤਯਾਬ ਹੋ ਜਾਂਦਾ ਹੈ। ਪਰੰਤੂ ਇਸ ਦੇ ਉਲਟ ਵੀ ਸੰਭਵ ਹੈ ਜਿਸ ਵਿੱਚ ਜੇ ਉਹੀ ਡਾਕਟਰ ਮਰੀਜ਼ ਨੂੰ ਇਲਾਜ ਦੌਰਾਨ ਬਹੁਤ ਨਿਰਾਸ਼ਾਜਨਕ ਗੱਲ ਕਹਿੰਦਾ ਹੈ ਜਿਸ ਅਨੁਸਾਰ ਮਰੀਜ ਦੀ ਬਿਮਾਰੀ ਦਾ ਇਲਾਜ ਸੰਭਵ ਨਹੀਂ ਜਾਂ ਲਾਇਲਾਜ ਹੈ ਅਜਿਹੀ ਗੱਲ ਮਰੀਜ਼ ਨੂੰ ਮੌਤ ਦਾ ਫਤਵਾ ਸੁਣਾਉਣ ਦੇ ਬਰਾਬਰ ਹੈ ਅਤੇ ਮਰੀਜ਼ ਲਈ ਬਹੁਤ ਹੀ ਨੁਕਸਾਨ ਦਾਇਕ ਹੋ ਸਕਦੀ ਹੈ। ਅਜਿਹੇ ਹਾਲਾਤ ਕਈ ਬਿਮਾਰੀਆਂ ਵਿੱਚ ਸਾਹਮਣੇ ਆਉਂਦੇ ਹਨ ਵਿਸ਼ੇਸ ਤੌਰ ਤੇ ਕੈਂਸਰ ਦੇ ਰੋਗ ਵਿੱਚ ਅਤੇ ਹੋਰ ਗੰਭੀਰ ਰੋਗਾਂ ਵਿੱਚ। ਅਜਿਹੀ ਨਕਾਰਾਤਮਕ ਪਹੁੰਚ ਨੂੰ ਹੈਕਸਿੰਗ (Hexing) ਵੀ ਕਿਹਾ ਜਾਂਦਾ ਹੈ। ਹੈਕਸਿੰਗ ਦਾ ਮੈਡੀਕਲ ਦੇ ਖੇਤਰ ਵਿੱਚ ਉਹੀ ਦਰਜਾ ਹੈ ਜੋ ਸਮਾਜ ਦੇ ਵਹਿਮਾਂ ਭਰਮਾਂ ਵਿੱਚ 'ਸ਼ਰਾਪ' ਜਾਂ ਵੂਡੂ (Curse or Voodoo) ਦਾ ਹੈ। ਪੁਰਾਣੇ ਸਮਿਆਂ ਵਿੱਚ ਲੋਕੀਂ ਸ਼ਰਾਪ ਤੋਂ ਇੰਨ੍ਹਾ ਡਰਦੇ ਸੀ ਕਿ ਉਨ੍ਹਾਂ ਤੇ ਸੱਚਮੁੱਚ ਹੀ 'ਸ਼ਰਾਪ' ਦਾ ਪ੍ਰਭਾਵ ਪੈਂਦਾ ਸੀ। ਸੋ ਇਹਨਾਂ ਗੱਲਾਂ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਵੈਨਜ਼ ਵੈਂਡਰਜ਼ ਨਾਂ ਦੇ ਵਿਅਕਤੀ ਦਾ ਜੋ ਕੇਸ ਪਹਿਲੇ ਭਾਗ ਵਿੱਚ ਬਿਆਨ ਕੀਤਾ ਗਿਆ ਹੈ ਅਸਲ ਵਿੱਚ ਸ਼ਰਾਪ ਦੇ ਵਿੱਚ ਬਹੁਤ ਅਥਾਹ ਵਿਸ਼ਵਾਸ ਹੋਣ ਕਾਰਣ ਨੋਸੀਬੋ ਪ੍ਰਭਾਵ ਕਾਰਣ ਹੀ ਬਿਮਾਰ ਹੋ ਗਿਆ ਸੀ ਅਤੇ ਬਾਅਦ ਵਿੱਚ ਜਦੋਂ ਉਸ ਦਾ ਨੋਸੀਬੋ ਪ੍ਰਭਾਵ ਬਾਰੇ ਡਰ ਹਟਾ ਦਿੱਤਾ ਗਿਆ ਅਤੇ ਉਸ ਨੂੰ ਇਸ ਗੱਲ ਤੇ ਵਿਸ਼ਵਾਸ ਹੋ ਗਿਆ ਤਾਂ ਉਹ ਠੀਕ ਹੋਣਾ ਸ਼ੁਰੂ ਹੋ ਗਿਆ। ਜੇ ਅੱਜ ਕੋਈ ਇਸ ਤਰ੍ਹਾਂ ਦਾ 'ਸ਼ਰਾਪ' ਦੇਵੇ ਤਾਂ ਲੋਕੀ

ਜਾਂ ਤਾਂ ਮਜ਼ਾਕ ਉਡਾਉਣਗੇ ਜਾਂ ਇਸ ਨੂੰ ਬਿਲਕੁਲ ਹੀ ਅਣਗੌਲਿਆ ਕਰ ਦੇਣਗੇ। ਉਸ ਸ਼ਰਾਪ ਦਾ ਕਿਸੇ 'ਤੇ ਵੀ ਕੋਈ ਅਸਰ ਨਹੀਂ ਹੋਵੇਗਾ। ਪਰ ਜੇ ਇਸ ਤਰ੍ਹਾਂ ਦਾ ਮੌਤ ਦਾ ਫਰਮਾਨ ਕੋਈ ਇਲਾਜ ਕਰ ਰਿਹਾ ਡਾਕਟਰ ਜੋ ਡਿਗਰੀਆਂ ਨਾਲ ਲੈਸ ਹੈ ਅਤੇ ਆਪਣੀ ਗੱਲਬਾਤ ਸਕੈਨ ਅਤੇ ਹੋਰ ਅਣਗਿਣਤ ਤਰ੍ਹਾਂ ਦੇ ਆਧੁਨਿਕ ਟੈਸਟਾਂ ਦੇ ਕਰਨ ਤੋਂ ਬਾਅਦ ਕਰਦਾ ਹੈ ਅਤੇ ਆਖਦਾ ਹੈ ਕਿ ਤੁਹਾਡੇ ਕੋਲ ਸਿਰਫ ਛੇ ਮਹੀਨੇ ਹਨ ਅਤੇ ਉਸ ਤੋਂ ਬਾਅਦ ਤੁਸੀਂ ਮਰ ਜਾਓਗੇ ਤਾਂ ਸੰਭਾਵਨਾ ਬਹੁਤ ਵਧ ਜਾਂਦੀ ਹੈ ਕਿ ਤੁਸੀਂ ਵਾਕਿਆ ਹੀ ਛੇ ਮਹੀਨੇ ਦੇ ਅੰਦਰ ਅੰਦਰ ਮਰ ਜਾਓਗੇ। ਇਹ ਵਰਤਾਰਾ ਵੀ ਨੋਸੀਬੋ ਪ੍ਰਭਾਵ ਦੇ ਕਾਰਣ ਸੰਭਵ ਹੋਵੇਗਾ ਕਿਉਂਕਿ ਮਰੀਜ਼ ਨੂੰ ਡਾਕਟਰ ਦੀ ਗੱਲ ਤੇ ਮੁਕੰਮਲ ਵਿਸ਼ਵਾਸ ਹੁੰਦਾ ਹੈ। ਸੋ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਮੈਡੀਕਲ ਸਾਇੰਸ ਵਿੱਚ ਹੈਕਸਿੰਗ ਦਾ ਅਸਰ ਨੋਸੀਬੋ ਪ੍ਰਭਾਵ ਕਾਰਣ ਹੀ ਹੁੰਦਾ ਹੈ ਅਤੇ ਇਸ ਕਾਰਣ ਕਈ ਵਾਰ ਬਹੁਤ ਨੁਕਸਾਨ ਹੋ ਸਕਦਾ ਹੈ।

ਆਧੁਨਿਕ ਸਾਇੰਸ ਦੇ ਮੁਤਾਬਿਕ ਵੂਡੂ ਮੌਤ ਦਾ ਕਾਰਣ ਬਹੁਤ ਜ਼ਿਆਦਾ ਡਰ ਹੈ। ਇਸ ਸੰਬੰਧੀ ਵਿਗਿਆਨੀ ਵਾਲਟਰ ਕੈਨਨ ਨੇ ਸੰਨ 1942 ਵਿੱਚ ਸਭ ਤੋਂ ਪਹਿਲਾਂ ਆਧੁਨਿਕ ਵਿਗਿਆਨ ਦੇ ਤਰੀਕਿਆਂ ਨਾਲ ਡਰ ਦੇ ਸਰੀਰ 'ਤੇ ਪ੍ਰਭਾਵ ਬਾਰੇ ਖੋਜ ਪ੍ਰਕਾਸ਼ਤ ਕੀਤੀ। ਵਾਲਟਰ ਕੈਨਨ ਦਾ ਕੰਮ ਅੱਜ ਵੀ ਬਹੁਤ ਅਹਿਮੀਅਤ ਰੱਖਦਾ ਹੈ ਅਤੇ ਮੈਡੀਕਲ ਵਿਗਿਆਨ ਦੀ ਪੜ੍ਹਾਈ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਂਦਾ ਹੈ। ਪਰ ਇਸ ਤੋਂ ਬਾਅਦ ਕਈ ਹੋਰ ਵਿਗਿਆਨੀਆਂ ਨੇ ਇਸ ਵਿਸ਼ੇ ਬਾਰੇ ਹੋਰ ਖੋਜ ਕੀਤੀ ਹੈ। ਬਹੁਤ ਜ਼ਿਆਦਾ ਡਰ ਨਾਲ ਦਿਮਾਗ ਦੇ ਹਿੱਸੇ ਹਾਈਪੋਥੇਲੇਮਸ (Hypothalamus) ਤੋਂ ਕੌਰਟੀਕੋਟ੍ਰੋਫਿਨ (Corticotrophin) ਨਾਮ ਦਾ ਹਾਰਮੋਨ ਨਿਕਲਦਾ ਹੈ ਅਤੇ ਇਹ ਸਰੀਰ ਦੀਆਂ ਹੋਰ ਹਾਰਮੋਨ ਪੈਦਾ ਕਰਨ ਵਾਲੀਆਂ ਗ੍ਰੰਥੀਆਂ 'ਤੇ ਅਸਰ ਕਰਦਾ ਹੈ ਜਿਸ ਤੋਂ ਹੋਰ ਅੱਗੇ ਹੋਰ ਵੱਖ-ਵੱਖ ਤਰ੍ਹਾਂ ਦੇ ਹਾਰਮੋਨ ਨਿਕਲਕੇ ਸਰੀਰ 'ਤੇ ਅਸਰ ਕਰਦੇ ਹਨ। ਦਿਮਾਗ ਦੇ ਭਾਵਨਾਵਾਂ ਨਾਲ ਸੰਬੰਧਤ ਹਿੱਸਿਆਂ ਨੂੰ ਸਮੂਹਕ ਤੌਰ 'ਤੇ ਲਿੰਬਿਕ ਪ੍ਰਣਾਲੀ (Limbic System) ਆਖਦੇ ਹਨ। ਉਕਤ ਹਾਰਮੋਨਾਂ ਦੇ ਨਾਲ ਨਾਲ ਲਿੰਬਿਕ ਪ੍ਰਣਾਲੀ ਦੇ ਕਈ ਹਿੱਸੇ ਬਹੁਤ ਜ਼ਿਆਦਾ ਡਰ ਦੀ ਹਾਲਤ ਵਿੱਚ ਸਰੀਰ ਦੀ ਡਰ ਨਾਲ ਲੜਨ ਜਾਂ ਭਜਣ ਦੀ ਕ੍ਰਿਆ ਵਿੱਚ ਯੋਗਦਾਨ ਪਾਉਂਦੇ ਹਨ। ਇਹ ਸਾਰੀਆਂ ਗਤੀਵਿਧੀਆਂ ਸਰੀਰ ਦੇ ਵੱਖ ਵੱਖ ਅੰਗਾਂ 'ਤੇ ਵੱਖ-ਵੱਖ ਤਰ੍ਹਾਂ ਦਾ ਅਸਰ ਕਰਦੀਆਂ ਹਨ, ਜਿਵੇਂ ਕਿ ਪੱਠਿਆਂ 'ਤੇ ਅਸਰ, ਦਿਲ ਦੀ ਗਤੀਵਿਧੀ 'ਤੇ ਅਸਰ ਆਦਿ ਆਦਿ। ਵਿਗਿਆਨੀਆਂ ਦੀ ਆਮ ਸਹਿਮਤੀ ਹੈ ਕਿ ਇਨ੍ਹਾਂ ਕੇਸਾਂ ਵਿੱਚ ਮੌਤ ਦਾ ਸਭ ਤੋਂ ਵੱਡਾ ਕਾਰਣ ਦਿਲ ਦੀ ਧੜਕਣ ਦਾ ਬਹੁਤ ਜ਼ਿਆਦਾ ਅਨਿਯਮਿਤ ਹੋਣਾ (Cardiac Arrhythmias) ਹੈ।

ਸੋ ਇਹ ਸਪੱਸ਼ਟ ਹੈ ਕਿ ਕਈ ਵਿਸ਼ੇਸ਼ ਹਾਲਾਤਾਂ ਵਿੱਚ ਨੋਸੀਬੋ ਪ੍ਰਭਾਵ ਬਹੁਤ ਹੀ ਬੁਰਾ ਪ੍ਰਭਾਵ ਪਾ ਸਕਦਾ ਹੈ। ਸੋ ਇਹਨਾਂ ਗੱਲਾਂ ਕਾਰਣ ਹੀ ਇਹ ਕਿਹਾ ਗਿਆ ਹੈ ਕਿ ਇਲਾਜ ਕਰਨ ਵਾਲੇ ਡਾਕਟਰ ਦਾ ਸੁਭਾਅ ਨਰਮ, ਹਮਦਰਦੀ ਭਰਿਆ ਅਤੇ ਦੂਜੇ ਦੀ ਗੱਲਬਾਤ ਚੰਗੀ ਤਰ੍ਹਾਂ ਸਮਝਕੇ ਗੱਲ ਕਰਨ ਵਾਲਾ ਹੋਣਾ ਚਾਹੀਦਾ ਹੈ। ਡਾਕਟਰ ਨੂੰ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਅਤੇ ਦੂਜੇ ਦੇ ਦਰਦ ਨੂੰ ਮਹਿਸੂਸ ਕਰਨ ਦੇ ਕਾਬਲ ਹੋਣਾ ਚਾਹੀਦਾ ਹੈ। ਆਪਣੇ ਵਿਵਹਾਰ ਕਾਰਣ ਹੀ ਇੱਕੋ ਤਰ੍ਹਾਂ ਦਾ ਇਲਾਜ ਕਰਨ ਦੇ ਬਾਵਜੂਦ ਵੀ ਸਾਰੇ ਡਾਕਟਰਾਂ ਦੇ ਨਤੀਜੇ ਵੱਖ ਵੱਖ ਹੁੰਦੇ ਹਨ। ਮਿੱਠ ਬੋਲੜੇ, ਚੰਗੇ ਵਿਵਹਾਰ ਵਾਲੇ ਅਤੇ ਸੰਵੇਦਨਸ਼ੀਲ ਡਾਕਟਰ ਜ਼ਿਆਦਾ ਸਫਲ ਹੁੰਦੇ ਹਨ ਅਤੇ ਅਕਸਰ ਹੀ ਲੋਕ ਇਹ ਕਹਿੰਦੇ ਹਨ ਕਿ ਫਲਾਣੇ ਡਾਕਟਰ ਦੇ ਹੱਥ ਬਹੁਤ ਸ਼ਫਾ ਹੈ ਜਾਂ ਬਹੁਤ ਹੱਥ ਜੱਸ ਹੈ। ਨੋਸੀਬੋ ਪ੍ਰਭਾਵ ਹੋਰ ਤਰੀਕੇ ਦੀਆਂ ਧਾਰਣਾਵਾਂ ਕਰਕੇ ਵੀ ਹੋ ਸਕਦਾ ਹੈ। ਜਿਵੇਂ ਕਿ ਕੁੱਝ ਸਮੇਂ ਪਹਿਲਾਂ ਤੱਕ ਅਨਪੜ੍ਹ ਲੋਕਾਂ ਵਿੱਚ ਇਹ ਆਮ ਬਹੁਤ ਹੀ ਗਲਤ ਧਾਰਣਾ ਸੀ ਕਿ ਬਚਾਉ ਦੇ ਟੀਕੇ ਬੱਚਿਆਂ ਦਾ ਨੁਕਸਾਨ ਕਰਦੇ ਹਨ, ਇਸ ਕਰਕੇ ਨਹੀਂ ਲਗਾਉਣੇ ਚਾਹੀਦੇ। ਟੀਕੇ ਲਗਾਉਣ ਦੇ ਦਿਨ ਲੋਕ ਬੱਚਿਆਂ ਨੂੰ ਸਕੂਲ ਨਹੀਂ ਭੇਜਦੇ ਸਨ। ਇਸ ਤਰ੍ਹਾਂ ਕਰਨ ਨਾਲ ਬੱਚਿਆਂ ਨੂੰ ਕਈ ਬਿਮਾਰੀਆਂ ਲੱਗਣ ਦਾ ਡਰ ਹੁੰਦਾ ਸੀ। ਅਜਿਹੀ ਇੱਕ ਬਹੁਤ ਹੀ ਖਤਰਨਾਕ ਬਿਮਾਰੀ ਪੋਲੀਓ ਸੀ, ਜਿਸ ਦਾ ਹੁਣ ਬਚਾਉ ਦੇ ਟੀਕਿਆਂ ਕਾਰਣ ਖਾਤਮਾ ਹੋ ਚੁੱਕਿਆ ਹੈ। ਇਸ ਤਰ੍ਹਾਂ ਦੀਆਂ ਗਲਤ ਧਾਰਣਾਵਾਂ ਕਰਕੇ ਇਹ ਵੀ ਹੁੰਦਾ ਸੀ ਕਿ ਜੇ ਕਿਸੇ ਨੇ ਬਚਾਉ ਦੇ ਟੀਕੇ ਲਗਵਾਏ ਹਨ ਅਤੇ ਜਿਸ ਨਾਲ ਬਹੁਤ ਥੋੜ੍ਹਾ ਦਰਦ ਜਾਂ ਹੋਰ ਤਕਲਿਫ ਹੁੰਦੀ ਸੀ ਤਾਂ ਨੋਸੀਬੋ ਪ੍ਰਭਾਵ ਕਾਰਣ ਲੋਕੀ ਬਹੁਤ ਤਕਲੀਫ ਜਾਂ ਬਿਮਾਰ ਮਹਿਸੂਸ ਕਰਦੇ ਸੀ। ਇਸੇ ਤਰ੍ਹਾਂ ਸਟੈਟਿਨ ਦੁਆਈਆਂ (Statins) ਜੋ ਖ਼ੂਨ ਵਿੱਚੋ ਚਰਬੀ ਘਟਾਉਂਦੀਆਂ ਹਨ ਅਤੇ ਇਸ ਤਰ੍ਹਾਂ ਦਿਲ ਅਤੇ ਦਿਮਾਗ ਦੀਆਂ ਕਈ ਬਿਮਾਰੀਆਂ ਨੂੰ ਹੋਣ ਤੋਂ ਰੋਕਦੀਆਂ ਹਨ, ਬਾਰੇ ਗਲਤ ਧਾਰਣਾ ਪ੍ਰਚਲਿਤ ਹੈ ਕਿ ਇਹ ਦੁਆਈਆਂ ਬਹੁਤ ਖਰਾਬ ਕਰਦੀਆਂ ਹਨ। ਇਸ ਲਈ ਨਹੀਂ ਖਾਣੀਆਂ ਚਾਹੀਦੀਆਂ। ਇਸ ਤਰ੍ਹਾਂ ਦੀ ਉਲਟ ਧਾਰਣਾ ਕਰਕੇ ਸਟੈਟਿਨ ਦੁਆਈਆਂ ਖਾਣ ਵਾਲੇ ਵਿਅਕਤੀ ਲੋੜ ਤੋਂ ਵੱਧ ਬੁਰੇ ਪ੍ਰਭਾਵ (ਸਾਇਡ ਇਫੈਕਟ) ਮਹਿਸੂਸ ਕਰਦੇ ਹਨ ਅਤੇ ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਇਹਨਾਂ ਦੀ ਜਰੂਰਤ ਹੁੰਦੀ ਹੈ ਉਹ ਇਹ ਨਹੀਂ

ਵਰਤਦੇ ਜਾਂ ਸ਼ੁਰੂ ਕਰਨ ਤੋਂ ਬਾਅਦ ਬੰਦ ਕਰ ਦਿੰਦੇ ਹਨ। ਅਜਿਹੇ ਵਿਅਕਤੀਆਂ ਵਿੱਚ ਦਿਲ ਦਾ ਦੌਰਾ ਪੈਣ ਜਾਂ ਅਧਰੰਗ ਦਾ ਅਟੈਕ ਹੋਣ ਦਾ ਖਤਰਾ ਵਧ ਜਾਂਦਾ ਹੈ। ਨੋਸੀਬੋ ਪ੍ਰਭਾਵ ਕਾਰਣ ਕਈ ਲੱਛਣ ਆਮ ਹੀ ਹੋ ਸਕਦੇ ਹਨ ਜਿਵੇਂ ਕਿ ਪੇਟ ਦਰਦ, ਡਕਾਰ, ਅਫਾਰਾ, ਖਾਰਿਸ਼, ਜੀ ਕੱਚਾ ਹੋਣਾ, ਭੁੱਖ ਦਾ ਮਰਨਾ, ਚੱਕਰ ਆਉਣਾ ਅਤੇ ਸੈਕਸ ਸੰਬੰਧੀ ਰੋਗ ਆਦਿ। ਇਹ ਵੀ ਦੇਖਿਆ ਗਿਆ ਹੈ ਕਿ ਜੇ ਇਲਾਜ ਕਰਨ ਵਾਲਾ ਡਾਕਟਰ ਮਰੀਜ ਨੂੰ ਦੁਆਈਆਂ ਦੇ ਬੁਰੇ ਪ੍ਰਭਾਵ ਬਾਰੇ ਜ਼ਿਆਦਾ ਸੁਚੇਤ ਕਰੇ ਤਾਂ ਜ਼ਿਆਦਾ ਰੋਗੀਆਂ ਵਿੱਚ ਬੁਰੇ ਪ੍ਰਭਾਵ ਜ਼ਾਹਰ ਹੁੰਦੇ ਹਨ ਮੁਕਾਬਲਤਨ ਉਨ੍ਹਾਂ ਦੇ ਜਿਹਨਾਂ ਨੂੰ ਇਹ ਬੁਰੇ ਪ੍ਰਭਾਵ ਨਹੀਂ ਦੱਸੇ ਗਏ ਸੀ। ਪਰ ਇੱਥੇ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਇਸਦਾ ਮਤਲਬ ਇਹ ਨਹੀਂ ਕਿ ਡਾਕਟਰ ਮਰੀਜ਼ ਨੂੰ ਇਲਾਜ ਵਾਲੀਆਂ ਦੁਆਈਆਂ ਦੇ ਬੁਰੇ ਪ੍ਰਭਾਵ ਬਾਰੇ ਬਿਲਕੁਲ ਹੀ ਨਾ ਦੱਸੇ। ਕਿਸੇ ਵੀ ਡਾਕਟਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਦੁਆਈਆਂ ਸੰਬੰਧੀ ਗੰਭੀਰ ਬੁਰੇ ਪ੍ਰਭਾਵ, ਜੋ ਸੰਭਵ ਹਨ- ਦੀ ਜਾਣਕਾਰੀ ਮਰੀਜ਼ ਨੂੰ ਦੱਸੇ। ਬਹੁਤ ਸਾਰੇ ਮਰੀਜ਼ ਨੋਸੀਬੋ ਪ੍ਰਭਾਵ ਕਾਰਣ ਹੀ ਕਈ ਵਾਰ ਜ਼ਰੂਰੀ ਦੁਆਈਆਂ ਵੀ ਲੈਣ ਤੋਂ ਗੁਰੇਜ ਕਰਦੇ ਹਨ ਅਤੇ ਨੁਕਸਾਨ ਉਠਾਉਂਦੇ ਹਨ। ਪਰ ਕਿਉਂਕਿ ਸਹੀ ਚੋਣ ਕੀਤੀਆਂ ਦੁਆਈਆਂ ਸਹੀ ਮਾਤਰਾ ਵਿੱਚ ਦੇਣ ਵੇਲੇ ਬਹੁਤ ਸੁਰੱਖਿਅਤ ਹੁੰਦੀਆਂ ਹਨ, ਦੁਆਈਆਂ ਦੀ ਸੁਰੱਖਿਆ ਬਾਰੇ ਮਰੀਜ਼ ਨੂੰ ਤਸੱਲੀ ਦੇਣਾ ਵੀ ਡਾਕਟਰ ਦਾ ਫਰਜ਼ ਹੈ ਤਾਂ ਜੋ ਮਰੀਜ਼ ਨੂੰ ਬੇਲੋੜੀਂਦਾ ਤੌਖਲਾ ਨਾ ਹੋਵੇ।

ਇਸ ਤੋਂ ਇਲਾਵਾ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਆਮ ਹੀ ਨੈਚੁਰੋਪੈਥੀ, ਹੋਮੀਓਪੈਥੀ ਅਤੇ ਆਯੁਰਵੇਦ ਦੇ ਡਾਕਟਰ ਇਹ ਪ੍ਰਚਾਰ ਕਰਦੇ ਹਨ ਕਿ ਐਲੋਪੈਥੀ ਦੁਆਈਆਂ ਜਾਂ ਇਲਾਜ, ਸਿਹਤ ਖਰਾਬ ਕਰਦੇ ਹਨ ਕਿਉਂਕਿ ਇਹ ਜੜ੍ਹ ਤੋਂ ਬਿਮਾਰੀ ਖਤਮ ਨਹੀ ਕਰਦੀਆਂ ਅਤੇ ਇਨ੍ਹਾਂ ਦੇ ਬਹੁਤ ਜ਼ਿਆਦਾ ਬੁਰੇ ਪ੍ਰਭਾਵ ਹੁੰਦੇ ਹਨ, ਆਦਿ ਆਦਿ। ਜਦੋਂ ਕਿ ਸੱਚਾਈ ਇਹ ਹੈ ਕਿ ਆਧੁਨਿਕ ਵਿਗਿਆਨ ਤੇ ਆਧਾਰਤ ਦੁਆਈਆਂ ਅਤੇ ਇਲਾਜ ਬਹੁਤ ਹੀ ਕਾਰਗਰ ਅਤੇ ਪ੍ਰਭਾਵਸ਼ਾਲੀ ਹਨ। ਬੇਸ਼ਕ ਅੱਜ-ਕੱਲ੍ਹ ਕਈ ਲਾਲਚੀ ਡਾਕਟਰ ਅਤੇ ਵੱਡੇ ਹਸਪਤਾਲ ਮਰੀਜਾਂ ਦਾ ਸ਼ੋਸ਼ਣ ਵੀ ਕਰਦੇ ਹਨ ਅਤੇ ਆਪਣੇ ਨਿੱਜੀ ਮੁਫਾਦ ਲਈ ਇਸ ਚੰਗੇ ਕਿੱਤੇ ਨੂੰ ਘਟੀਆ ਵਪਾਰ ਵਾਂਗ ਚਲਾਉਂਦੇ ਹਨ। ਪਰ ਇਸ ਵਿੱਚ ਆਧੁਨਿਕ ਵਿਗਿਆਨਕ ਪੱਧਤੀ ਅਤੇ ਇਲਾਜਾਂ ਦਾ ਦੋਸ਼ ਨਹੀਂ ਬਲਕਿ ਪ੍ਰਬੰਧਕੀ ਨਿਜ਼ਾਮ ਦੀ ਨਲਾਇਕੀ ਹੈ। ਇਹ ਇੱਕ ਬਿਲਕੁਲ ਅਲੱਗ ਬਹੁਤ ਹੀ ਗੰਭੀਰ ਮੁੱਦਾ ਹੈ।

ਅਮਰੀਕਾ ਦੀ ਐਪਲ ਕੰਪਨੀ ਦੇ ਮਸ਼ਹੂਰ ਮੁਖੀ (ਸੀ.ਈ.ਓ.) ਸਟੀਵ ਜੌਬਜ਼ ਦਾ ਕੇਸ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਜੋ ਆਪਣੀ ਸਿਹਤ ਦਾ ਬਹੁਤ ਧਿਆਨ ਰੱਖਦਾ ਸੀ, ਪਰ ਉਸ ਨੇ ਇੱਕ ਗੰਭੀਰ ਰੋਗ (Cancer of Pancreas) ਬਾਰੇ ਮਾਹਿਰ ਡਾਕਟਰਾਂ ਦੀ ਸਲਾਹ ਨੂੰ ਅੱਖੋਂ ਪਰੋਖੇ ਕਰ ਕੇ ਆਪਣੇ ਦ੍ਰਿੜ ਮਨੋਬਲ ਅਤੇ ਹੋਰ ਕੁਦਰਤੀ ਇਲਾਜ ਦੀਆਂ ਵਿਧੀਆਂ ਜਾਂ ਤਰੀਕਿਆਂ ਰਾਹੀਂ ਬਿਮਾਰੀ ਤੇ ਕਾਬੂ ਪਾਉਣ ਦਾ ਅਸਫਲ ਯਤਨ ਕੀਤਾ ਅਤੇ ਨਤੀਜੇ ਵਜੋਂ ਜਾਨ ਤੋਂ ਹੱਥ ਧੋ ਬੈਠਾ।

ਨੋਸੀਬੋ ਪ੍ਰਭਾਵ ਤੋਂ ਬਿਨ੍ਹਾਂ ਵੀ ਕਈ ਵਾਰ ਇਲਾਜ ਵੇਲੇ ਡਾਕਟਰਾਂ ਵੱਲੋਂ ਗਲਤੀ ਨਾਲ ਜਾਂ ਲਾਪਰਵਾਹੀ ਨਾਲ ਸੱਚਮੁੱਚ ਦਾ ਸਰੀਰਕ ਨੁਕਸਾਨ ਹੋ ਸਕਦਾ ਹੈ ਜਾਂ ਬਿਮਾਰੀ ਲੱਗ ਸਕਦੀ ਹੈ; ਇਸ ਨੂੰ ਆਇਟ੍ਰੋਜੈਨਿਕ ਬਿਮਾਰੀ (iatrogenic illness/effects) ਕਿਹਾ ਜਾਂਦਾ ਹੈ। ਹਸਪਤਾਲ ਵਿੱਚੋਂ ਕਿਟਾਣੂ ਸਰੀਰ ਵਿੱਚ ਦਾਖਲ ਹੋਣ ਵਾਲੀ ਇਨਫੈਕਸ਼ਨ ਨੂੰ ਨੋਸੋਕੋਮੀਅਲ ਇਨਫੈਕਸ਼ਨ (Nosocomial Infection) ਕਿਹਾ ਜਾਂਦਾ ਹੈ। ਇਲਾਜ ਦੌਰਾਨ ਇਹ ਦੋਨੋਂ ਬੁਰੇ ਅਸਰ ਮਨੁੱਖੀ ਸਰੀਰ ਤੇ ਸੱਚਮੁੱਚ ਦੇ ਅਸਰ ਹਨ। ਭਾਵ ਕਿ ਨੋਸੀਬੋ ਪ੍ਰਭਾਵ ਵਾਂਗ ਨਹੀਂ ਹਨ। ਇਹੀ ਕਾਰਣ ਹੈ ਕਿ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਹਸਪਤਾਲ ਜਾਣ ਵੇਲੇ ਬਿਨ੍ਹਾਂ ਲੋੜ ਤੋਂ ਬਹੁਤ ਛੋਟੇ ਬੱਚਿਆਂ ਨੂੰ ਨਾਲ ਨਹੀਂ ਲਿਜਾਣਾ ਚਾਹੀਦਾ। ਕਿਉਂਕਿ ਇਸ ਨਾਲ ਉਹਨਾਂ ਦੇ ਬਿਮਾਰ ਹੋਣ ਦਾ ਖਤਰਾ ਹੁੰਦਾ ਹੈ।

ਸੋ ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਮਨੁੱਖੀ ਸੋਚ ਕਾਰਣ ਪਲੱਸੀਬੋ ਅਤੇ ਨੋਸੀਬੋ ਪ੍ਰਭਾਵ ਸਰੀਰ 'ਤੇ ਕਿੰਨਾ ਜ਼ਿਆਦਾ ਅਸਰ ਕਰ ਸਕਦੇ ਹਨ। ਜੇ ਸਾਨੂੰ ਇਹਨਾਂ ਵਰਤਾਰਿਆਂ ਬਾਰੇ ਸਹੀ ਜਾਣਕਾਰੀ ਹੋਵੇ ਤਾਂ ਅਸੀਂ ਆਪਣੀ ਸਿਹਤ ਅਤੇ ਰੋਗਾਂ ਬਾਰੇ ਹੋਰ ਜ਼ਿਆਦਾ ਸਹੀ ਫੈਸਲੇ ਲੈ ਕੇ ਸਿਹਤਯਾਬ ਹੋ ਸਕਦੇ ਹਾਂ ਅਤੇ ਵਹਿਮਾਂ-ਭਰਮਾਂ ਤੋਂ ਵੀ ਬਚ ਸਕਦੇ ਹਾਂ।

ਸਾਬਕਾ ਪ੍ਰਿੰਸੀਪਲ/ਪ੍ਰੋਫੈਸਰ ਤੇ ਮੁਖੀ,
ਸਾਇਕੈਟਰੀ/ਨਸ਼ਾ ਛੁਡਾਊ ਵਿਭਾਗ,
ਰਾਜਿੰਦਰਾ ਹਸਪਤਾਲ,ਪਟਿਆਲਾ।

'ਰੱਬ' 'ਚ ਯਕੀਨ ਕਰਨ ਦਾ ਸਭ ਤੋਂ ਵੱਡਾ ਫਾਇਦਾ ਤਾਂ ਇਹੀ ਹੈ ਕਿ ਤੁਹਾਨੂੰ ਕੁੱਝ ਵੀ ਸਮਝਣ ਦੀ ਲੋੜ ਨਹੀਂ ਹੈ, ਨਾ ਭੌਤਿਕ ਵਿਗਿਆਨ ਨਾ ਜੀਵ ਵਿਗਿਆਨ।

- ਡਾਕਟਰ ਜੇਮਜ਼ ਵਾਟਸਨ
(ਅਮਰੀਕਨ ਜੀਵ ਵਿਗਿਆਨੀ)

ਵਿਚਾਰ ਚਰਚਾ ਹਿੱਤ

ਭਗਤ ਸਿੰਘ ਤੇ ਤਰਕਸ਼ੀਲਤਾ



ਹੇਮ ਰਾਜ ਸਟੈਨੋ

ਸੱਚੇ ਗਿਆਨ ਤੋਂ ਬਿਨਾਂ ਮਨੁੱਖਤਾ ਦੀ ਉੱਨਤੀ ਸੰਭਵ ਨਹੀਂ। ਜਿਵੇਂ ਹੋਰ ਹਰ ਖੇਤਰ ਵਿੱਚ ਕਿਸੇ ਨਾ ਕਿਸੇ ਵਿਧੀ ਦੀ ਜ਼ਰੂਰਤ ਹੁੰਦੀ ਹੈ, ਇਸੇ ਤਰ੍ਹਾਂ ਗਿਆਨ ਹਾਸਲ ਕਰਨ ਲਈ ਵੀ ਵਿਧੀ ਦੀ ਜਰੂਰਤ ਹੈ। ਇਹ ਵਿਧੀ ਕੀ ਹੋਵੇ ?

ਇਕ ਵਿਚਾਰ ਇਹ ਰਿਹਾ ਹੈ ਕਿ ਮਨੁੱਖ ਆਪਣੇ ਦਿਮਾਗ ਰਾਹੀਂ ਤਰਕ-ਉਸਾਰੀ ਕਰਕੇ ਹੀ ਗਿਆਨ ਹਾਸਲ ਕਰ ਸਕਦਾ ਹੈ। ਪਰ ਸੋਚੋ ਜੇਕਰ ਮਨੁੱਖ ਅੰਨ੍ਹਾ ਹੋਵੇ ਤਾਂ ਕੀ ਉਹ ਆਪਣੇ ਤਰਕ ਰਾਹੀਂ ਇਹ ਦੱਸ ਸਕੇਗਾ ਕਿ ਉਸਦੇ ਸਾਹਮਣੇ ਰੱਖੀ ਸ਼ੈਅ ਦਾ ਰੰਗ ਕੀ ? ਬਿਲਕੁਲ ਨਹੀਂ। ਮਨੁੱਖੀ ਗਿਆਨ ਇੰਦਰੀਆਂ ਦੇ ਅਨੁਭਵ ਵਾਲੇ ਰੋਲ ਨੂੰ ਨਕਾਰਦਾ ਹੋਣ ਕਰਕੇ ਇਹ ਬਾਹਰਮੁਖੀ ਹਕੀਕਤ ਨਾਲੋਂ ਟੁੱਟ ਜਾਂਦਾ ਹੈ। ਇਸ ਲਈ ਇਸ ਵਿਚਾਰ ਨੂੰ ਤਰਕਪ੍ਰਸਤੀ ਕਹਿਕੇ ਰੱਦ ਕੀਤਾ ਗਿਆ ਹੈ।



ਇਕ ਵਿਚਾਰ ਇਹ ਰਿਹਾ ਹੈ ਕਿ ਗਿਆਨ ਦਾ ਇੱਕੋ-ਇੱਕੋ ਭਰੋਸੇਯੋਗ ਸੋਮਾ, ਗਿਆਨ ਇੰਦਰੀਆਂ ਹਨ। ਪਰ ਹੱਥ ਦੀ ਸਫਾਈ ਦੀਆਂ ਖੇਲਾਂ ਸਾਧਾਰਨ ਵਿਅਕਤੀ ਨੂੰ ਜਾਦੂ ਦਾ ਭੁਲੇਖਾ ਪੈਦਾ ਕਰ ਦਿੰਦੀਆਂ ਹਨ। ਇਸ ਲਈ ਇਹ ਵਿਚਾਰ ਵੀ ਠੀਕ ਨਾ ਹੋਣ ਕਰਕੇ ਰੱਦ ਕਰ ਦਿੱਤਾ ਗਿਆ।

ਹੋਰ ਅੱਗੇ। ਅਧਿਆਪਕ, ਬੱਚੇ ਨੂੰ ਪੁੱਛਦਾ ਹੈ ਕਿ ਉਸਦਾ ਜਨਮ ਕਿਵੇਂ ਹੋਇਆ ? ਬੱਚਾ ਦੱਸਦਾ ਹੈ ਕਿ ਉਸ ਨੂੰ ਤਾਂ 'ਰੱਬ' ਨੇ ਭੇਜਿਆ ਹੈ। ਉਹ ਅੱਗੇ ਕਹਿੰਦਾ ਹੈ ਕਿ ਇਹ ਗੱਲ ਉਸ ਨੂੰ, ਉਸਦੀ ਮਾਤਾ ਨੇ ਦੱਸੀ ਹੈ ਤੇ ਮਾਵਾਂ ਕਦੇ ਝੂਠ ਨਹੀ ਬੋਲਦੀਆਂ। ਭਾਵ "ਮਾਵਾਂ ਕਦੇ ਝੂਠ ਨਹੀ ਬੋਲਦੀਆਂ" ਦੀ ਤਰਕ-ਉਸਾਰੀ ਕਰਕੇ ਉਸ ਨੇ ਆਪਣੇ ਜਨਮ ਬਾਰੇ ਗਲਤ ਵਿਚਾਰ ਬਣਾ ਲਿਆ। ਸੋ ਮਨੁੱਖ, ਗਿਆਨ ਇੰਦਰੀਆਂ ਰਾਹੀਂ ਅਨੁਭਵ ਤੋਂ ਆਪਣੇ ਤਰਕ ਰਾਹੀਂ ਜੋ ਵਿਚਾਰ ਬਣਾਉਂਦਾ ਹੈ, ਇਹ ਠੀਕ ਹੈ ਜਾਂ ਗਲਤ, ਇਸਦੀ ਪਰਖ ਕਿਵੇਂ ਹੋਵੇ ? ਇਸ ਦੇ ਹੱਲ ਲਈ ਇਸ ਵਿੱਚ ਤਜਰਬੇ ਨੂੰ ਸ਼ਾਮਲ ਕੀਤਾ ਗਿਆ।

ਇਸ ਲਈ ਮਨੁੱਖ ਦੀਆਂ ਗਿਆਨ ਇੰਦਰੀਆਂ ਬਾਹਰੀ ਜਗਤ ਬਾਰੇ ਜੋ ਸੰਦੇਸ਼ ਦਿੰਦੀਆਂ ਹਨ ਉਸ ਤੋ ਉਹ ਤਰਕ ਰਾਹੀਂ ਕਿਸੇ ਵਿਚਾਰ 'ਤੇ ਪਹੁੰਚਕੇ ਇਸ ਨੂੰ ਤਜਰਬੇ ਰਾਹੀਂ ਪਰਖਦਾ ਹੈ। ਸੋ ਇਸ ਵਿਧੀ ਵਿੱਚ ਅਨੁਭਵ, ਤਰਕ ਤੇ ਤਜਰਬਾ ਸ਼ਾਮਲ ਹੈ। ਕਾਮਰੇਡ ਲੈਨਿਨ ਨੇ ਇਸ ਦੀ ਗੁਰਬੰਦੀ ਇਉ ਕੀਤੀ: "ਸਜੀਵ ਅਨੁਭਵ ਤੋਂ ਅਮੂਰਤ ਵਿਚਾਰ ਅਤੇ ਇਸ ਤੋਂ (ਵਿਚਾਰਾਂ ਤੋਂ) ਅਮਲ ਵੱਲ-ਇਹ ਹੈ ਸਚਾਈ ਅਤੇ ਬਾਹਰਮੁਖੀ ਅਸਲੀਅਤ ਨੂੰ ਜਾਨਣ ਦਾ ਅਸਲੀ ਰਾਹ।" ਇਸ ਤਰ੍ਹਾਂ ਇਸ ਤਰਕਸ਼ੀਲ ਵਿਧੀ ਵਿੱਚ ਗਿਆਨ ਹਾਸਲ ਕਰਨ ਅਤੇ ਇਸ ਦੀ ਪਰਖ ਦੀ ਕਸਵੱਟੀ (ਅਮਲ) ਵੀ ਸ਼ਾਮਲ ਹੈ।

ਇਸੇ ਕਰਕੇ ਹੀ ਤਰਕਸ਼ੀਲਤਾ ਜਿੱਥੇ ਮਨੁੱਖ ਕੋਲ ਮੌਜੂਦ ਗਿਆਨ ਤੋਂ ਤਰਕ ਰਾਹੀਂ ਫੈਸਲੇ ਲੈਣ ਦੀ ਵਿਧੀ ਦਾ ਨਾਮ ਹੈ, ਉੱਥੇ ਇਹ ਵਿਧੀ ਠੀਕ ਅਤੇ ਗਲਤ, ਸੱਚ ਅਤੇ ਝੂਠ, ਭਲਾਈ ਅਤੇ ਬੁਰਿਆਈ ਆਦਿ ਵਿੱਚ ਵਖਰੇਵਾਂ ਕਰਨ ਦਾ ਸਾਧਨ ਵੀ ਹੈ। ਇਹ ਮਨੁੱਖ ਨੂੰ ਠੀਕ, ਸੱਚੇ ਅਤੇ ਭਲੇ ਨੂੰ ਅਪਣਾਉਣ ਅਤੇ ਗਲਤ, ਝੂਠ ਅਤੇ ਬੁਰਿਆਈ ਆਦਿ ਨੂੰ ਨਕਾਰਨ ਦਾ ਰਸਤਾ ਤਿਆਰ ਕਰਦੀ ਹੈ। ਸਾਰ-ਤੱਤ, ਇਹ ਵਿਧੀ ਹੀ ਹੈ ਜੋ ਮਨੁੱਖ ਨੂੰ ਆਜ਼ਾਦ ਇੱਛਾ ਮਾਨਣ ਦੇ ਯੋਗ ਬਣਾਉਂਦੀ ਹੈ ਅਤੇ ਮਨੁੱਖ ਨੂੰ ਭਰਮ-ਮੁਕਤ ਕਰ ਸਕਦੀ ਹੈ। ਇਸ ਤੋ ਮਨੁੱਖੀ ਜੀਵਨ ਲਈ ਤਰਕਸ਼ੀਲ ਵਿਧੀ ਦੇ ਮਹੱਤਵ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਆਓ ਹੁਣ ਇਸ ਵਿਧੀ ਦੇ ਜਰੂਰੀ ਲੱਛਣਾਂ ਨੂੰ ਵਿਚਾਰਦੇ ਹੋਏ ਇਹ ਵਿਚਾਰੀਏ ਕਿ ਭਗਤ ਸਿੰਘ ਦੀ ਸੋਚ ਤੇ ਅਮਲ 'ਚ ਇਹ ਲੱਛਣ ਕਿਵੇਂ ਪ੍ਰਗਟ ਹੁੰਦੇ ਹਨ ਅਤੇ ਉਨ੍ਹਾਂ ਨੇ ਇਸ ਵਿਧੀ ਦੀ ਮਹੱਤਤਾ ਨੂੰ ਕਿਸ ਪੱਧਰ ਤੱਕ ਉਚਿਆਇਆ।

1. ਕਾਰਣਤਾ (Causation) : ਇਸਨੂੰ ਆਮ ਬੋਲ-ਚਾਲ ਦੀ ਭਾਸ਼ਾ ਵਿੱਚ ਇਉਂ ਕਿਹਾ ਜਾਂਦਾ ਹੈ: ਯਕੀਨੀ ਤੌਰ ਤੇ ਹਰ ਕਾਰਜ ਦਾ ਕੋਈ ਕਾਰਨ ਹੁੰਦਾ ਹੈ ਅਤੇ ਇਹ ਦੂਸਰੀ ਤਰ੍ਹਾਂ ਵੀ ਹੈ ਕਿ ਹਰ ਕਾਰਨ ਪਹਿਲਾਂ ਕਿਸੇ ਦਾ ਕਾਰਜ ਹੁੰਦਾ ਹੈ। ਪਰ ਇਸਦੀ ਪੂਰੀ ਸਪਸ਼ਟਤਾ ਨਾ ਹੋਣ ਕਰਕੇ ਇਸਨੂੰ ਇਉਂ ਲਿਆ ਗਿਆ ਕਿ ਕਿਉਂਕਿ ਹਰੇਕ ਕਾਰਜ ਦਾ ਕੋਈ ਕਾਰਨ ਹੁੰਦਾ ਹੈ, ਇਸ ਲਈ ਸੰਸਾਰ ਦਾ ਵੀ ਕੋਈ ਕਾਰਨ ਹੋਵੇਗਾ ? ਬਸ, ਇਸ ਸੰਸਾਰ ਦਾ ਕਾਰਨ 'ਰੱਬ' ਨੂੰ ਮੰਨ ਲਿਆ ਗਿਆ।

ਪਹਿਲਾਂ ਕਾਰਨ-ਕਾਰਜ ਸਬੰਧਾਂ ਬਾਰੇ। ਕੋਈ ਬੱਚਾ

ਜਨਮ ਲੈਂਦਾ ਹੈ ਤਾਂ ਇਹ ਕਾਰਜ ਹੈ। ਪਰ ਇਸਦਾ ਕਾਰਨ ? ਉਸਦੇ ਮਾਪੇ। ਪਰ ਉਸਦੇ ਮਾਪਿਆਂ ਦੇ ਜਨਮ ਦਾ ਕਾਰਨ ? ਉਨ੍ਹਾਂ ਦੇ ਮਾਪੇ। ਸੋ ਜਿਹੜੇ ਮਾਪੇ, ਬੱਚੇ ਦੇ ਜਨਮ (ਕਾਰਜ) ਦਾ ਕਾਰਨ ਬਣੇ ਉਹ ਆਪ ਪਹਿਲਾਂ ਕਿਸੇ ਕਾਰਨ ਦਾ ਕਾਰਜ ਹੋਏ। ਇਸ ਤਰ੍ਹਾਂ ਇੱਕੋ ਵੇਲੇ ਜਿਹੜਾ ਕਾਰਜ ਹੁੰਦਾ ਹੈ ਉਹ ਅੱਗੇ ਕਿਸੇ ਘਟਨਾ ਦਾ ਕਾਰਨ ਬਣ ਜਾਂਦਾ ਹੈ ਤੇ ਇਸੇ ਤਰ੍ਹਾਂ ਕਾਰਨ ਆਪ ਕਾਰਜ ਬਣ ਜਾਂਦਾ ਹੈ। ਇਸੇ ਤਰ੍ਹਾਂ ਕਾਰਨ-ਕਾਰਜ ਦਾ ਸਿਲਸਿਲਾ ਚਲਦਾ ਹੈ। ਇਸਨੂੰ ਕਾਰਣਤਾ ਦਾ ਨਿਯਮ ਕਹਿੰਦੇ ਹਨ।

ਜਦੋਂ ਅਸੀ ਕੋਈ ਘਟਨਾ ਵਾਪਰਦੀ ਦੇਖਦੇ ਹਾਂ ਤਾਂ ਸਾਡੇ ਅੱਗੇ ਕਾਰਨ ਜਾਣਨ ਦਾ ਸਵਾਲ ਉੱਠਦਾ ਹੈ। ਇਸਦਾ ਤਰਕਪੂਰਨ ਸਿੱਟਾ ਇਹ ਬਣਿਆ ਕਿ ਕਾਰਨ ਅਤੇ ਕਾਰਜ ਦੇ ਸਿਲਸਿਲੇ ਦਾ ਸੰਬੰਧ ਇਸ ਭੌਤਿਕ ਸੰਸਾਰ ਅੰਦਰ ਵਾਪਰਦੀਆਂ ਘਟਨਾਵਾਂ ਦੀ ਲੜੀ ਨਾਲ ਬਣਦਾ ਹੈ। ਇਸ ਤਰ੍ਹਾਂ ਕਾਰਨ-ਕਾਰਜ ਦਾ ਸਿਲਸਿਲਾ ਇਸ ਸੰਸਾਰ ਅੰਦਰਲਾ ਹੀ ਹੋਇਆ। ਇਨ੍ਹਾਂ ਘਟਨਾਵਾਂ ਦਾ ਕਾਰਨ ਇਹ ਹੈ ਕਿ ਇੱਥੇ ਪਹਿਲੀ ਘਟਨਾ ਕਾਰਨ ਅਤੇ ਪਿਛਲੇਰੀ ਉਸਦਾ ਕਾਰਜ ਬਣ ਜਾਂਦੀ ਹੈ, ਜਿਵੇਂ ਉਪਰ ਜ਼ਿਕਰ ਕੀਤੀ ਬੱਚੇ ਦੀ ਮਿਸਾਲ ਤੋਂ ਹੀ ਸਪਸ਼ਟ ਹੋ ਜਾਂਦਾ ਹੈ। ਘਟਨਾਵਾਂ ਦਾ ਜਾਂ ਸਮੁੱਚੇ ਭੌਤਿਕ ਸੰਸਾਰ ਦਾ ਕਾਰਨ ਇਸ ਤੋ ਬਾਹਰ ਲੱਭੀ ਜਾਣਾ ਫਜ਼ੂਲ ਹੈ।

ਇਸ ਲਈ ਭਗਤ ਸਿੰਘ ਨੇ ਇਸ ਸੰਸਾਰ ਦਾ ਕਾਰਨ ਇਸੇ ਸੰਸਾਰ ਵਿੱਚ ਵੀ ਦੇਖਿਆ। ਤਾਂਹੀਓਂ, ਉਨ੍ਹਾਂ ਲਾਲਾ ਰਾਮਸਰਨ ਦਾਸ ਜੀ ਦੀ ਕਿਤਾਬ "ਡਰੀਮਲੈਂਡ" ਦੀ ਭੂਮਿਕਾ ਲਿਖਦਿਆਂ, ਲਾਲਾ ਜੀ ਵੱਲੋਂ ਸੰਸਾਰ ਦੀ ਰਚਨਾ ਪਿੱਛੇ ਰਚਣਹਾਰੇ ਦਾ ਕੋਈ ਉਦੇਸ਼ ਹੋਣ ਵਾਲੀ ਗਲਤ ਧਾਰਨਾ ਦਾ ਖੰਡਨ ਕੀਤਾ। ਉਨ੍ਹਾਂ ਲਿਖਿਆ, "ਮੈਂ ਪਦਾਰਥਵਾਦੀ ਹਾਂ ਅਤੇ ਇਸ ਦ੍ਰਿਸ਼ਟੀਮਾਨ ਬਾਰੇ ਮੇਰੀ ਵਿਆਖਿਆ ਕਾਰਣਾਤਮਕ ਹੋਏਗੀ।" ਇਸ ਕਰਕੇ ਉਹ ਰੱਬ ਦੀ ਹੋਂਦ ਹੋਣ ਤੋਂ ਕਿਵੇਂ ਇਨਕਾਰੀ ਹੋਏ, ਇਹ ਅੱਗੇ ਦੇਖਦੇ ਹਾਂ।

2. **ਰੱਬ ਬਾਰੇ** : ਜਿਵੇਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਸਭ ਕੁਝ (ਅਮਲ, ਘਟਨਾ ਅਤੇ ਵਰਤਾਰੇ ਆਦਿ) ਵਾਪਰਨ ਦਾ ਕਾਰਨ ਇਸੇ ਜਗ਼ਤ ਵਿੱਚ ਹੈ। ਇਸ ਲਈ ਇਸ ਜਗਤ ਦੇ ਰਚਨ ਦੇ ਬਾਹਰੀ ਕਾਰਨ (ਰੱਬ) ਦੀ ਕੋਈ ਹੋਂਦ ਨਹੀਂ ਹੋ ਸਕਦੀ ਕਿਉਂਕਿ ਰੱਬ ਕਿਸੇ ਕਾਰਨ ਦਾ ਕਾਰਜ ਨਹੀਂ। ਇਸ ਤੋਂ ਸਿੱਟਾ ਕੱਢਦਿਆਂ ਉਨ੍ਹਾਂ ਲਿਖਿਆ, "ਇਸ ਜਗਤ-ਪਸਾਰੇ ਦੇ ਸਿਰਜਣਹਾਰ, ਪਾਲਣਹਾਰ ਤੇ ਸਰਵ-ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇ-ਬੁਨਿਆਦ ਹੈ।" ਪਰ ਇਹ (ਰੱਬ) ਦਾ ਸੰਕਲਪ ਕਿਉਂ ਪੈਦਾ ਹੋਇਆ ? ਇਸ ਬਾਰੇ ਉਨ੍ਹਾਂ ਤਰਕ ਪੇਸ਼ ਕਰਦਿਆਂ ਲਿਖਿਆ, "ਰੱਬ ਦੇ ਮੁੱਢ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ, ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ ਤਾਂ ਉਹਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ...।" ਉਨ੍ਹਾਂ ਦਾ ਇਹ ਤਰਕ ਕਿਉਂ ਠੀਕ ਹੈ ? ਕਿਉਂਕਿ ਜੇਕਰ ਮਨੁੱਖ ਦਾ ਪੈਦਾਵਾਰੀ ਅਮਲ ਪਛੜਿਆ ਹੋਇਆ ਹੋਵੇਗਾ ਤਾਂ ਉਸਦੇ ਗਿਆਨ ਦਾ ਪੱਧਰ ਵੀ ਪਛੜੇਵੇਂ ਵਾਲਾ ਹੋਵੇਗਾ। ਇਹ ਕਦੀ ਨਹੀਂ ਹੋ ਸਕਦਾ ਕਿ ਮਨੁੱਖ ਦਾ ਗਿਆਨ ਉਚੇਰਾ ਹੋਵੇ ਤੇ ਮਨੁੱਖੀ ਸਭਿਅਤਾ ਬਹੁਤ ਪਛੜੀ ਹੋਵੇ ਜਾਂ ਇਸਦੇ ਉਲਟ ਕਿ ਸਭਿਅਤਾ ਦੀ ਮੰਜ਼ਿਲ ਉਚੇਰੀ ਹੋਵੇ ਤੇ ਮਨੁੱਖੀ ਗਿਆਨ ਦਾ ਪੱਧਰ ਨੀਵਾਂ। ਸੋ ਰੱਬ ਦਾ ਸੰਕਲਪ ਪੈਦਾ ਹੋਣ ਦੇ ਵੇਲਿਆਂ 'ਚ ਮਨੁੱਖ ਦੇ ਗਿਆਨ ਦਾ ਪੱਧਰ ਨੀਵਾਂ ਹੋਣ ਕਰਕੇ ਉਸਨੂੰ ਜਗਤ ਅੰਦਰਲੀਆਂ ਸ਼ੈਆਂ ਅਤੇ ਵਾਪਰਦੀਆਂ ਘਟਨਾਵਾਂ ਦੇ ਕਾਰਨ ਦੀ ਸਮਝ ਨਹੀਂ ਸੀ। ਅਜਿਹੀ ਸੀਮਤ ਗਿਆਨ ਦੀ ਹਾਲਤ ਵਿੱਚ ਨਾ-ਸਮਝ ਆਉਣ ਵਾਲੇ ਇਸ ਸਭ ਕਾਸੇ ਦਾ ਕਾਰਨ ਕਿਸੇ ਗੈਬੀ-ਸ਼ਕਤੀ ਰੱਬ ਨੂੰ ਮੰਨ ਕੇ ਮਾਨਸਿਕ ਧਰਵਾਸਾ ਲੈਣਾ ਸੁਭਾਵਿਕ ਸੀ।

ਰੱਬ ਵਾਲੀ ਇਸ ਧਾਰਨਾ ਦੇ ਦੂਰ-ਪ੍ਰਭਾਵ ਬਾਰੇ ਉਨ੍ਹਾਂ ਲਿਖਿਆ, "ਅਸੀਂ ਛੋਟਿਆਂ ਹੁੰਦਿਆਂ ਤੋਂ ਹੀ ਬੱਚਿਆਂ ਨੂੰ ਦੱਸਣਾ ਸ਼ੁਰੂ ਕਰ ਦਿੰਦੇ ਹਾਂ ਜੋ ਕੁੱਝ ਭੀ ਹੈ ਰੱਬ ਹੀ ਹੈ, ਆਦਮੀ ਤਾਂ ਕੁੱਝ ਭੀ ਨਹੀਂ। ਮਿੱਟੀ ਦਾ ਪੁਤਲਾ ਹੈ... ਇਸ ਵਿਚਾਰ ਦੇ ਮਨ 'ਚ ਘਰ ਕਰਦਿਆਂ ਹੀ ਆਦਮੀ ਵਿੱਚ ਆਤਮ-ਵਿਸ਼ਵਾਸ ਦਾ ਭਾਵ ਮਾਰਿਆ ਜਾਂਦਾ ਹੈ। ਉਸਨੂੰ ਮਲੂਮ ਹੋਣ ਲੱਗ ਪੈਂਦਾ ਹੈ ਕਿ ਉਹ ਬੜਾ ਕਮਜ਼ੋਰ ਹੈ।" ਉਨ੍ਹਾਂ ਦੇ ਇਸ ਨਿਰਣੇ ਨੂੰ ਕੋਈ ਰੱਦ ਨਹੀਂ ਕਰ ਸਕਦਾ ਕਿ ਜੋ ਆਪਣੇ ਆਪ ਨੂੰ "ਖਾਕ ਦਾ ਪੁਤਲਾ" ਹੀ ਸਮਝੇਗਾ ਉਸ ਵਿੱਚ "ਆਤਮ-ਵਿਸ਼ਵਾਸ ਦਾ ਭਾਵ ਮਾਰਿਆ ਜਾਂਦਾ ਹੈ।"

ਪਰ ਇਸ ਸੰਕਲਪ ਦੀ ਲੋੜ ਕਦੋਂ ਤੱਕ ਰਹਿੰਦੀ ਹੈ ? ਇਸ ਲਈ ਵੀ ਉਨ੍ਹਾਂ ਤਰਕ-ਪੂਰਨ ਸਿੱਟਾ ਪੇਸ਼ ਕੀਤਾ, "ਮਨੁੱਖ ਆਪਣੇ ਪੈਰੀਂ ਹੋਣ ਤੇ ਯਥਾਰਥਵਾਦੀ ਹੋਣ ਦੀ ਕੋਸ਼ਿਸ਼ ਕਰਦਾ ਹੈ ਤਾਂ ਰੱਬ ਦੀ ਲੋੜ ਖਤਮ ਹੋ ਜਾਂਦੀ ਹੈ ਤੇ ਇਸ ਬਣਾਉਟੀ ਫੌਹੜੀ, ਇਸ ਖਿਆਲੀ ਮੁਕਤੀ-ਦਾਤੇ ਦੀ ਲੋੜ ਨਹੀਂ ਰਹਿੰਦੀ।"

3. **ਧਰਮ** : ਰੱਬ ਦਾ ਸੰਕਲਪ ਧਰਮ ਨੂੰ ਚਲਾਉਣ ਵਾਲਿਆਂ ਦੇ ਹੱਥਾਂ ਵਿੱਚ ਡਰਾਉਣਾ ਹਥਿਆਰ ਬਣ ਗਿਆ। ਇਸ (ਰੱਬ) ਨੂੰ ਮਨੁੱਖ ਸਾਹਮਣੇ ਪੇਸ਼ ਸਾਰੀਆਂ ਚੁਣੌਤੀਆਂ ਦੇ ਹੱਲ ਵਜੋਂ ਪੇਸ਼ ਕਰ ਦਿੱਤਾ ਗਿਆ। ਫਿਰ ਧਰਮ ਦੀ ਨੀਂਹ 'ਤੇ ਅਣਗਿਣਤ ਅੰਧ-ਵਿਸ਼ਵਾਸੀ ਪੂਜਾ-ਪੱਧਤੀਆਂ, ਹਾਨੀਕਾਰਕ ਰਵਾਇਤਾਂ, ਰਸਮੋ-ਰਿਵਾਜ਼ ਤੇ ਮੱਤਾਂ ਦਾ ਤਾਣਾ-ਬਾਣਾ ਉਸਰ ਗਿਆ। ਇਹ ਤਾਣਾ-ਬਾਣਾ ਅਜਿਹਾ ਮੱਕੜੀ-ਜਾਲ ਹੈ ਜਿਸ

ਵਿੱਚ ਫਸਕੇ ਮਨੁੱਖ ਆਲੇ-ਦੁਆਲੇ ਨੂੰ ਸਮਝਣ ਲਈ ਲੋੜੀਂਦੀ ਸੋਚਣ-ਸ਼ਕਤੀ (Power of Reasoning) ਖੋਹ ਬੈਠਦਾ ਹੈ।

ਭਗਤ ਸਿੰਘ ਨੇ ਧਰਮ ਦੇ ਇਸ ਰੋਲ ਨੂੰ ਭਾਂਪਦਿਆਂ ਲਿਖਿਆ, "ਉਹ (ਆਰੀਆ ਸਮਾਜੀ) ਸਮਝਦੇ ਹਨ ਕਿ ਵੇਦ ਭਗਵਾਨ ਵਿੱਚ ਪ੍ਰਮਾਤਮਾ ਨੇ ਇਸ ਤਰ੍ਹਾਂ ਲਿਖਿਆ ਹੈ ਤੇ ਸੱਚਾ ਹੈ। ਉਹ (ਮੁਸਲਮਾਨ) ਕਹਿੰਦੇ ਹਨ ਕਿ ਕੁਰਾਨ ਸ਼ਰੀਫ ਵਿੱਚ ਖ਼ੁਦਾ ਨੇ ਇਉਂ ਲਿਖਿਆ ਹੈ ਤੇ ਇਹੋ ਹੀ ਸੱਚ ਹੈ। ਆਪਣੇ ਸੋਚਣ ਦੀ ਸ਼ਕਤੀ ਨੂੰ ਛੁੱਟੀ ਦਿੱਤੀ ਹੋਈ ਹੁੰਦੀ ਹੈ..." ਇਸੇ ਲਈ ਉਨ੍ਹਾਂ ਨੇ "ਡਰੀਮਲੈਂਡ" ਦੀ ਭੂਮਿਕਾ ਵਿੱਚ ਧਰਮਾਂ ਦਾ ਮੇਲ-ਮਿਲਾਪ ਕਰਾਉਣ ਦੀ ਵਿਧੀ ਬਾਰੇ ਲੇਖਕ ਦੀ ਨੁਕਤਾਚੀਨੀ ਕਰਦਿਆਂ ਲਿਖਿਆ, "ਕਵੀ ਵੱਖ-ਵੱਖ ਵਿਰੋਧੀ ਧਰਮਾਂ ਦੀ ਸਮੱਸਿਆ ਬਾਰੇ ਵਿਚਾਰ ਕਰਦਾ ਹੈ। ...ਸਮੱਸਿਆ ਨਾਲ ਨਜਿੱਠਣ ਦੀ ਇਹਨਾਂ ਦੀ ਵਿਧੀ ਗੋਲਮੋਲ ਹੈ।" ਪਰ ਨੁਕਤਾਚੀਨੀ ਕਿਉਂ ਕੀਤੀ? ਕਿਉਂਕਿ ਧਰਮ, ਵਿਸ਼ਵਾਸ ਆਧਾਰਤ ਹੈ। ਇਹ ਆਪਣੀਆਂ ਸਿੱਖਿਆਵਾਂ ਨੂੰ ਤਰਕ ਦੀ ਕਸਵੱਟੀ 'ਤੇ ਪਰਖ ਕਰਨ ਦੀ ਇਜ਼ਾਜਤ ਨਹੀਂ ਦਿੰਦਾ। ਸੋ ਧਰਮਾਂ ਦਾ ਮੇਲ-ਮਿਲਾਪ ਕਰਾਉਣ ਦੀ ਬਜਾਇ ਉਨ੍ਹਾਂ ਲਿਖਿਆ, "ਮੈਂ ਇਸ ਸਮੱਸਿਆ ਨੂੰ ਕਾਰਲ ਮਾਰਕਸ ਦੇ ਇੱਕੋ ਫਿਕਰੇ ਨਾਲ ਰੱਦ ਕਰ ਦੇਣਾ ਸੀ ਕਿ 'ਧਰਮ ਲੋਕਾਂ ਲਈ ਅਫੀਮ ਹੈ।" ਕਿਉਂਕਿ ਉਹ ਸਮਝਦੇ ਸਨ ਕਿ ਆਲੇ-ਦੁਆਲੇ ਨੂੰ ਧਰਮ ਦੀ ਨਜ਼ਰ ਨਾਲ ਨਹੀਂ ਬਲਕਿ ਹੋਰ ਸੋਚ-ਵਿਧੀ ਨਾਲ ਸਮਝਿਆ ਜਾ ਸਕਦਾ ਹੈ। ਉਹ ਕਿਹੜੀ ਵਿਧੀ ਹੈ? ਉਨ੍ਹਾਂ ਅਨੁਸਾਰ, "ਜਿਸ ਵਿਅਕਤੀ ਕੋਲ ਥੋੜ੍ਹੀ-ਬਹੁਤ ਤਰਕ ਸ਼ਕਤੀ ਹੈ, ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਕਸਵੱਟੀ 'ਤੇ ਪਰਖਦਾ ਹੈ।" ਇਸ ਤਰ੍ਹਾਂ ਉਨ੍ਹਾਂ ਸਿਰਫ਼ ਵਿਸ਼ਵਾਸ ਦੇ ਆਧਾਰ 'ਤੇ ਉਸਰੇ ਧਰਮ ਨੂੰ ਰੱਦ ਕਰਕੇ ਇਸਦੀ ਥਾਂ ਤਰਕਸ਼ੀਲਤਾ ਅਪਣਾਉਣ ਨੂੰ ਜ਼ੋਰਦਾਰ ਰੂਪ ਵਿੱਚ ਉਭਾਰਿਆ।

4. ਤਰਕਸ਼ੀਲਤਾ ਅਤੇ ਨਾਸਤਿਕਤਾ : ਰੱਬ ਅਤੇ ਅੰਧ-ਵਿਸ਼ਵਾਸੀ ਰੀਤੀ-ਰਿਵਾਜਾਂ ਵਿੱਚ ਵਿਸ਼ਵਾਸ ਨਾ ਕਰਨ ਵਾਲਿਆਂ ਨੂੰ ਨਾਸਤਿਕ ਕਿਹਾ ਜਾਂਦਾ ਹੈ। ਤਰਕਸ਼ੀਲ ਇਸ ਘੇਰੇ ਵਿੱਚ ਆਉਂਦੇ ਹਨ। ਪ੍ਰੰਤੂ ਕਿਸੇ ਵਿਅਕਤੀ ਦੇ ਨਾਸਤਿਕ ਹੋਣ ਨੂੰ ਹੀ ਤਰਕਸ਼ੀਲ ਮੰਨ ਲੈਣਾ ਠੀਕ ਨਹੀਂ। ਨਾਸਤਿਕ ਦਾਰਸ਼ਨਿਕ ਤਾਂ ਫਾਸ਼ਿਸ਼ਟ ਵੀ ਹੋਏ ਹਨ। ਨਾਸਤਿਕ ਸਹਿਜ਼ਾਦੇ ਵਜੋਂ ਜਾਣੇ ਜਾਂਦੇ ਫਰੈਡਰਿਕ ਨਿਤਸ਼ੇ ਨੇ ਪਰਮ-ਪੁਰਸ਼ ਦੀ ਪੂਜਾ ਸਾਹਮਣੇ ਲਿਆਂਦੀ ਅਤੇ ਇਸ ਤਰ੍ਹਾਂ ਫਾਸ਼ੀਵਾਦ ਦਾ ਪਿਤਾਮਾ ਬਣਿਆ। ਫਾਸ਼ੀਵਾਦ ਇੱਕ ਸਿਆਸੀ ਮੱਤ ਵਜੋਂ ਉਭਰਿਆ ਜਿਸਨੇ ਵਿਅਕਤੀ ਅਤੇ ਕੌਮਾਂ ਦੀ ਆਜ਼ਾਦੀ ਨੂੰ ਕੁਚਲਿਆ। ਜਰਮਨ ਨਾਸਤਿਕ ਦਾਰਸ਼ਨਿਕ, ਮਾਰਇਨ ਹੈਡੇਗਰ, ਨੇ ਹਿਟਲਰ ਦੇ ਫਾਸ਼ੀ ਰਾਜ ਦੀ ਪਿੱਠ ਠੋਕੀ। ਅਸ਼ੋਕ ਨਾਸਤਿਕ ਹੋਣ ਦੇ ਬਾਵਜੂਦ ਪਰਜਾ ਨੂੰ ਆਪਣੀ ਗੁਲਾਮ ਰੱਖਦਾ ਰਿਹਾ। ਗੁਲਾਮੀ, ਮਨੁੱਖੀ ਬੁੱਧੀ 'ਤੇ ਰੋਕ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਾਰੇ ਨਾਸਤਿਕ ਲਾਜ਼ਮੀ ਤੌਰ 'ਤੇ ਤਰਕਸ਼ੀਲ ਨਹੀਂ ਹੁੰਦੇ। ਇਸ ਲਈ ਤਰਕਸ਼ੀਲਤਾ ਦਾ ਝੰਡਾ ਉੱਚਾ ਕਰਨ ਲਈ ਭਗਤ ਸਿੰਘ ਨੇ ਸਿਰਫ਼ ਅਵਿਸ਼ਵਾਸ ਨੂੰ ਆਧਾਰ ਬਣਾਉਣ ਦੀ ਥਾਂ ਲਿਖਿਆ, "ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫਲਸਫੇ ਵਿੱਚ ਵਿਸ਼ਵਾਸ ਕਰਨ ਲੱਗਦਾ ਹੈ ਤਾਂ ਉਸਦਾ ਵਿਸ਼ਵਾਸ ਸਰਾਹੁਣਯੋਗ ਹੈ। ਉਹਦੀ ਦਲੀਲ ਗਲਤ ਜਾਂ ਉੱਕਾ ਹੀ ਬੇ-ਬੁਨਿਆਦ ਹੋ ਸਕਦੀ ਹੈ। ਪਰ ਉਸਨੂੰ ਦਰੁਸਤ ਰਾਹ ਉੱਤੇ ਲਿਆਂਦਾ ਜਾਣਾ ਚਾਹੀਦਾ ਹੈ ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ-ਤਾਰਾ ਜੋ ਹੁੰਦਾ ਹੈ।" ਸੋ ਉਨ੍ਹਾਂ ਵਾਸਤੇ ਤਰਕਸ਼ੀਲਤਾ ਦੀ ਕਸਵੱਟੀ ਨਾਸਤਿਕ ਹੋਣਾ ਹੀ ਨਹੀਂ, ਬਲਕਿ ਤਰਕ-ਸੰਜੋਈ ਸੋਚ ਸੀ।

5. ਮਨੁੱਖ ਅਤੇ ਕੁਦਰਤ : ਮਨੁੱਖ, ਕੁਦਰਤ ਦਾ ਅਟੁੱਟ ਅੰਗ ਹੈ। ਉਹ ਇਸ ਜਗਤ-ਪਸਾਰੇ (Universe) ਦੇ ਅੰਦਰ ਹੀ ਆਉਂਦਾ ਹੈ। ਇਸ ਤੋਂ ਇਲਾਵਾ ਮਨੁੱਖ, ਮਨੁੱਖੀ ਸਮਾਜ ਦਾ ਵੀ ਇੱਕ ਅੰਗ ਹੈ। ਇਸ ਲਈ ਉਸਦੇ ਆਲੇ-ਦੁਆਲੇ ਵਿੱਚ ਇਹ ਜਗਤ-ਪਸਾਰਾ ਤੇ ਇਸ ਵਿਚਲਾ ਮਨੁੱਖੀ ਸਮਾਜ ਦੋਨੋਂ ਹੀ ਆਉਂਦੇ ਹਨ। ਇਸ ਹਕੀਕਤ ਦਾ ਖੰਡਨ ਨਹੀਂ ਹੋ ਸਕਦਾ।

ਆਲੇ-ਦੁਆਲੇ ਪ੍ਰਤੀ ਜਾਗਰੂਕਤਾ ਹੀ ਜ਼ਿੰਦਗੀ ਦਾ ਖਜ਼ਾਨਾ ਹੈ। ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜਿਹੜਾ ਆਪਣੀ ਬੋਧ ਦੀ ਸ਼ਕਤੀ ਨੂੰ ਉਚੇਰੇ ਪੱਧਰ ਤੱਕ ਵਰਤ ਸਕਦਾ ਹੈ। ਜੀਵਨ ਦੀਆਂ ਜ਼ਰੂਰੀ ਗੱਲਾਂ ਦਾ ਅਨੁਮਾਨ ਲਾਉਣ ਲਈ ਮਨੁੱਖ ਨੇ ਆਪਣੀ ਸਮਝ-ਬੂਝ (Reason) 'ਚ ਬੇਹੱਦ ਸਮਰੱਥਾ ਹਾਸਲ ਕਰ ਲਈ ਹੈ। ਉਹ ਜਿੰਨਾ ਜ਼ਿਆਦਾ ਗਿਆਨ ਹਾਸਲ ਕਰਦਾ ਜਾਂਦਾ ਹੈ ਉਨਾਂ ਹੀ ਆਪਣੀ ਸਮਝ-ਬੂਝ ਦੀ ਠੀਕ ਵਰਤੋਂ ਕਰਨ ਦੇ ਵੱਧ ਸਮਰੱਥ ਹੁੰਦਾ ਜਾਂਦਾ ਹੈ।

ਹੁਣ ਦੇਖੋ ਤਰਕਸ਼ੀਲਤਾ ਦੇ ਇਸ ਜ਼ਰੂਰੀ ਲੱਛਣ ਨੂੰ ਸਮਝਦਿਆਂ ਭਗਤ ਸਿੰਘ ਨੇ ਲਿਖਿਆ ਕਿ "ਇਸ ਦੁਨੀਆਂ ਦਾ ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ... ਇਹ ਕੁਦਰਤ ਦਾ ਵਿਸ਼ਾ ਹੈ। ਵੱਖ-ਵੱਖ ਪਦਾਰਥਾਂ ਦੇ ਇਤਫਾਕੀਆ ਮੇਲ ਨਾਲ ਧਰਤੀ ਨੇਬੂਲੇ ਦੇ ਰੂਪ ਵਿੱਚ ਪੈਦਾ ਹੋਈ ਸੀ।... ਇਸੇ ਅਮਲ ਵਿੱਚ ਜਾਨਵਰ ਤੇ ਫੇਰ ਅਖੀਰ ਵਿੱਚ ਮਨੁੱਖ ਪੈਦਾ ਹੋਇਆ ਸੀ..." ਸੋ ਉਨ੍ਹਾਂ ਨੇ ਮਨੁੱਖ ਨੂੰ ਕੁਦਰਤ ਦੇ ਇੱਕ ਅੰਗ ਹੋਣ ਦਾ ਸਹੀ ਦਰਜਾ ਦਿੱਤਾ। ਪਰ ਇਸ ਕੁਦਰਤੀ ਆਲੇ-ਦੁਆਲੇ ਬਾਰੇ ਮਨੁੱਖ ਨੇ ਗਿਆਨ ਕਿਵੇਂ ਪ੍ਰਾਪਤ ਕੀਤਾ? ਇਸਦੀ ਵਿਆਖਿਆ ਕਰਦਿਆਂ ਲਿਖਿਆ, " ...ਜੋ ਵੀ ਉੱਨਤੀ ਹੋਈ,

ਉਹ ਮਨੁੱਖ ਦੀ ਕੁਦਰਤ ਨਾਲ ਲਗਾਤਾਰ ਟੱਕਰ ਤੇ ਮਨੁੱਖ ਵੱਲੋਂ ਕੁਦਰਤ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਵਜੋਂ ਹੋਈ...।"

ਇਹ ਹੀ ਨਹੀਂ ਬਲਕਿ ਉਹ ਮਨੁੱਖ ਅਤੇ ਸਮਾਜ ਦੇ ਰਿਸ਼ਤੇ ਨੂੰ ਠੀਕ ਤਰ੍ਹਾਂ ਦੇਖਦੇ ਹੋਏ ਮਨੁੱਖ ਨੂੰ ਸਮਾਜ ਤੋਂ ਉੱਪਰ ਦੇਖਣ ਦੀ ਬਜਾਇ ਇਸਨੂੰ ਦਵੰਦੀ ਰਿਸ਼ਤੇ ਵਜੋਂ ਦੇਖਦੇ ਸਨ। ਉਨ੍ਹਾਂ ਆਪਣੇ ਸਾਥੀ ਸੁਖਦੇਵ ਨੂੰ ਲਿਖਿਆ, "...ਅਸੀਂ ਕਿਸੇ ਹੱਦ ਤੱਕ ਸਿਆਸੀ ਵਾਤਾਵਰਣ ਨੂੰ ਬਦਲਣ ਵਿੱਚ ਹਿਸਾ ਪਾਇਆ ਹੈ (ਪਰ) ਇਸ ਦੇ ਨਾਲ ਹੀ ਅਸੀਂ ਸਮੇਂ (ਸਮਾਜ-ਲੇਖਕ ਵੱਲੋਂ) ਦੀਆਂ ਲੋੜਾਂ ਅਤੇ ਮੰਗਾਂ ਦੀ ਉਪਜ ਹਾਂ।"

ਸੋ ਜਿੱਥੇ ਮਨੁੱਖ ਅਤੇ ਉਸਦੇ ਆਲੇ-ਦੁਆਲੇ (ਕੁਦਰਤ ਅਤੇ ਸਮਾਜ) ਦੇ ਰਿਸ਼ਤੇ ਨੂੰ ਉਨ੍ਹਾਂ ਨੇ ਸਹੀ ਸਮਝਿਆ, ਉੱਥੇ ਮਨੁੱਖ ਦੁਆਰਾ ਨਿਭਾਏ ਜਾ ਸਕਣ ਵਾਲੇ ਰੋਲ ਦਾ ਵੀ ਤਰਕ-ਭਰਪੂਰ ਨਿਰਣਾ ਦਿੱਤਾ।

6. **ਤਰਕਸ਼ੀਲ ਰਵੱਈਆ** : ਉਨ੍ਹਾਂ ਲਿਖਿਆ, "ਸਵਾਮੀ ਦਯਾਨੰਦ ਹੋਰਾਂ ਛੂਤ-ਅਛੂਤ ਨੂੰ ਮਿਟਾਇਆ ਤੇ ਚਾਰ ਵਰਣਾਂ ਤੋਂ ਅੱਗੇ ਉਹ ਵੀ ਨਾ ਵਧ ਸਕੇ। ਭਿੰਨ-ਭੇਦ ਤਾਂ ਫਿਰ ਵੀ ਰਹਿ ਗਿਆ।" ਸੋ ਤਰਕਸ਼ੀਲ ਰਵੱਈਆ ਧਰਮ ਜਾਂ ਹੋਰ ਕਿਸੇ ਵੀ ਕਿਸਮ ਦੇ ਅੰਧ-ਵਿਸ਼ਵਾਸਾਂ ਆਦਿ ਬੁਰਿਆਈਆਂ ਨੂੰ ਭੰਡਣਾ, ਰੱਦ ਕਰਨਾ ਅਤੇ ਇਨ੍ਹਾਂ ਵਿਰੁੱਧ ਲੜਨਾ ਹੀ ਨਹੀਂ ਹੈ। ਭਾਵੇਂ ਇਨ੍ਹਾਂ ਬੁਰਾਈਆਂ ਦੇ ਖਿਲਾਫ ਲੜਨਾ ਜ਼ਰੂਰੀ ਹੈ। ਜਿਵੇਂ ਉਪਰ ਮਿਸਾਲ ਦਿੱਤੀ ਜਾ ਚੁੱਕੀ ਹੈ, ਇਵੇਂ ਹੋਰ ਬਹੁਤ ਸੁਧਾਰਕ ਇਕ ਜਾਂ ਦੋ ਅੰਧ-ਵਿਸ਼ਵਾਸੀ ਮੱਤਾਂ, ਰਸਮੋ-ਰਿਵਾਜਾਂ ਤੇ ਰਵਾਇਤਾਂ ਖਿਲਾਫ਼ ਲੜੇ ਪ੍ਰੰਤੂ ਕੁੱਲ ਮਿਲਾ ਕੇ ਉਹ ਸਮਾਜ 'ਤੇ ਬਹੁਤ ਥੋੜਾ ਪ੍ਰਭਾਵ ਪਾ ਸਕੇ। ਕਿਉਂਕਿ ਸਮੁੱਚਾ ਸਮਾਜ ਕਿਹੋ-ਜਿਹਾ ਅਤੇ ਕਿਵੇਂ ਸਿਰਜਣਾ ਚਾਹੁੰਦੇ ਹਨ, ਇਸਦਾ ਉਨ੍ਹਾਂ ਸਾਹਮਣੇ ਸਪਸ਼ਟ ਨਕਸ਼ਾ ਨਹੀਂ ਸੀ। ਇਸੇ ਲਈ ਉਹ ਨਵ ਯੁੱਗ ਦੇ ਬੂਹਿਆਂ 'ਤੇ ਦਸਤਕ ਦੇਣ ਵਿੱਚ ਅਸਫਲ ਰਹੇ।

ਇਸ ਲਈ ਤਰਕਸ਼ੀਲ ਰਵਈਆ ਮੰਗ ਕਰਦਾ ਹੈ ਤਰਕਸ਼ੀਲ ਮਨੁੱਖ ਦੀ ਸਰਗਰਮੀ ਦਾ ਕੇਂਦਰ-ਬਿੰਦੂ ਇਹ ਹੀ ਨਹੀਂ ਹੋਣਾ ਚਾਹੀਦਾ ਕਿ ਅਸੀਂ ਕੀ ਨਹੀਂ ਚਾਹੁੰਦੇ। ਬਲਕਿ ਉਸਦੀ ਸਰਮਗਰਮੀ 'ਚ ਇਹ ਗੱਲ ਲਾਜ਼ਮੀ ਸ਼ਾਮਲ ਹੋਣੀ ਚਾਹੀਦੀ ਹੈ ਕਿ ਉਹ ਕੀ ਚਾਹੁੰਦੇ ਹਨ। ਕਹਿਣ ਤੋਂ ਭਾਵ ਕਿ ਬੁਰਿਆਈਆਂ ਨੂੰ ਸਿਰਫ ਨਕਾਰਾਤਮਕ ਪੱਖ ਤੋਂ ਨਕਾਰਨ ਦੇ ਨਾਲ ਨਾਲ ਸਮਾਜ "ਕਿਹੋ-ਜਿਹਾ ਚਾਹੁੰਦੇ ਹਾਂ" ਵਾਲਾ ਸਾਕਾਰਾਤਮਕ ਪੱਖ ਵੀ ਹੋਣਾ ਚਾਹੀਦਾ ਹੈ।

ਹੁਣ ਦੇਖੋ ਭਗਤ ਸਿੰਘ ਕਿਸ ਖੂਬਸੂਰਤੀ ਨਾਲ ਇਸ ਰਵੱਈਏ ਦੇ ਦੋਨਾਂ ਪੱਖਾਂ(ਨਕਾਰਾਤਮਕ ਤੇ ਸਕਾਰਾਤਮਕ) ਨੂੰ ਪੇਸ਼ ਕਰਦੇ ਹਨ। ਉਨ੍ਹਾਂ ਲਿਖਿਆਂ, "..ਪਰਾਣੇ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫਲਸਫੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ। ਪਰ ਇਹ ਨਕਾਰਾਤਮਕ ਪੱਖ ਹੈ। ਇਸ ਤੋਂ ਮਗਰੋਂ ਸਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ, ਜਿਸ ਵਿੱਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁੱਝ ਸਮੱਗਰੀ ਮੁੜ-ਉਸਾਰੀ ਲਈ ਵਰਤੀ ਜਾ ਸਕਦੀ ਹੈ।" ਇਸ ਦੀ ਠੋਸ ਮਿਸਾਲ ਪੇਸ਼ ਕਰਦਿਆਂ ਉਨ੍ਹਾਂ ਲਿਖਿਆ, "ਸਾਡੇ ਪੁਰਾਣੇ ਵਿਰਸੇ ਦੇ ਦੋ ਪੱਖ ਹੁੰਦੇ ਹਨ, ਇਕ ਸਭਿਆਚਾਰਕ ਤੇ ਦੂਸਰਾ ਮਿਥਿਹਾਸਕ। ਮੈਂ ਸਭਿਆਚਾਰਕ ਅਕੀਦੇ ਨੂੰ ਜਿਵੇਂ ਨਿਸ਼ਕਾਮ ਦੇਸ਼ ਸੇਵਾ, ਕੁਰਬਾਨੀ, ਅਕੀਦੇ ਦੀ ਅਟੱਲਤਾ ਨੂੰ ਪੂਰੀ ਸਚਾਈ ਨਾਲ ਅਪਨਾ ਕੇ ਹੋਰ ਅੱਗੇ ਵਧਾਉਣ ਦੀ ਕੋਸ਼ਿਸ਼ ਵਿੱਚ ਹਾਂ। ਪਰ ਮਿਥਿਹਾਸਕ ਵਿਚਾਰ ਜੋ ਪੁਰਾਣੇ ਸਮੇਂ ਦੀ ਸਮਝ ਮੁਤਾਬਕ ਹਨ, ਨੂੰ ਉਵੇਂ ਮੰਨਣ ਲਈ ਬਿਲਕੁਲ ਤਿਆਰ ਨਹੀਂ ਹਾਂ ਕਿਉਂਕਿ ਵਿਗਿਆਨ ਨੇ ਗਿਆਨ ਵਿੱਚ ਬਹੁਤ ਵਾਧਾ ਕੀਤਾ ਹੈ ਅਤੇ ਵਿਗਿਆਨਕ ਵਿਚਾਰ ਅਪਣਾਇਆਂ ਹੀ ਭਵਿੱਖ ਦੇ ਮਸਲੇ ਹੱਲ ਹੋ ਸਕਦੇ ਹਨ।"

ਇਸ ਤੋਂ ਅੱਗੇ ਉਹ ਆਪਣੇ ਵਿਹਾਰ ਦੌਰਾਨ ਦੂਸਰਿਆਂ ਤੋਂ ਵੀ ਅਤੇ ਆਪ ਵੀ ਇਹ ਰਵਈਆ ਅਪਣਾਉਣ ਦਾ ਕਮਾਲ ਦਾ ਨਮੂਨਾ ਪੇਸ਼ ਕਰਦੇ ਹਨ। ਜਦੋਂ ਉਨ੍ਹਾਂ ਦੇ ਮੁਕੱਦਮੇ ਦੀ ਸੁਣਵਾਈ ਚੱਲ ਰਹੀ ਸੀ ਤਾਂ ਉਨ੍ਹਾਂ ਦੇ ਸਾਥੀ ਜਤਿਨ ਸਾਨਿਆਲ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਲਈ ਰਸਗੁੱਲੇ ਲਿਆਂਦੇ। ਪਰ ਜੇਲ੍ਹ ਅਧਿਕਾਰੀਆਂ ਨੇ ਇੰਨ੍ਹੇ ਖੇਹ-ਖਰਾਬ ਕਰ ਦਿੱਤੇ ਕਿ ਉਹ ਖਾਣ ਦੇ ਕਾਬਲ ਨਾ ਰਹੇ। ਇਸ 'ਤੇ ਮੈਜਿਸਟਰੇਟ ਅੱਗੇ ਕੀਤੀ ਗਈ ਸ਼ਿਕਾਇਤ 'ਚੋਂ ਅੰਸ਼ ਹਨ :

"ਜਤਿਨ ਸਨਿਆਲ : ਸਾਰੀ ਚੀਜ਼ ਬੇਹੱਦ ਬੇਹੂਦਾ ਹਾਲ ਵਿੱਚ ਹੈ। ਕੀ ਤੁਸੀਂ ਇਸਨੂੰ ਤਰਕ ਭਰਪੂਰ ਕਹਿੰਦੇ ਹੋ ?

ਭਗਤ ਸਿੰਘ : ਇਹ (ਮੈਜਿਸਟਰੇਟ) ਬਿਲਕੁੱਲ ਤਰਕ ਵਿਹੂਣਾ ਹੈ।"

ਇਸ ਤੋਂ ਉਨ੍ਹਾਂ ਦੇ ਮਨੁੱਖਾਂ ਪ੍ਰਤੀ ਤਰਕ-ਪੂਰਣ ਵਿਹਾਰ ਨੂੰ ਪ੍ਰਮੁੱਖ ਸਥਾਨ ਦੇਣ ਦੀ ਝਲਕ ਮਿਲ ਜਾਂਦੀ ਹੈ।

ਹੋਰ ਲਵੋ। ਕਿਉਂਕਿ ਉਹ ਸਮਝਦੇ ਸਨ ਕਿ ਮਨੁੱਖ ਨੂੰ ਆਪਣੀ ਗੱਲ ਦੂਸਰੇ 'ਤੇ ਠੋਸਣੀ ਮਨੁੱਖ ਨੂੰ ਬਰਾਬਰ ਦੀ ਮਾਨਤਾ ਦੇਣ ਵਾਲੇ ਤਰਕਸ਼ੀਲ ਰਵਈਏ ਦੇ ਅਨੁਸਾਰ ਨਹੀਂ ਹੈ। ਇਸੇ ਲਈ ਉਨ੍ਹਾਂ ਨੇ ਦਲੀਲ ਦੀ ਮਹੱਤਤਾ ਇਉਂ ਬਿਆਨ ਕੀਤੀ: "ਇਕ ਇਨਕਲਾਬੀ ਦਲੀਲ ਨੂੰ ਕਿਸੇ ਹੋਰ ਗੱਲ ਨਾਲੋਂ ਮਹਾਨ ਸਮਝਦਾ ਹੈ। ਇਹ ਦਲੀਲ ਤੇ ਸਿਰਫ਼ ਦਲੀਲ ਨੂੰ ਸਿਰ ਝੁਕਾਉਂਦਾ ਹੈ।" ਉਹ ਦਲੀਲ ਦਾ ਸਹਾਰਾ ਲੈਣ ਲਈ ਆਪਣੇ ਆਪ ਨੂੰ ਕਿਵੇਂ ਤਿਆਰ ਕਰ ਸਕਦੇ ਹਨ, ਇਸ ਬਾਰੇ ਲਿਖਿਆ, "... ਅਧਿਐਨ ਕਰ ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ

ਸਿਧਾਂਤ ਦੀ ਹਿਮਾਇਤ ਵਿੱਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ।" ਇਹ ਉਨ੍ਹਾਂ ਦੇ ਤਰਕਸ਼ੀਲ ਰਵਈਏ ਦਾ ਬਿਲਕੁਲ ਸਾਕਾਰ ਨਮੂਨਾ ਹੈ।

7. **ਆਜ਼ਾਦੀ** : ਜੇਕਰ ਮਨੁੱਖ ਆਪਣੀ ਅਜ਼ਾਦ ਸੋਚ ਅਪਣਾ ਕੇ ਕੁਦਰਤ ਵਿਰੁੱਧ ਜਾਂ ਸਮਾਜਕ ਬੁਰਿਆਈਆਂ ਵਿਰੁੱਧ ਜੱਦੋ-ਜਹਿਦ ਦੇ ਕਾਬਲ ਨਾ ਹੁੰਦਾ ਤਾਂ ਅੱਜ ਜਿਹੜੀ ਅਸੀਂ ਤਰੱਕੀ ਅਤੇ ਸਭਿਅਤਾ ਦੇਖਦੇ ਹਾਂ, ਇਹ ਨਹੀਂ ਹੋ ਸਕਦੀ ਸੀ। ਇਸ ਅਜ਼ਾਦੀ, ਜੀਵਨ ਦਾ ਸਾਰ-ਤੱਤ ਹੈ। ਭਾਵੇਂ ਅੱਜ ਜਮਹੂਰੀਅਤ ਹੈ ਪਰ ਇਸ ਸੰਸਾਰ ਦੇ ਲੋਕਾਂ ਅਤੇ ਕੌਮਾਂ ਵਿਚਕਾਰ ਬਰਾਬਰੀ ਵਾਲਾ ਰੁਝਾਨ ਪੈਦਾ ਨਹੀਂ ਕਰ ਸਕੀ ਅਤੇ ਮਨੁੱਖਤਾ-ਪੱਖੀ ਨਹੀਂ ਬਣ ਸਕੀ।

ਆਜ਼ਾਦ ਹੋਣ ਦੀ ਤਾਂਘ ਮਨੁੱਖ ਅੰਦਰ ਜਮਾਂਦਰੂ ਹੈ। ਪ੍ਰੰਤੂ ਸਮਾਜਕ ਹਾਲਤਾਂ ਅੱਗੇ ਮਜ਼ਬੂਰ ਹੋਣ ਕਰਕੇ ਵਿਸ਼ਾਲ ਜਨ-ਸਮੂਹ ਇਸ ਦੀ ਵਰਤੋਂ ਕਰਨ ਤੋਂ ਵਾਂਝਾ ਹੈ। ਆਜ਼ਾਦੀ ਉਦੋਂ ਹੀ ਕਹਿ ਸਕਦੇ ਹਾਂ ਜਦੋਂ ਅਜਿਹਾ ਸਮਾਜਕ ਮਾਹੌਲ ਹੋਵੇ ਕਿ ਮਨੁੱਖ ਇੱਛਾ ਅਨੁਸਾਰ ਬਦਲ ਚੁਣ ਸਕਦਾ ਹੋਵੇ।

ਆਜ਼ਾਦੀ ਦਾ ਵਿਰੋਧੀ ਸਰੂਪ ਗੁਲਾਮੀ ਹੈ। ਮਾਨਸਿਕ ਗੁਲਾਮੀ ਵੀ ਇਸੇ ਦਾ ਇਕ ਕੋਝਾ ਰੂਪ ਹੈ। ਇਸ ਦੇ ਖਤਰਨਾਕ ਸਿੱਟਿਆਂ ਬਾਰੇ ਉਨ੍ਹਾਂ ਨੇ ਆਪਟਨ ਸਿਨਕਲੇਅਰ ਦੇ ਹਵਾਲੇ ਨਾਲ ਲਿਖਿਆ, " ਬੰਦੇ ਨੂੰ (ਆਤਮਾ ਦੀ) ਅਮਰਤਾ ਵਿੱਚ ਯਕੀਨ ਕਰਨ ਲਾ ਦਿਓ ਅਤੇ ਫੇਰ ਉਹਦੇ ਕੋਲ ਜੋ ਕੁੱਝ ਵੀ ਹੈ, ਉਹ ਲੁੱਟ ਲਓ। ਉਹ ਸਗੋਂ ਹੱਸ ਕੇ ਤੁਹਾਡੀ ਮਦਦ ਕਰੇਗਾ। ਧਾਰਮਿਕ ਉਪਦੇਸ਼ਕਾਂ ਤੇ ਹੁਕਮਰਾਨਾਂ ਨੇ ਮਿਲੀ-ਭੁਗਤ ਕਰਕੇ ਜੇਲ੍ਹਾਂ, ਫਾਹੀਆਂ, ਕੋਹੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ-ਕੱਢੀ ਸੀ।" ਅਤੇ... "ਇਹੋ-ਜਹੀ ਫਿਲਾਸਫੀ ਨੇ ਜੋ ਕਹਿਰ ਕੀਤਾ ਹੈ, ਉਹ ਸਭ ਨੂੰ ਪਤਾ ਹੀ ਹੈ।"

ਇਸੇ ਕਰਕੇ ਮਾਨਸਿਕ ਗੁਲਾਮੀ 'ਚੋਂ ਕੱਢਕੇ ਆਜ਼ਾਦ ਖਿਆਲ ਬਣਨ ਦੀ ਮਹੱਤਤਾ ਨੂੰ ਉਚਿਆਉਂਦਿਆਂ ਉਨ੍ਹਾਂ ਲਿਖਿਆ, " ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ। ਕਿਉਂਕਿ ਮਹਾਤਮਾ ਜੀ ਮਹਾਨ ਹਨ, ਇਸ ਲਈ ਕੋਈ ਉਨ੍ਹਾਂ ਦੀ ਅਲੋਚਨਾ ਨਾ ਕਰੋ.... ਉਹ ਰਾਜਨੀਤੀ ਜਾਂ ਧਰਮ, ਆਰਥਿਕਤਾ ਜਾਂ ਸਦਾਚਾਰ ਬਾਰੇ ਕੁਝ ਵੀ ਕਹਿੰਦੇ ਹਨ, ਤਾਂ ਉਹ ਸਹੀ ਹੁੰਦਾ ਹੈ। ਤੁਸੀਂ ਮੰਨਦੇ ਹੋ, ਭਾਵੇਂ ਨਹੀਂ ਮੰਨਦੇ, ਤੁਹਾਨੂੰ ਇਹ ਜ਼ਰੂਰ ਕਹਿਣਾ ਪਵੇਗਾ, ਹਾਂ ਇਹ ਗੱਲ ਠੀਕ ਹੈ। ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵੱਲ ਨਹੀਂ ਲਿਜਾਂਦੀ।..."

ਸਿੱਟੇ ਵੱਜੋ ਉਨ੍ਹਾਂ ਮਨੁੱਖ ਨੂੰ ਆਪਣੀ ਬੁੱਧੀ ਅਨੁਸਾਰ ਵਿਹਾਰ ਕਰ ਸਕਣ ਦੀ ਆਜ਼ਾਦੀ ਵਾਲੇ ਸਮਾਜਕ ਮਾਹੌਲ ਦੇ ਨਕਸ਼ੇ ਦਾ ਸਪਸ਼ਟ ਵਰਨਣ ਕਰਦਿਆਂ ਲਿਖਿਆਂ, " ਜਿਸ ਆਦਰਸ਼ ਆਜ਼ਾਦੀ ਦੀ ਕਲਪਨਾ ਕੀਤੀ ਜਾਂਦੀ ਹੈ, ਉਹ ਪੂਰਨ ਆਜ਼ਾਦੀ ਹੈ ਕਿ.... ਨਾ ਮਨ 'ਤੇ ਰੱਬ ਦਾ ਤੇ ਨਾ ਮਜ਼ਹਬ ਦਾ ਭੂਤ ਸਵਾਰ ਹੋਵੇ। ਨਾ ਸਿਰ ਵਿੱਚ ਮਾਇਆ ਜਾਂ ਦੌਲਤ ਦਾ ਲਾਲਚ ਜਾਂ ਖ਼ਬਤ ਸਮਾਇਆ ਹੋਵੇ ਤੇ ਨਾ ਸਰੀਰ ਉੱਤੇ ਸਰਕਾਰੀ ਜਾਂ ਹੋਰ.... ਜ਼ੰਜੀਰਾਂ ਕੱਸੀਆਂ ਹੋਈਆਂ ਹੋਣ।"

8. **ਇਖ਼ਲਾਕ** : ਇਖ਼ਲਾਕ, ਜ਼ਮੀਰ ਦੀ ਅਪੀਲ ਦਾ ਨਾਮ ਹੈ। ਇਖ਼ਲਾਕ ਦਾ ਸਵਾਲ ਕਿਸੇ ਵੀ ਵਿਅਕਤੀ ਦੇ ਸਮਾਜ ਵਿਚ ਵਿਹਾਰ ਦੇ ਪ੍ਰਸੰਗ ਵਿਚ ਹੀ ਪੈਦਾ ਹੁੰਦਾ ਹੈ। ਇਹ ਭਲੇ ਅਤੇ ਬੁਰੇ ਵਿੱਚੋਂ ਫੈਸਲੇ ਲੈਣ ਦਾ ਸਵਾਲ ਹੈ। ਜਦੋਂ ਤੱਕ ਕੋਈ ਤਰਕਸ਼ੀਲ ਨਹੀਂ ਅਤੇ ਉਹ ਨਿਰਖ ਕਰਨ ਲਈ ਆਪਣੀ ਸੋਝੀ ਨੂੰ ਵਰਤੋਂ ਵਿੱਚ ਨਹੀ ਲਿਆਉਂਦਾ, ਤਾਂ ਉਹ ਕਿਸ ਤਰ੍ਹਾਂ ਭਲੇ ਅਤੇ ਬੁਰੇ ਨੂੰ ਜਾਣ ਸਕੇਗਾ, ਧਾਰਮਿਕ ਵਿਅਕਤੀ ਲਈ ਰੱਬ ਨੂੰ ਧਿਆਉਣਾ ਇਖ਼ਲਾਕ ਦਾ ਪੈਮਾਨਾ ਹੋ ਸਕਦਾ ਹੈ। ਪਰ ਤਰਕਸ਼ੀਲਤਾ ਅਨੁਸਾਰ ਇਖਲਾਕ ਦੇ ਸਵਾਲ ਦਾ ਸੰਬੰਧ ਇਹ ਹੈ ਕਿ ਤੁਸੀ ਮਨੁੱਖਤਾ ਪ੍ਰਤੀ ਕੀ ਵਿਵਹਾਰ ਕਰਦੇ ਹੋ। ਇਸ ਸਮਾਜ ਵਿੱਚ ਮੌਜੂਦਾ ਨਾ-ਬਰਾਬਰੀਆਂ ਅਤੇ ਹੋਰ ਹਰ ਕਿਸਮ ਦੀਆਂ ਬੁਰਿਆਈਆਂ ਤੋਂ ਮੂੰਹ ਭੁਆਕੇ ਕੁਝ ਵੀ ਕਰਨਾ ਉੱਚੇ-ਸੁੱਚੇ ਇਖਲਾਕ ਦੇ ਘੇਰੇ 'ਚ ਨਹੀਂ ਆਉਂਦਾ। ਇਸੇ ਲਈ ਇਸ ਤਰ੍ਹਾਂ ਦੇ ਹਾਲਤ 'ਤੇ ਵਿਅੰਗ ਕਸਦਿਆਂ ਭਗਤ ਸਿੰਘ ਨੇ ਲਿਖਿਆ, "ਅਸੀਂ ਅੱਜ ਗੁਲਾਮ ਹਾਂ। ਸਾਡੀ ਨਜ਼ਰ ਕਮਜ਼ੋਰ ਹੈ। ਸਾਡਾ ਦਿਮਾਗ ਮੰਦ ਹੋਇਆ ਹੈ।.... ਅਸੀਂ ਦੁਨੀਆਂ ਦੀ ਸ਼ਾਂਤੀ ਦੀ ਤਾਂ ਕੀ ਫਿਕਰ ਕਰਨੀ ਹੈ, ਆਪਣੇ ਦੇਸ਼ ਵਾਸ਼ਤੇ ਵੀ .... ਕੁਝ ਨਹੀ ਕਰ ਰਹੇ।.... ਅਸੀਂ ਰੱਬ ਤੇ ਸਵਰਗ ਦੇ ਰੋਣੇ ਵਿੱਚ ਆਤਮਾ-ਪ੍ਰਮਾਤਮਾ ਦੇ ਸਿਆਪੇ ਵਿੱਚ ਫਸੇ ਰਹਿੰਦੇ ਹਾਂ।.... ਅਸੀ ਰੂਹਾਨੀਅਤ ਪਸੰਦ ਜੁ ਹੋਏ! ਸਾਨੂੰ ਇਸ ਜੱਗ ਦੀਆਂ ਗੱਲਾਂ ਹੀ ਨਹੀਂ ਕਰਨੀਆਂ ਚਾਹੀਦੀਆਂ!...."

ਉਨ੍ਹਾਂ ਦਾ 'ਜੱਗ' ਤੋਂ ਕੀ ਭਾਵ ਸੀ? ਮਨੁੱਖੀ ਸਮਾਜ। ਪਰ ਸਮਾਜਿਕ-ਪ੍ਰਬੰਧ ਤਾਂ ਲੁੱਟ-ਆਧਾਰਤ ਸੀ/ਹੈ। ਲੁਟੇਰੇ ਪ੍ਰਬੰਧ 'ਚ ਲੁਟੇਰਾ ਇਖ਼ਲਾਕ ਭਾਰੂ ਹੋਣ ਕਰਕੇ ਲੁੱਟ-ਖਸੁੱਟ ਅਤੇ ਹੋਰ ਹਰ ਕਿਸਮ ਦੇ ਧੱਕੇ-ਧੋੜਿਆਂ ਆਦਿ ਦੇ ਚਾਲੂ ਰਹਿਣ ਕਰਕੇ ਵਿਸ਼ਾਲ ਜਨ-ਸਮੂਹ ਦੀਆਂ ਜੀਵਨ ਹਾਲਤਾਂ ਦੁਰਦਸ਼ਾ ਵਾਲੀਆਂ ਬਣੀਆਂ ਰਹਿੰਦੀਆਂ ਹਨ। ਇਸ ਵਿੱਚੋਂ ਇਹ ਤਰਕਪੂਰਣ ਸਿੱਟਾ ਨਿਕਲਦਾ ਹੈ ਕਿ ਮਨੁੱਖੀ ਕਲਿਆਣ ਲਈ ਇਸ "ਜੱਗ" ਦੀ ਥਾਂ ਲੁੱਟ-ਰਹਿਤ ਤੇ ਬਰਾਬਰੀ ਵਾਲਾ ਸਮਾਜ ਸਿਰਜਿਆ ਜਾਵੇ। ਇਸ ਸਿੱਟੇ ਨੂੰ ਅਪਣਾਉਂਦਿਆਂ ਹੀ ਉਨ੍ਹਾਂ "ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ" ਦਾ ਨਾਹਰਾ ਬੁਲੰਦ ਕੀਤਾ।

ਜੋ ਕਹਿੰਦੇ ਹੋ, ਉਸ 'ਤੇ ਅਮਲ ਕਰੋ, ਇਹੀ ਇਖ਼ਲਾਕ

ਦਾ ਖਰਾ ਹੋਣਾ ਹੈ। ਸੋ ਇਸੇ ਇਖਲਾਕੀ ਅਸੂਲ 'ਤੇ ਖਰੇ ਉਤਰਦਿਆਂ ਉਨ੍ਹਾਂ ਕੇਵਲ ਨਾਹਰਾ ਹੀ ਬੁਲੰਦ ਨਹੀਂ ਕੀਤਾ, ਬਲਕਿ ਇਸ ਲਈ ਜੱਦੋ-ਜਹਿਦ ਕਰਦਿਆਂ 23 ਮਾਰਚ, 1931 ਨੂੰ ਸ਼ਹਾਦਤ ਦਾ ਜਾਮ ਵੀ ਪੀਤਾ।

ਨਿਚੋੜ : ਅਸੀਂ ਤਰਕਸ਼ੀਲ ਸੋਚ-ਵਿਚਾਰ ਦੇ ਢੰਗ (Rationalist mode of thought) ਦੇ ਕੁੱਝ ਮਹੱਤਵਪੂਰਨ ਨਿਗਮਨ ਵਿਚਾਰੇ ਹਨ। ਜੇਕਰ ਤਰਕਸ਼ੀਲਤਾ ਮਨੁੱਖਤਾ ਨੂੰ ਆਪਣੀ ਇੱਛਾ, ਸੋਚ ਅਤੇ ਕਰਮ ਦੇ ਖੇਤਰ ਵਿੱਚ ਆਜ਼ਾਦੀ ਵੱਲ ਨਹੀਂ ਲਿਜਾਂਦੀ ਤਾਂ ਕਿਸੇ ਵੀ ਮਨੁੱਖ ਲਈ ਸਿਰਫ਼ ਨਾਸਤਿਕ ਵਿਚਾਰ ਰੱਖੀ ਰੱਖਣਾ ਵਿਅਰਥ ਹੈ। ਜਿਵੇਂ ਉੱਪਰ ਵਿਚਾਰਿਆ ਗਿਆ ਹੈ ਕਿ ਭਗਤ ਸਿੰਘ ਦੀ ਸੋਚ ਵਿੱਚੋਂ ਸਿਰਫ਼ ਨਾਸਤਿਕਤਾ ਨਹੀਂ ਬਲਕਿ ਤਰਕਸ਼ੀਲ ਸੋਚ-ਵਿਚਾਰ ਦੇ ਢੰਗ ਦੇ ਅਨੁਸਾਰੀ ਨਿਗਮਨ ਪੂਰੀ ਤਰ੍ਹਾਂ ਝਲਕਦੇ ਸਨ। ਭਾਵੇਂ ਭਾਰਤ ਦੇ ਇਤਿਹਾਸ ਵਿੱਚ ਪਹਿਲਾਂ ਵੀ ਕੁੱਝ ਚਿੰਤਕਾਂ ਨੇ ਇਨ੍ਹਾਂ ਵਿੱਚੋਂ ਕੁੱਝ 'ਤੇ ਪਹਿਰਾ ਦਿੱਤਾ, ਪਰ ਇਹ ਸਿਹਰਾ ਭਗਤ ਸਿੰਘ ਸਿਰ ਹੀ ਜਾਂਦਾ ਹੈ ਕਿ ਉਨ੍ਹਾਂ ਨੇ ਤਰਕਸ਼ੀਲ ਸੋਚ-ਵਿਚਾਰ ਦੀ ਪੂਰੀ-ਸੂਰੀ ਵਿਗਿਆਨਕ ਪ੍ਰਣਾਲੀ ਨੂੰ ਪ੍ਰਣਾਇਆ ਹੀ ਨਹੀਂ ਬਲਕਿ ਸਮੇਂ-ਸਮੇਂ 'ਤੇ ਇਸ ਨੂੰ ਜ਼ੋਰਦਾਰ ਰੂਪ 'ਚ ਉਭਾਰਿਆ। ਇੱਥੋਂ ਤੱਕ ਕਿ ਜਦੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਜਾ ਚੁੱਕੀ ਸੀ ਤਾਂ ਵੀ ਉਨ੍ਹਾਂ ਦਾ ਇਸ 'ਤੇ ਯਕੀਨ ਨਹੀਂ ਡੋਲਿਆ। ਸਗੋਂ ਮੌਤ ਦੀਆਂ ਨੇੜੇ ਆ ਰਹੀਆਂ ਘੜੀਆਂ ਦਾ ਸਾਹਮਣਾ ਕਰਦਿਆਂ ਉਨ੍ਹਾਂ ਲਿਖਿਆ, "ਥੋੜ੍ਹਾ ਜਿਹਾ ਰਹੱਸਵਾਦ ਇਸ ਹਾਲਾਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮੱਦਦ ਦੀ ਲੋੜ ਨਹੀਂ ਹੈ। ਮੈਂ ਯਥਾਰਥਵਾਦੀ ਹਾਂ। ਮੈਂ ਤਰਕ ਦੀ ਮੱਦਦ ਨਾਲ ਇਸ ਰੁਝਾਨ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ।" ਤਰਕਸ਼ੀਲ ਸੋਚ ਹੋਣ ਕਰਕੇ ਹੀ ਉਨ੍ਹਾਂ ਤਰਕ ਦੀ ਵਿਗਿਆਨਕ ਕਸਵੱਟੀ, ਮਨੁੱਖੀ ਕਲਿਆਣ ਨੂੰ ਬਣਾਉਂਦੇ ਹੋਏ ਲਿਖਿਆ, "ਜਿਸ ਦਿਨ ਮਨੁੱਖਤਾ ਦੀ ਸੇਵਾ ਅਤੇ ਦੁੱਖ ਝਾਗ ਰਹੀ ਮਨੁੱਖਤਾ ਦੀ ਮੁਕਤੀ ਦੀ ਭਾਵਨਾ ਨਾਲ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਉਸ ਦਿਨ ਤੋਂ ਆਜ਼ਾਦੀ ਦਾ ਯੁੱਗ ਸ਼ੁਰੂ ਹੋਵੇਗਾ।"

ਭਗਤ ਸਿੰਘ ਦੇ ਚਿੰਤਨ ਦਾ ਕੱਦ ਤਰਕਸ਼ੀਲਤਾ ਦੀਆਂ ਬੁਲੰਦੀਆਂ 'ਤੇ ਹੈ। ਉਹ ਤਰਕਸ਼ੀਲਤਾ ਨੂੰ ਉਭਾਰਦਿਆਂ ਭਾਰਤੀ ਇਤਿਹਾਸ ਦੇ ਪੰਨਿਆਂ 'ਤੇ ਸਥਾਨ ਦਿਵਾਕੇ ਅਗਲੇਰੀਆਂ ਪੀੜ੍ਹੀਆਂ ਤੱਕ ਪਹੁੰਚਾਉਂਦਿਆਂ ਉਨ੍ਹਾਂ ਦੇ ਦਿਮਾਗ ਰੌਸ਼ਨ ਕਰਨ ਦੀ ਭੂਮਿਕਾ ਨਿਭਾਉਣ ਵਾਲੇ ਆਪਣੇ ਸਮੇਂ ਤੱਕ ਦੇ ਸਭ ਤੋਂ ਵੱਡੇ ਅਤੇ ਪਹਿਲੇ ਚਿੰਤਕ ਸਨ।

98769-53561

ਸ਼ਾਈਨਿੰਗ ਇੰਡੀਆ

1. ਅਮੀਰਾਂ ਅਤੇ ਗਰੀਬਾਂ ਵਿਚਾਲੇ ਫ਼ਾਸਲਾ ਬਹੁਤ ਵੱਡਾ : ਭਾਰਤ ਦੇ ਇੱਕ ਫ਼ੀਸਦੀ ਅਮੀਰਾਂ ਦੀ ਸੰਪਤੀ ਮੁਲਕ ਦੇ 70 ਫ਼ੀਸਦੀ ਯਾਨੀ 95.3 ਕਰੋੜ ਲੋਕਾਂ ਦੀ ਕਮਾਈ ਤੋਂ ਚਾਰ ਗੁਣਾ ਵੱਧ ਹੈ। ਨਵੇਂ ਅਧਿਐਨ ਮੁਤਾਬਕ ਸਾਰੇ ਭਾਰਤੀ ਅਰਬਪਤੀਆਂ ਦੀ ਕੁੱਲ ਸੰਪਤੀ ਪੂਰੇ ਸਾਲ ਦੇ ਬਜਟ ਤੋਂ ਵੀ ਵੱਧ ਹੈ। ਵਿਸ਼ਵ ਆਰਥਿਕ ਫੋਰਮ ਦੀ ਸਾਲਾਨਾ ਮੀਟਿੰਗ ਤੋਂ ਪਹਿਲਾਂ ਔਕਸਫੈਮ ਨੇ 'ਟਾਈਮ ਟੂ ਕੇਅਰ' ਅਧਿਐਨ ਜਾਰੀ ਕਰਦਿਆਂ ਕਿਹਾ ਕਿ ਦੁਨੀਆਂ ਦੇ 2153 ਅਰਬਪਤੀਆਂ ਕੋਲ 4.6 ਅਰਬ ਲੋਕਾਂ (ਕੁੱਲ ਆਬਾਦੀ ਦਾ 60 ਫ਼ੀਸਦੀ) ਦੀ ਕੁੱਲ ਆਮਦਨ ਤੋਂ ਵੱਧ ਜਾਇਦਾਦ ਹੈ। ਔਕਸਫੈਮ ਨੇ ਕਿਹਾ ਕਿ ਭਾਰਤ ਦੇ 63 ਅਰਬਪਤੀਆਂ ਦੀ ਕੁੱਲ ਸੰਪਤੀ ਮੁਲਕ ਦੇ ਵਿੱਤੀ ਵਰ੍ਹੇ 2018-19 ਦੇ ਬਜਟ 24,42,200 ਕਰੋੜ ਰੁਪਏ ਤੋਂ ਕਿਤੇ ਵੱਧ ਹੈ। ਰਿਪੋਰਟ 'ਚ ਆਲਮੀ ਪੱਧਰ 'ਤੇ ਨਾ-ਬਰਾਬਰੀ ਦੇ ਅੰਕੜਿਆਂ ਦਾ ਖੁਲਾਸਾ ਕੀਤਾ ਗਿਆ ਹੈ। ਪਿਛਲੇ ਇੱਕ ਦਹਾਕੇ 'ਚ ਅਰਬਪਤੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ। ਔਕਸਫੈਮ ਇੰਡੀਆ ਦੇ ਸੀ.ਈ.ਓ. ਅਮਿਤਾਭ ਬੇਹਰ ਨੇ ਕਿਹਾ, "ਅਮੀਰਾਂ ਅਤੇ ਗਰੀਬਾਂ ਵਿਚਕਾਰਲੇ ਪਾੜੇ ਨੂੰ ਉਸ ਸਮੇਂ ਤੱਕ ਦੂਰ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਨਾ-ਬਰਾਬਰੀ ਵਾਲੀਆਂ ਨੀਤੀਆਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਂਦਾ। ਰਿਪੋਰਟ ਮੁਤਾਬਕ ਹਰ ਮਹਾਦੀਪ 'ਚ ਕਿਸੇ ਨਾ ਕਿਸੇ ਮੁੱਦੇ ਨੂੰ ਲੈ ਕੇ ਅਸ਼ਾਂਤੀ ਦਾ ਮਾਹੌਲ ਪੈਦਾ ਹੋਇਆ ਹੈ, ਜੋ ਨਾ-ਬਰਾਬਰੀ ਦੀ ਦੇਣ ਮੰਨਿਆ ਜਾ ਰਿਹਾ ਹੈ। ਉਂਝ ਇਹ ਅੰਦੋਲਨ ਭ੍ਰਿਸ਼ਟਾਚਾਰ, ਸੰਵਿਧਾਨ ਦੀ ਉਲੰਘਣਾ, ਮਹਿੰਗਾਈ ਜਾਂ ਹੋਰ ਕਾਰਨਾਂ ਕਰਕੇ ਭੜਕੇ ਹਨ।

2. ਜਮਹੂਰੀ ਸੂਚਕ ਅੰਕ : ਭਾਰਤ ਦੀ ਸਾਖ ਡਿੱਗੀ; 51ਵੇਂ ਸਥਾਨ 'ਤੇ ਪੁੱਜਿਆ 'ਆਮ ਨਾਗਰਿਕਾਂ ਦੇ ਅਧਿਕਾਰਾਂ ਦਾ ਘਾਣ' ਜਮਹੂਰੀਅਤ 'ਚ ਗਿਰਾਵਟ ਦਾ ਰੁਝਾਨ ਦਰਜ : ਭਾਰਤ 2019 ਦੇ ਜਮਹੂਰੀ ਸੂਚਕ ਅੰਕ 'ਚ 10ਵੇਂ ਸਥਾਨ ਤੋਂ ਤਿਲਕ ਕੇ 51ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਇਕਨਾਮਿਸਟ ਇੰਟੈਲੀਜੈਂਸ ਯੂਨਿਟ ਮੁਤਾਬਕ ਭਾਰਤ 'ਚ 'ਆਮ ਨਾਗਰਿਕਾਂ ਦੇ ਅਧਿਕਾਰਾਂ 'ਚ ਘਾਣ' ਕਰਕੇ ਜਮਹੂਰੀਅਤ 'ਚ ਗਿਰਾਵਟ ਦਾ ਰੁਝਾਨ ਦਰਜ ਹੋਇਆ ਹੈ। ਕੁੱਲ 167 ਮੁਲਕਾਂ 'ਚੋਂ ਭਾਰਤ ਨੂੰ 2018 'ਚ ਓਵਰਆਲ 7.23 ਅੰਕ ਮਿਲੇ ਸਨ ਜੋ ਹੁਣ ਡਿੱਗ ਕੇ 6.90 ਰਹਿ ਗਏ ਹਨ। ਭਾਰਤ 'ਨੁਕਸਦਾਰ ਲੋਕਤੰਤਰ' ਦੇ ਵਰਗ 'ਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲੋਕਾਂ ਦੀ ਡਿਜੀਟਲ ਨਿਗਰਾਨੀ ਨਾਲ ਵਿਅਕਤੀਗਤ ਆਜ਼ਾਦੀ 'ਤੇ ਵੀ ਅਸਰ ਪਿਆ ਹੈ।

ਇਤਿਹਾਸਕ ਵਿਕਾਸ
(ਵਿਦਿਆਰਥੀ ਵਿਸ਼ੇਸ਼)

ਸਾਡੇ ਗਿਆਨ ਦਾ ਸ੍ਰੋਤ ਕੀ ਹੈ ?

ਮੀਨਾਕਸ਼ੀ

ਬੱਚਿਓ, ਜੇ ਕੋਈ ਤੁਹਾਥੋਂ ਪੁੱਛੇ ਕਿ ਤੁਹਾਨੂੰ ਗਿਆਨ ਕਿੱਥੋਂ ਮਿਲਦਾ ਹੈ, ਤਾਂ ਤੁਸੀਂ ਤੁਰੰਤ ਕਹੋਗੇ ਕਿ ਚੰਗੇ ਸਕੂਲਾਂ ਵਿੱਚੋਂ ਸਿੱਖਿਆ ਪ੍ਰਾਪਤ ਕਰਕੇ ਜਾਂ ਸਖ਼ਤ ਮਿਹਨਤ ਨਾਲ ਪੜ੍ਹ ਕੇ। ਇਸ ਤਰ੍ਹਾਂ ਪ੍ਰਾਪਤ ਗਿਆਨ ਦਾ ਸਿਹਰਾ ਤੁਸੀਂ ਸਕੂਲ, ਆਪਣੀ ਨਿੱਜੀ ਮਿਹਨਤ ਦੇ ਸਿਰ ਬੰਨ੍ਹਦੇ ਹੋ ਅਤੇ ਆਪਣੇ ਮਾਤਾ-ਪਿਤਾ ਦੇ ਵੀ ਜਿਹਨਾਂ ਨੇ ਉੱਚੀਆਂ ਫੀਸਾਂ ਭਰ ਕੇ ਅਤੇ ਮਹਿੰਗੀਆਂ ਕਿਤਾਬਾਂ ਤੁਹਾਡੇ ਲਈ ਖਰੀਦ ਕੇ ਪੜ੍ਹਾਈ ਦਾ ਚੰਗਾ ਪ੍ਰਬੰਧ ਕੀਤਾ। ਪਰ ਇਹ ਪੂਰਾ ਸੱਚ ਨਹੀਂ!

ਨਿੱਜੀ ਯੋਗਤਾ ਜਾਂ ਮਨੁੱਖ ਦੀ ਸਮੂਹਿਕ ਮਿਹਨਤ

ਕਿਤਾਬਾਂ ਵਿੱਚ ਜੋ ਗੱਲਾਂ ਲਿਖੀਆਂ ਹੁੰਦੀਆਂ ਹਨ ਜਾਂ ਜਿਸ ਚੀਜ਼ ਬਾਰੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ, ਉਹ ਤਾਂ ਕਿਸੇ ਹੋਰ ਦਾ ਗਿਆਨ ਹੁੰਦਾ ਹੈ, ਅਸੀਂ ਤਾਂ ਸਿਰਫ਼ ਉਸ ਨੂੰ ਪੜ੍ਹ ਕੇ ਪ੍ਰੀਖਿਆ ਪਾਸ ਕਰ ਲੈਂਦੇ ਹਾਂ। ਜੇ ਇਹ ਜਾਣ ਲਿਆ ਜਾਵੇ ਕਿ ਅੱਜ ਜੋ ਗਿਆਨ ਅਸੀਂ ਪ੍ਰਾਪਤ ਕਰ ਰਹੇ ਹਾਂ, ਜੋ ਕੁੱਝ ਸਿੱਖਦੇ-ਸਮਝਦੇ ਹਾਂ, ਉਹ ਅੱਜ ਦੀ ਦੇਣ ਨਹੀਂ, ਲੱਖਾਂ ਸਾਲ ਪਹਿਲਾਂ ਰਹਿਣ ਵਾਲੇ ਸਾਡੇ ਪੂਰਵਜਾਂ, ਸਾਡੀ ਪੜਦਾਦੀ, ਪੜਨਾਨੀ, ... ਦੇ ਵੰਸ਼ਜਾਂ ਦੀ ਬਦੌਲਤ ਹੈ ਤਾਂ ਅਸੀਂ ਇਹ ਅਸਲੀਅਤ ਵੀ ਜਾਣ ਲਵਾਂਗੇ ਕਿ ਗਿਆਨ ਸਾਨੂੰ ਕਿੱਥੋਂ ਅਤੇ ਕਿਵੇਂ ਮਿਲਦਾ।

ਸਮੂਹਿਕ ਸੋਚ ਨਾਲ ਪੈਦਾ ਹੋਇਆ ਗਿਆਨ ਸਦੀਆਂ ਤੋਂ ਵਿਕਾਸ ਕਰਦਾ ਅਤੇ ਨਵੀਆਂ-ਨਵੀਆਂ ਖੋਜਾਂ ਅਤੇ ਜਾਣਕਾਰੀਆਂ ਨੂੰ ਆਪਣੇ ਅੰਦਰ ਸਮੇਟਦਾ ਹੋਇਆ ਸਾਡੇ ਤੱਕ ਪਹੁੰਚਿਆ ਹੈ। ਗਿਆਨ-ਵਿਕਾਸ ਦੇ ਧਾਗੇ ਨੂੰ ਫੜ ਕੇ ਜੇ ਤੁਸੀਂ ਇਤਿਹਾਸ ਵਿੱਚ ਉਸ ਦੇ ਸ਼ੁਰੂਆਤੀ ਸਿਰੇ ਤੱਕ ਪਹੁੰਚੋ ਤਾਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਉਦੋਂ ਉਹ ਪੂਰੇ ਮਨੁੱਖ ਵਰਗਾ ਵੀ ਨਹੀਂ ਸੀ, ਉਸ ਨੇ ਤਾਂ ਆਪਣੇ ਦੋ ਪੈਰਾਂ 'ਤੇ ਅਜੇ ਚਲਣਾ ਸਿੱਖਿਆ ਹੀ ਸੀ ਅਤੇ ਚੌਪਾਏ ਹਿੰਸਕ ਜੰਗਲੀ ਜਾਨਵਰਾਂ ਵਿੱਚ ਰਹਿੰਦਾ ਸੀ, ਤਾਂ ਤੁਸੀਂ ਵੇਖੋਗੇ ਕਿ ਕਿਵੇਂ ਸਾਡੇ ਪੁਰਖਿਆਂ ਨੇ ਇਸ ਸਥਿਤੀ ਦਾ ਸਾਹਮਣਾ ਕਰਨ ਲਈ ਸੰਦ ਬਣਾਏ। ਇਹ ਉਹਨਾਂ ਦੀ ਲੋੜ ਸੀ ਕਿਉਂਕਿ ਤਾਂ ਹੀ ਉਹ ਆਪਣੇ ਤੋਂ ਸ਼ਕਤੀਸ਼ਾਲੀ ਹਿੰਸਕ ਦੁਸ਼ਮਣਾਂ ਨਾਲ ਦੋ-ਹੱਥ ਕਰ ਸਕਦੇ ਸੀ ਅਤੇ ਆਪਣੇ ਆਪ ਨੂੰ ਜੀਵਤ ਰੱਖ ਸਕਦੇ ਸੀ। ਉਹਨਾਂ ਨੇ ਪੱਥਰਾਂ ਨੂੰ ਘਸਾ ਕੇ, ਇੱਕ ਪੱਥਰ ਦੇ ਟੁਕੜੇ ਨੂੰ ਦੂਜੇ ਟੁਕੜੇ ਨਾਲ ਰਗੜ ਕੇ ਪੱਥਰ ਦੇ ਨੋਕੀਲੇ ਸੰਦ ਬਣਾਏ। ਇਹ ਕਿਸੇ ਇੱਕ ਮਨੁੱਖ ਦਾ ਕੰਮ ਨਹੀਂ ਸੀ। ਪੂਰੇ ਮਨੁੱਖੀ ਸਮਾਜ ਨੇ ਮਿਲ ਕੇ ਅਜਿਹਾ ਕੀਤਾ।




ਇੱਕ ਬਾਰ ਹੱਥ ਵਿੱਚ ਇਹ ਸੰਦ ਆਉਣ ਬਾਅਦ ਇਨ੍ਹਾਂ ਦੀ ਮੱਦਦ ਨਾਲ ਉਸ ਨੇ ਰੁੱਖਾਂ ਦੀ ਛਾਲ ਅਤੇ ਪਸ਼ੂਆਂ ਦੀ ਖੱਲ ਨਾਲ ਕੱਪੜੇ ਦੀ ਜਰੂਰਤ ਵੀ ਪੂਰੀ ਕੀਤੀ। ਪੱਥਰ ਦੇ ਸੰਦ ਬਣਾਉਣ ਦਾ ਗਿਆਨ ਇੱਕ ਪੀੜ੍ਹੀ ਤੋਂ ਅੱਗੇ ਦੀ ਪੀੜ੍ਹੀ ਤੱਕ ਆਇਆ ਅਤੇ ਇਹ ਗਿਆਨ ਵਿਕਸਿਤ ਹੁੰਦਾ ਹੋਇਆ ਤਾਂਬੇ, ਲੋਹੇ ਅਤੇ ਫਿਰ ਅੱਜ ਦੇ ਆਧੁਨਿਕ ਸੰਦ ਬਣਾਉਣ ਤੱਕ ਪੁੱਜਾ। ਜਰਾ ਸੋਚੋ, ਜੇ ਪੱਥਰ ਦੇ ਇਹ ਸੰਦ ਉਦੋਂ ਖੋਜੇ ਨਾ ਗਏ ਹੁੰਦੇ ਤਾਂ ਮਨੁੱਖ ਵੀ ਡਾਇਨਾਸੋਰ ਵਾਂਗ ਅਲੋਪ ਹੋ ਗਿਆ ਹੁੰਦਾ।

ਅੱਜ ਅਸੀਂ ਮਾਚਿਸ ਦੀ ਤੀਲੀ ਜਾਂ ਲਾਈਟਰ ਨਾਲ ਬਹੁਤ ਮਜ਼ੇ ਨਾਲ ਗੈਸ ਦੇ ਚੁੱਲ੍ਹੇ ਵਿੱਚ ਅੱਗ ਪੈਦਾ ਕਰ ਲੈਂਦੇ ਹਾਂ ਅਤੇ ਉਸ ਦੇ ਗੁਣਾਂ ਤੇ ਸੁਭਾਅ ਬਾਰੇ ਬਿਨ੍ਹਾਂ ਕਿਸੇ ਦੇ ਕੁੱਝ ਦੱਸੇ ਵੀ ਕਾਫੀ ਕੁੱਝ ਜਾਣਦੇ ਹਾਂ। ਪਰ ਕੀ ਤੁਸੀਂ ਦੱਸ ਸਕਦੇ ਹੋ ਕਿ ਅੱਗ ਦੀ ਖੋਜ ਕਿਸ ਵਿਅਕਤੀ ਨੇ ਕੀਤੀ ਸੀ। ਨਹੀਂ ਦੱਸ ਸਕਦੇ! ਕਿਉਂਕਿ ਇਹ ਖੋਜ ਕਿਸੇ ਇੱਕ ਵਿਅਕਤੀ ਦੀ ਨਹੀਂ, ਪੂਰੇ ਸਮਾਜ ਦੀ ਹੈ। ਇਹ ਕਿਸੇ ਇੱਕ ਦਿਨ ਦਾ ਕੰਮ ਵੀ ਨਹੀਂ। ਅੱਗ ਦੀ ਇਸ ਖੋਜ ਵਿੱਚ ਕਈ ਪੀੜ੍ਹੀਆਂ ਲੱਗੀਆਂ। ਇਹ ਤੁਸੀਂ ਜਾਣਦੇ ਹੀ ਹੋ ਕਿ ਜੰਗਲਾਂ ਵਿੱਚ ਆਪਣੇ ਆਪ ਅੱਗ ਲੱਗ ਜਾਇਆ ਕਰਦੀ ਹੈ। ਸੋ ਉਸ ਸਮੇਂ ਵੀ ਇਹ ਹੁੰਦਾ ਸੀ। ਜੰਗਲਾਂ ਵਿੱਚ ਲੱਗਣ ਵਾਲੀ ਅੱਗ ਪਹਿਲਾਂ ਸਾਡੇ ਪੁਰਖਿਆਂ ਨੂੰ ਡਰਾਉਂਦੀ ਸੀ। ਫਿਰ ਹੌਲੀ-ਹੌਲੀ ਉਹਨਾਂ ਨੇ ਇਹ ਸਮਝ ਲਿਆ ਕਿ ਤੇਜ ਹਵਾ ਦੇ ਕਾਰਣ ਜਦੋਂ ਰੁੱਖਾਂ ਦੀਆਂ ਟਾਹਣੀਆਂ ਆਪਸ ਵਿੱਚ ਰਗੜ ਖਾਂਦੀਆਂ ਹਨ ਤਾਂ ਉਨ੍ਹਾਂ ਵਿੱਚੋਂ ਅੱਗ ਨਿਕਲਦੀ ਹੈ ਜਾਂ ਜਦ ਪੱਥਰ ਇੱਕ-ਦੂਜੇ 'ਤੇ ਬਹੁਤ ਤੇਜੀ ਨਾਲ ਡਿੱਗਦੇ ਹਨ ਤਾਂ ਉਨ੍ਹਾਂ ਵਿੱਚੋਂ ਚੰਗਿਆੜੀ ਫੁੱਟਦੀ ਹੈ।



ਇਹ ਪੂਰੀ ਮਨੁੱਖੀ ਜਾਤੀ ਲਈ ਇੱਕ ਮਹੱਤਵਪੂਰਨ ਖੋਜ ਸੀ। ਜੰਗਲ ਦੀ ਅੱਗ ਤੋਂ ਉਹਨਾਂ ਨੂੰ ਭੁੰਨੇ ਮਾਸ ਦਾ ਸੁਆਦ ਵੀ ਮਿਲਿਆ। ਅੱਜ ਕਿਤਾਬਾਂ 'ਚੋਂ ਤੁਸੀਂ ਇਹ ਜਾਣਦੇ ਹੋ ਕਿ ਜਦੋਂ ਜੰਗਲ ਵਿੱਚ ਅੱਗ ਭੜਕਦੀ ਹੈ ਤਾਂ ਉਹ ਏਨੀ ਤੇਜੀ ਨਾਲ ਫੈਲਦੀ ਹੈ ਕਿ ਕਿਸੇ ਦੇ ਵੀ ਇਸ ਵਿੱਚ ਫਸੇ ਰਹਿ ਜਾਣ ਦਾ ਡਰ ਰਹਿੰਦਾ ਹੈ। ਉਸ ਸਮੇਂ ਵੀ ਅਚਾਨਕ ਅੱਗ ਦੇ ਅੰਬਾਰ ਇਸ ਤਰ੍ਹਾਂ ਭੜਕ ਉੱਠਦੇ ਸੀ। ਉਸ ਵਿੱਚ ਕੁੱਝ ਜਾਨਵਰ ਤਾਂ ਅੱਗ ਵਿੱਚ ਜਲ ਕੇ ਪੂਰੀ ਤਰ੍ਹਾਂ ਰਾਖ ਹੋ ਜਾਂਦੇ ਪਰ ਕੁੱਝ ਪੂਰੀ ਤਰ੍ਹਾਂ ਜਲਣ ਤੋਂ ਬਚੇ ਵੀ ਰਹਿ ਜਾਂਦੇ। ਇਸ ਭੁੰਨੇ ਹੋਏ ਮਾਸ ਨੂੰ ਸਾਡੇ ਪੁਰਖਿਆਂ ਨੇ ਕੱਚੇ ਮਾਸ ਦੇ ਮੁਕਾਬਲੇ ਵਧੇਰੇ ਸੁਆਦੀ ਪਾਇਆ। ਫਿਰ ਤਾਂ ਉਹਨਾਂ ਨੇ ਭੁੰਨਿਆ ਹੋਇਆ ਮਾਸ ਪ੍ਰਾਪਤ ਕਰਨ ਲਈ ਲੱਕੜਾਂ ਜਾਂ ਪੱਥਰਾਂ ਦੇ ਟੁਕੜਿਆਂ ਨੂੰ ਆਪਸ ਵਿੱਚ ਰਗੜ ਕੇ ਅੱਗ ਪੈਦਾ ਕਰਨੀ ਸਿੱਖ ਲਈ। ਉਹਨਾਂ ਨੇ ਖ਼ੁਦ ਆਪਣੇ ਬਾਰ-ਬਾਰ ਦੇ ਤਜ਼ਰਬੇ ਤੋਂ ਇਹ ਗਿਆਨ ਪ੍ਰਾਪਤ ਕੀਤਾ ਕਿ ਅੱਗ ਦੀ ਵਰਤੋਂ ਮਾਸ ਭੁੰਨਣ ਲਈ ਹੀ ਨਹੀਂ ਸਗੋਂ ਠੰਢ ਅਤੇ ਜੰਗਲੀ ਜਾਨਵਰਾਂ ਦੇ ਖਤਰੇ ਤੋਂ ਬਚਣ ਲਈ ਵੀ ਕੀਤੀ ਜਾ ਸਕਦੀ ਹੈ। ਗਿਆਨ ਵਿਕਾਸ ਦਾ ਇਹ ਧਾਗਾ ਵਰਤਮਾਨ ਦਿਸ਼ਾ ਵਿੱਚ ਅੱਗੇ ਵਧਾਉਂਦਾ ਸਾਨੂੰ ਉਸ ਮੰਜ਼ਿਲ ਤੱਕ ਲਿਆਉਂਦਾ ਹੈ ਜਿੱਥੇ ਸਾਡੇ ਪੁਰਖਿਆਂ ਨੇ ਅੱਗ ਦੀ ਮੱਦਦ ਨਾਲ ਇੱਟਾਂ ਪਕਾਉਣ, ਪੱਕੀਆਂ ਇੱਟਾਂ ਤੋਂ ਘਰ ਬਣਾਉਣ, ਬਰਤਨ-ਭਾਂਡੇ ਵਰਗੀਆਂ ਚੀਜਾਂ ਬਣਾਉਣ ਦਾ ਹੁਨਰ ਜਾਣਿਆ। ਇਨ੍ਹਾਂ ਵਿੱਚੋਂ ਕੋਈ ਜਾਣਕਾਰੀ ਜਾਂ ਖੋਜ ਕਿਸੇ ਇੱਕ ਜਾਂ ਕੁੱਝ ਲੋਕਾਂ ਨੇ ਨਹੀਂ, ਸਗੋਂ ਪੂਰੇ ਸਮਾਜ ਨੇ ਮਿਲ ਕੇ ਕੀਤੀ ਸੀ। ਇਸ ਮੁੱਢਲੇ ਗਿਆਨ ਤੋਂ ਬਿਨ੍ਹਾਂ ਕੀ ਅੱਜ ਦਾ ਬਰਤਨ ਉਦਯੋਗ ਵਿਕਸਿਤ ਹੋ ਸਕਦਾ ਸੀ?



ਅੱਗੇ ਚੱਲ ਕੇ ਮਨੁੱਖ ਨੂੰ ਜਾਨਵਰਾਂ ਦਾ ਸ਼ਿਕਾਰ ਕਰਨ ਦੇ ਨਾਲ ਉਨ੍ਹਾਂ ਨੂੰ ਪਾਲਣ ਦੀ ਲੋੜ ਦਾ ਵੀ ਗਿਆਨ ਹੋਇਆ। ਭੋਜਨ ਅਤੇ ਤਨ ਢਕਣ ਲਈ ਜਾਨਵਰਾਂ ਦਾ ਸ਼ਿਕਾਰ ਜ਼ਰੂਰੀ ਸੀ ਪਰ ਸ਼ਿਕਾਰ ਹਮੇਸ਼ਾ ਨਹੀਂ ਮਿਲਦਾ ਸੀ। ਸੋ ਉਹ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਪਾਲਣ ਲੱਗਿਆ। ਇਸ ਨਾਲ ਇੱਕ ਫਾਇਦਾ ਇਹ ਹੋਇਆ ਕਿ ਹੁਣ ਉਸ ਨੂੰ ਦੁੱਧ ਦਾ ਨਿਯਮਤ ਭੋਜਨ ਮਿਲਣ ਲੱਗਿਆ। ਉਹ ਸ਼ਿਕਾਰ ਵੀ ਕਰਦੇ ਪਰ ਜੇ ਸ਼ਿਕਾਰ ਨਾ ਮਿਲਦਾ ਤਾਂ ਉਹਨਾਂ ਨੂੰ ਭੁੱਖੇ ਪੇਟ ਨਾ ਰਹਿਣਾ ਪੈਂਦਾ। ਦੂਜੀ ਗੱਲ ਇਹ ਹੋਈ ਕਿ ਬੋਝ ਢੋਣ ਲਈ ਉਹ ਪਾਲਤੂ ਪਸ਼ੂਆਂ ਦੀ ਵਰਤੋਂ ਕਰਨੀ ਵੀ ਸਿੱਖ ਗਏ। ਇਸ ਨੂੰ ਇਤਿਹਾਸਕਾਰ 'ਪਸ਼ੂ ਪਾਲਣ ਯੁੱਗ' ਕਹਿੰਦੇ ਹਨ।

ਉਦੋਂ ਮਨੁੱਖ ਸਮੂਹਾਂ ਵਿੱਚ ਰਹਿੰਦਾ ਸੀ। ਜਦ ਕਿਸੇ ਸਮੂਹ ਦੇ ਮੈਂਬਰਾਂ ਦੀ ਸੰਖਿਆ ਵਧਦੀ ਤਾਂ ਉਹ ਆਪਣੇ ਮੈਂਬਰਾਂ ਲਈ ਹੋਰ ਜ਼ਿਆਦਾ ਭੋਜਨ ਅਤੇ ਆਪਣੇ ਪਸ਼ੂਆਂ ਲਈ ਹੋਰ ਵੱਧ ਚਾਰੇ ਦੀ ਖੋਜ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਭਟਕਦਾ। ਇਸ ਪੂਰੇ ਕੁਨਬੇ ਦਾ ਭਾਰ ਢੋਣ ਲਈ ਹੁਣ ਜਦ ਪਸ਼ੂਆਂ ਦੀ ਪਿੱਠ ਕਾਫੀ ਨਾ ਹੁੰਦੀ ਤਾਂ ਜ਼ਿਆਦਾ ਚੀਜਾਂ ਢੋਣ ਦੇ ਆਸਾਨ ਤਰੀਕਿਆਂ ਦੀ ਖੋਜ ਕਰਦੇ-ਕਰਦੇ ਮਨੁੱਖ ਨੇ ਪਹੀਏ ਜਾਂ ਚੱਕੇ ਦੀ ਖੋਜ ਕੀਤੀ। ਅੱਜ ਅਸੀਂ ਉਸੇ ਖੋਜ ਦੀ ਬਦੌਲਤ 'ਆਵਾਜਾਈ ਦੇ ਸਾਧਨ' ਅਤੇ ਉਹਨਾਂ ਦੇ ਫਾਇਦਿਆਂ 'ਤੇ ਸਬਕ ਯਾਦ ਕਰਦੇ ਹਾਂ।

ਗਿਆਨ ਪ੍ਰਾਪਤੀ ਦੀ ਇਹ ਪ੍ਰੀਕ੍ਰਿਆ ਸੈਂਕੜੇ-ਹਜ਼ਾਰਾਂ ਸਾਲਾਂ ਵਿੱਚ ਮੁਮਕਿਨ ਹੋਈ। ਵੇਖਿਆ ਜਾਵੇ ਤਾਂ ਜਿਉਣ ਲਈ ਲੋੜੀਂਦੀਆਂ ਅਤਿਅੰਤ ਜ਼ਰੂਰੀ ਚੀਜਾਂ ਪ੍ਰਾਪਤ ਕਰਨ ਲਈ ਮਨੁੱਖ ਨੇ ਲਗਾਤਾਰ ਕੰਮ ਕੀਤਾ, ਮਿਹਨਤ ਕੀਤੀ ਅਤੇ ਇਸ ਪ੍ਰੀਕ੍ਰਿਆ ਵਿੱਚੋਂ ਗਿਆਨ ਪੈਦਾ ਹੋਇਆ। ਪਸ਼ੂ ਪਾਲਣ ਯੁੱਗ ਤੋਂ ਪ੍ਰਾਪਤ ਸਮੂਹਿਕ ਤਜ਼ਰਬੇ ਦਾ ਭੰਡਾਰ ਲੈ ਕੇ ਅੱਗੇ ਵਧਦਾ ਹੋਇਆ ਮਨੁੱਖ ਕਬੀਲਾ ਸਮਾਜ ਵਿੱਚ ਪਹੁੰਚਿਆ। ਸ਼ੁਰੂ ਦੇ ਦਿਨਾਂ ਵਿੱਚ ਹਰ ਕਬੀਲਾ ਆਪਣੇ ਖਾਣ-ਪੀਣ, ਪਹਿਨਣ ਅਤੇ ਰਹਿਣ ਦੀਆਂ ਚੀਜਾਂ ਦੀ ਜਿੰਨੀ ਮਾਤਰਾ ਪੈਦਾ ਕਰਦਾ, ਉਹ ਪੂਰੀ ਦੀ ਪੂਰੀ ਖਪ ਜਾਂਦੀ। ਪਰ ਇੱਕ ਸਮਾਂ ਅਜਿਹਾ ਆਇਆ ਜਦੋਂ ਕਈ ਕਬੀਲੇ ਆਪਣੀਆਂ ਲੋੜਾਂ ਤੋਂ ਵੱਧ ਪੈਦਾ ਕਰਨ ਲੱਗੇ। ਹੁਣ ਉਸ ਨੂੰ ਇਕੱਠਾ ਕਰਕੇ ਸੰਭਾਲਣ ਅਤੇ ਅੱਗੇ ਚੱਲ ਕੇ ਉਨ੍ਹਾਂ ਬਚੀਆਂ ਚੀਜਾਂ ਨੂੰ ਲੈਣ-ਦੇਣ (ਵਪਾਰ) ਦੀ ਲੋੜ ਮਹਿਸੂਸ ਹੋਈ। ਜਿੱਥੇ ਲੈਣ-ਦੇਣ ਹੋਵੇਗਾ, ਉੱਥੇ ਗਣਿਤ ਵੀ ਹੋਵੇਗਾ। ਵਪਾਰ ਕਰਨ ਲਈ ਦੂਸਰੇ ਇਲਾਕਿਆਂ ਦੀ ਜਲਵਾਯੂ, ਉੱਥੇ ਵਸਣ ਵਾਲੇ ਲੋਕਾਂ ਨੂੰ ਸਮਝਣ ਲਈ ਭੂਗੋਲ ਦੀ ਜਰੂਰਤ ਹੋਵੇਗੀ। ਇਸ ਤਰ੍ਹਾਂ ਗਣਿਤ ਅਤੇ ਭੂਗੋਲ ਦਾ ਗਿਆਨ ਪੈਦਾ ਹੋਇਆ ਜੋ ਗੁਲਾਮਦਾਰੀ ਯੁੱਗ (ਦਾਸ ਪ੍ਰਥਾ) ਅਤੇ ਜਾਗੀਰਦਾਰੀ ਯੁੱਗ ਤੋਂ ਹੁੰਦੇ ਹੋਏ ਅੱਜ ਦੇ ਉਦਯੋਗਿਕ ਸਮਾਜ ਤੱਕ ਆਇਆ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਡੇ ਆਦਿ-ਮਨੁੱਖਾਂ ਨੇ ਪੀੜ੍ਹੀ-ਦਰ-ਪੀੜ੍ਹੀ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਦੀ ਪ੍ਰੀਕ੍ਰਿਆ ਵਿੱਚੋਂ ਗਿਆਨ ਹਾਸਲ ਕੀਤਾ। ਪੁਰਾਣੀ ਪੀੜ੍ਹੀ ਦੇ ਤਜ਼ਰਬੇ ਅਤੇ ਉਸ ਤੋਂ ਪ੍ਰਾਪਤ ਗਿਆਨ ਅਗਲੀ ਪੀੜ੍ਹੀ ਤੱਕ ਆਇਆ। ਹਰ ਪੀੜ੍ਹੀ ਨੇ ਆਪਣੀਆਂ ਪੁਰਾਣੀਆਂ ਪੀੜ੍ਹੀਆਂ ਦੇ ਤਜ਼ਰਬੇ ਤੋਂ ਮਿਲਣ

ਵਾਲੇ ਗਿਆਨ ਨੂੰ ਇਕੱਠਾ ਕੀਤਾ ਅਤੇ ਆਪਣੇ ਨਵੇਂ ਤਜ਼ਰਬਿਆਂ ਨਾਲ ਉਸ ਨੂੰ ਅੱਗੇ ਵਧਾਇਆ।

ਕਬੀਲੇ ਦੇ ਸਾਰੇ ਲੋਕ ਮਿਲ-ਜੁਲ ਕੇ ਕੰਮ ਕਰਦੇ, ਆਪਣੀ ਲੋੜ ਦੀਆਂ ਚੀਜਾਂ ਪੈਦਾ ਕਰਦੇ ਅਤੇ ਉਨ੍ਹਾਂ ਨੂੰ ਵੰਡ ਲੈਂਦੇ। ਪਰ ਜਦ ਪੈਦਾਵਾਰ ਬਚਣ ਲੱਗੀ ਤਾਂ ਉਸਦਾ ਭੰਡਾਰਣ ਕਰਕੇ, ਉਸਦੀ ਮੁੜ ਵੰਡ ਕਰਨ ਜਾਂ ਫਿਰ ਉਸਦੇ ਲੈਣ-ਦੇਣ ਦਾ ਹਿਸਾਬ-ਕਿਤਾਬ ਵੇਖਣ ਅਤੇ ਪੂਰੇ ਕੰਮ ਨੂੰ ਸੰਭਾਲਣ ਲਈ ਕਬੀਲੇ ਦੇ ਮੁਖੀ ਨੂੰ ਸਰੀਰਕ ਮਿਹਨਤ ਤੋਂ ਛੋਟ ਦਿੱਤੀ ਗਈ। ਪਹਿਲਾਂ ਮੁਖੀ ਨੂੰ ਅਤੇ ਫਿਰ ਕੁੱਝ ਹੋਰ ਲੋਕਾਂ ਨੂੰ ਵੀ ਇਸ ਕਿਸਮ ਦੇ ਦਿਮਾਗੀ ਕੰਮ ਲਈ ਸਰੀਰਕ ਕੰਮ ਤੋਂ ਛੋਟ ਮਿਲ ਗਈ। ਹੌਲੀ-ਹੌਲੀ ਉਹਨਾਂ ਦੀਆਂ ਲੋੜਾਂ ਹੋਰ ਲੋਕ ਪੂਰੀਆਂ ਕਰਨ ਲੱਗੇ, ਜੋ ਸਰੀਰਕ ਮਿਹਨਤ ਕਰਨ ਵਾਲੇ ਲੋਕ ਸਨ। ਹੁਣ ਦਿਮਾਗੀ ਕੰਮ ਕਰਨ ਵਾਲੇ ਆਪਣੇ ਆਪ ਨੂੰ ਵੱਡਾ ਅਤੇ ਸਰੀਰਕ ਕੰਮ ਕਰਨ ਵਾਲਿਆਂ ਨੂੰ ਛੋਟਾ ਸਮਝਣ ਲੱਗੇ। ਸਰੀਰਕ ਮਿਹਨਤ ਵਾਲੇ ਖ਼ੁਦ ਵੀ ਆਪ ਨੂੰ ਛੋਟਾ ਸਮਝਣ ਲੱਗੇ। ਇਹ ਸੋਚ ਕਈ ਪੀੜ੍ਹੀਆਂ ਤੇ ਸਮਾਜ ਦੀਆਂ ਕਈ ਮੰਜ਼ਿਲਾਂ ਵਿੱਚੋਂ ਲੰਘ ਕੇ ਅੱਗੇ ਵਧਦੀ ਰਹੀ ਅਤੇ ਅੱਜ ਇਹ ਆਮ ਧਾਰਨਾ ਦੇ ਰੂਪ ਵਿੱਚ ਸਮਾਜ ਵਿੱਚ ਹੋਰ ਵੱਧ ਮਜ਼ਬੂਤੀ ਨਾਲ ਜੜ੍ਹਾਂ ਜਮਾ ਚੁੱਕੀ ਹੈ।

ਗਿਆਨ ਦਾ ਆਧਾਰ ਲੋਕਾਂ ਦੀ ਸਾਂਝੀ ਮਿਹਨਤ ਸੀ ਪਰ ਇਸ ਮਿਹਨਤ ਦਾ ਫਲ ਦਿਮਾਗੀ ਮਿਹਨਤ ਕਰਨ ਵਾਲੇ ਉਠਾਉਣ ਲੱਗੇ। ਗਿਆਨ 'ਤੇ ਵੀ ਉਹਨਾਂ ਦਾ ਅਧਿਕਾਰ ਹੋ ਗਿਆ। ਉਹ ਇਹ ਮੰਨਣ ਲੱਗੇ ਕਿ ਉਹ ਮਾਨਸਿਕ ਮਿਹਨਤ ਕਰਦੇ ਹਨ, ਇਸ ਲਈ ਉਹਨਾਂ ਨੂੰ ਗਿਆਨ ਪ੍ਰਾਪਤ ਹੋਇਆ ਅਤੇ ਇਸ ਲਈ ਗਿਆਨ 'ਤੇ ਸਿਰਫ਼ ਉਹਨਾਂ ਦਾ ਹੀ ਹੱਕ ਹੈ। ਗਿਆਨ ਵਿਕਾਸ ਦੇ ਧਾਗੇ ਨਾਲ ਅੱਗੇ ਵਧਦੇ ਹੋਏ ਹੁਣ ਅਸੀਂ ਉਸ ਥਾਂ 'ਤੇ ਆ ਪਹੁੰਚੇ ਸੀ, ਜਿੱਥੇ ਮਾਨਸਿਕ ਕੰਮ ਕਰਨ ਵਾਲਾ ਗਿਆਨ ਨੂੰ ਆਪਣੀ ਨਿੱਜੀ ਚੀਜ਼ ਸਮਝਣ ਲੱਗਦਾ ਹੈ, ਉਸਦੀ ਵਰਤੋਂ ਕਰਕੇ ਉੱਚੀ ਹੈਸੀਅਤ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨਾ ਚਾਹੁੰਦਾ ਹੈ ਅਤੇ ਸਰੀਰਕ ਕੰਮ ਕਰਨ ਵਾਲੇ ਨੂੰ ਨੀਵਾਂ ਮੰਨਣ ਲਗਦਾ ਹੈ। ਕੀ ਅਸੀਂ ਵੀ ਅੱਜ ਦਿਮਾਗ ਲਗਾਉਣ ਨੂੰ ਉੱਚੀ ਅਤੇ ਸਰੀਰਕ ਜ਼ੋਰ ਲਾਉਣ ਨੂੰ ਨੀਵੀਂ ਨਜ਼ਰ ਨਾਲ ਨਹੀਂ ਵੇਖਦੇ? ਦਿਮਾਗ ਲਗਾ ਕੇ ਪ੍ਰਾਪਤ ਗਿਆਨ ਨੂੰ ਕੀ ਅਸੀਂ ਆਪਣੀ ਨਿੱਜੀ ਚੀਜ਼ ਨਹੀਂ ਸਮਝਦੇ? ਅੱਜ ਜਿੰਨ੍ਹਾਂ ਕਿਤਾਬਾਂ 'ਚੋਂ ਤੁਸੀਂ ਅੱਖਰ ਸਿੱਖਦੇ ਹੋ, ਵਿਆਕਰਣ ਪੜ੍ਹਦੇ ਹੋ, ਗਣਿਤ ਦੀਆਂ ਗੁੰਝਲਾਂ ਹੱਲ ਕਰਦੇ ਹੋ, ਇਤਿਹਾਸ ਵੱਲ ਝਾਤੀ ਮਾਰਦੇ ਹੋ, ਵਿਗਿਆਨ ਦੇ ਸਮੁੰਦਰ ਵਿੱਚ ਗੋਤੇ ਲਾਉਂਦੇ ਹੋ, ਉਹ ਕਿਤਾਬਾਂ ਆਉਂਦੀਆਂ ਕਿੱਥੋਂ ਹਨ? ਦੁਕਾਨਾਂ ਤੋਂ, ਲਾਇਬ੍ਰੇਰੀ ਤੋਂ। ਦੁਕਾਨਾਂ ਅਤੇ ਲਾਇਬ੍ਰੇਰੀ 'ਚ ਉਹ ਕਿੱਥੋਂ ਪਹੁੰਚਦੀਆਂ ਹਨ? ਜਿਸ ਮੇਜ਼-ਕੁਰਸੀ 'ਤੇ ਤੁਸੀਂ ਕਲਾਸ ਵਿੱਚ ਬੈਠ ਕੇ ਪੜ੍ਹਦੇ ਹੋ, ਉਸ ਨੂੰ ਕੌਣ ਬਣਾਉਂਦਾ ਹੈ? ਪੈੱਨ-ਪੈਂਸਲ-ਰਬੜ-ਕਟਰ ਕਿੰਨ੍ਹਾਂ ਹੱਥਾਂ ਵਿੱਚੋਂ ਢਲ ਕੇ ਤੁਹਾਡੇ ਤੱਕ ਪਹੁੰਚਦੇ ਹਨ? ਬਿਜਲੀ ਦੇ ਬਲਬ ਜਾਂ ਪੱਖੇ ਬਿਨ੍ਹਾਂ ਕੀ ਤੁਸੀਂ ਇੱਕ ਘੰਟਾ ਵੀ ਰਹਿ ਸਕਦੇ ਹੋ। ਜੇ ਇਮਤਿਹਾਨ ਦੇ ਦਿਨਾਂ ਵਿੱਚ ਬਿਜਲੀ ਨਾ ਹੋਵੇ ਤਾਂ ਕਿਵੇਂ ਆਫਤ ਆ ਜਾਂਦੀ ਹੈ? ਇਨ੍ਹਾਂ ਚੀਜਾਂ ਨੂੰ ਕੌਣ ਬਣਾਉਂਦਾ? ਤੁਹਾਡੇ ਸਕੂਲ ਦੀ ਇਮਾਰਤ ਅਤੇ ਤੁਹਾਡੇ ਰਹਿਣ ਵਾਲੇ ਘਰ ਨੂੰ ਬਣਾਉਣ ਲਈ ਕਿੰਨ੍ਹਾਂ ਹੱਥਾਂ ਨੇ ਮਿਹਨਤ ਅਤੇ ਹੁਨਰ ਦੀ ਵਰਤੋਂ ਕੀਤੀ ਹੈ?

ਅਨਾਜ ਅਤੇ ਸਬਜ਼ੀ ਕਿਸ ਦੀ ਮਿਹਨਤ ਨਾਲ ਪੈਦਾ ਹੋਏ ਨੇ? ਅਤੇ ਫਿਰ ਤੁਹਾਡੀ ਵਰਦੀ? ਜੇ ਕੱਪੜਾ ਨਾ ਹੁੰਦਾ ਤਾਂ ਜੰਗਲ ਯੁੱਗ ਦੇ ਮਨੁੱਖਾਂ ਵਾਂਗ ਰੁੱਖਾਂ ਦੀ ਛਾਲ ਨਾਲ ਆਪਣਾ ਸਰੀਰ ਢਕਣ 'ਚ ਤੁਹਾਡਾ ਸਾਰਾ ਸਮਾਂ ਲੱਗ ਜਾਂਦਾ। ਹੁਣ ਤਾਂ ਹੋਰ ਵੀ ਔਖਾ ਹੁੰਦਾ ਕਿਉਂਕਿ ਜੰਗਲ ਵੀ ਖਤਮ ਹੋ ਰਹੇ ਹਨ। ਸਿਰਫ਼ ਏਨਾ ਹੀ ਨਹੀਂ! ਕੀ ਬੁਰਸ਼, ਕੰਘਾ, ਜੁੱਤੇ, ਗੱਡੀ, ਬਸ, ਆਟੋ ਆਦਿ ਵਗੈਰ ਤੁਹਾਡਾ ਕੰਮ ਚੱਲ ਜਾਂਦਾ? ਇਨ੍ਹਾਂ ਸਾਰੀਆਂ ਚੀਜਾਂ ਤੋਂ ਬਿਨ੍ਹਾਂ ਪੜ੍ਹਾਈ-ਲਿਖਾਈ ਤਾਂ ਦੂਰ, ਅਸੀਂ ਠੀਕ ਢੰਗ ਸਿਰ ਦਾ ਜੀਵਨ ਜਿਉਣ ਦੀ ਵੀ ਕਲਪਨਾ ਨਹੀਂ ਕਰ ਸਕਦੇ। ਇਨ੍ਹਾਂ ਜ਼ਰੂਰੀ ਚੀਜਾਂ ਨੂੰ ਪੈਦਾ ਕਰਨ ਵਿੱਚ ਜੇ ਸਮਾਜ ਦੀ ਸਾਂਝੀ ਮਿਹਨਤ ਨਾ ਲੱਗੀ ਹੁੰਦੀ ਤਾਂ ਅਥਾਹ ਧਨ ਖਰਚ ਕਰਕੇ ਵੀ ਕੀ ਅਸੀਂ ਆਪਣੇ ਲਈ ਇਹ ਸਾਰੀਆਂ ਚੀਜਾਂ ਇਕੱਲੇ-ਇਕੱਲੇ ਪੈਦਾ ਕਰ ਸਕਦੇ ਸੀ? ਬਿਲਕੁਲ ਨਹੀਂ। ਇਸ ਲਈ ਇਹ ਸੋਚਣਾ ਗਲਤ ਹੈ ਕਿ ਅਸੀਂ ਮਾਨਸਿਕ ਮਿਹਨਤ ਕਰਕੇ ਗਿਆਨ ਹਾਸਲ ਕੀਤਾ ਹੈ। ਸਾਨੂੰ ਪੜ੍ਹਾਉਣ ਵਿੱਚ, ਗਿਆਨ ਦੇਣ ਵਿੱਚ ਪੂਰੇ ਸਮਾਜ ਦੀ ਮਿਹਨਤ ਅਤੇ ਭੂਮਿਕਾ ਹੁੰਦੀ ਹੈ।



(ਸ੍ਰੋਤ : ਹਿੰਦੀ ਬਾਲ ਮੈਗਜ਼ੀਨ 'ਕੋਂਪਲ')

(ਪੰਜਾਬੀ ਅਨੁਵਾਦ : ਅਦਾਰਾ)

ਸੋਧ

'ਤਰਕਸ਼ੀਲ' ਦੇ ਜਨਵਰੀ-ਫਰਵਰੀ 2020 (ਵਿਦਿਆਰਥੀ ਵਿਸ਼ੇਸ਼ ਅੰਕ) ਵਿੱਚ ਪੰਨਾ 56 'ਤੇ ਸ਼ਹੀਦ ਭਗਤ ਸਿੰਘ ਦੇ ਲੇਖ 'ਵਿਦਿਆਰਥੀ ਅਤੇ ਰਾਜਨੀਤੀ' ਦੀ ਜਾਣ-ਪਛਾਣ ਵਿੱਚ 1982 ਛਪ ਗਿਆ, ਜੋ ਕਿ ਗਲਤ ਹੈ। ਕ੍ਰਿਪਾ ਕਰਕੇ ਇਸ ਨੂੰ ਸੋਧ ਕੇ 1928 ਪੜ੍ਹਿਆ ਜਾਵੇ।

ਪੈੜਾਂ — ਆਓ ਸੱਜਰੀ ਸਵੇਰ ਨੂੰ, ਹੁਣ ਦੇਈਏ ਮੁਬਾਰਕਾਂ

ਯਾਦ ਸਦੀਵੀ

ਮਜ਼ਹਬ ਦਾ ਅਸਲੀ ਰੂਪ

"ਧਰਮ ਜਾਂ ਮਜ਼ਹਬ ਦਾ ਅਸਲੀ ਰੂਪ ਕੀ ਹੈ ? ਮਨੁੱਖ ਜਾਤੀ ਦੀ ਬਾਲ ਅਵਸਥਾ ਦੀਆਂ ਮਾਨਸਿਕ ਕਮਜ਼ੋਰੀਆਂ ਅਤੇ ਉਸ ਤੋਂ ਪੈਦਾ ਹੋਈਆਂ ਮਿੱਥਾਂ ਤੇ ਵਿਸ਼ਵਾਸ਼ਾਂ ਦਾ ਸਮੂਹ ਹੀ ਧਰਮ ਹੈ। ਜੇਕਰ ਉਸ ਵਿੱਚ ਹੋਰ ਵੀ ਕੁਝ ਹੈ, ਤਾਂ ਉਹ ਹੈ ਪੁਜਾਰੀਆਂ ਅਤੇ ਹਾਕਮਾਂ ਦੇ ਧੋਖੇ-ਫ਼ਰੇਬ, ਜਿਹਨਾਂ ਨਾਲ਼ ਉਹ ਆਪਣੀਆਂ ਭੇਡਾਂ ਨੂੰ ਆਪਣੇ ਦਲ ਤੋਂ ਬਾਹਰ ਨਹੀਂ ਜਾਣ ਦੇਣਾ ਚਾਹੁੰਦੇ। ਮਨੁੱਖ ਦੇ ਮਾਨਸਿਕ ਵਿਕਾਸ ਦੇ ਨਾਲ਼-ਨਾਲ਼ ਭਾਵੇਂ ਕਿੰਨੇ ਹੀ ਮਸਲਿਆਂ 'ਚ ਧਰਮ ਵੀ ਬਦਲਿਆ ਹੈ, ਕਿੰਨੇ ਹੀ ਨਾਂ ਵੀ ਉਸਨੇ ਬਦਲੇ ਹਨ, ਤਾਂ ਵੀ ਉਹਨਾਂ ਦੇ ਅੰਦਰੂਨੀ ਰੂਪ ਵਿੱਚ ਤਬਦੀਲੀ ਨਹੀਂ ਹੋਈ ਹੈ। ਉਹ ਅੱਜ ਵੀ ਉਵੇਂ ਹੀ ਹਜ਼ਾਰਾਂ ਮੂਰਖ਼ ਵਿਸ਼ਵਾਸ਼ਾਂ ਦਾ ਪੋਸ਼ਕ ਅਤੇ ਮਨੁੱਖੀ ਗ਼ੁਲਾਮੀ ਦਾ ਹਮਾਇਤੀ ਹੈ, ਜਿਵੇਂ ਪੰਜ ਹਜ਼ਾਰ ਵਰ੍ਹੇ ਪਹਿਲਾਂ। ਸੂਤਰ ਉਹੀ ਹਨ, ਕੇਵਲ ਸੂਤਰਾਂ ਦੀ ਵਿਆਖਿਆ ਬਦਲਦੇ ਗਏ ਹਨ। ਉਹੀ ਭੂਤ, ਪ੍ਰੇਤ, ਸਿਆਣੇ-ਤਾਂਤਰਿਕ ਜਿਹਨਾਂ ਨੂੰ ਦੇਖ ਕੇ ਸਿੱਖਿਅਤ ਤਬਕਾ ਨੱਕ-ਮੂੰਹ ਵੱਟਦਾ ਹੈ, ਭਾਵੇਂ ਕੁੱਝ ਲੱਕੜਸਿਰੇ ਮਿਲ਼ ਜਾਂਦੇ ਹਨ, ਉਂਝ ਇਹੋ-ਜਿਹੇ ਕਦਰਦਾਨ ਪੜ੍ਹੇ-ਲਿਖਿਆਂ 'ਚ ਅੱਜਕੱਲ੍ਹ ਦੁਰਲੱਭ ਹਨ ਪਰ ਜਦੋਂ ਉਹਨਾਂ ਦੀਆਂ ਗੱਲਾਂ ਨੂੰ ਨਵੇਂ ਰੂਪ ਵਿੱਚ ਧਰਮ-ਗ੍ਰੰਥਾਂ ਦੇ ਲੱਛੇਦਾਰ ਸ਼ਬਦਾਂ ਅਤੇ ਵਿਗਿਆਨ ਦੀ ਪੁੱਠ ਚਾੜ ਕੇ ਪੇਸ਼ ਕੀਤਾ ਜਾਂਦਾ ਹੈ, ਤਾਂ ਵੱਡੇ-ਵੱਡੇ ਦਿਮਾਗ਼ ਵਾਲ਼ੇ, ਅਕਲ ਵੇਚ ਖਾਣ ਲਈ ਤਿਆਰ ਹੋ ਜਾਂਦੇ ਹਨ। ਜੇਕਰ ਤੁਸੀਂ ਮਜ਼ਹਬਾਂ ਦੇ ਇਤਿਹਾਸ, ਉਹਨਾਂ ਦੇ ਭੂਤ ਅਤੇ ਵਰਤਮਾਨ ਨੂੰ ਗਹੁ ਨਾਲ਼ ਪੜ੍ਹੋ ਤਾਂ ਪਤਾ ਲੱਗੇਗਾ ਕਿ ਮਜ਼ਹਬ 'ਚ ਪਹਿਲੇ ਨੰਬਰ 'ਤੇ ਪੱਕੇ ਠੱਗ ਜਾਂ ਪਾਗਲ ਹੀ ਪਹੁੰਚ ਸਕਦੇ ਹਨ।




ਰਾਹੁਲ ਸੰਕਰਤਾਇਨ

ਜਦੋਂ ਕੋਈ ਸਿਧਾਂਤ, ਕਿੰਨਾਂ ਵੀ ਤਰਕਹੀਣ ਹੋਵੇ, ਕਿਸੇ ਸਮਾਜ ਵਿੱਚ ਤਾਕਤ ਫੜ ਲੈਂਦਾ ਹੈ ਤਾਂ ਕਰੋੜਾਂ ਲੋਕ ਉਹਨੂੰ ਮੰਨਣ ਵਿੱਚ ਹੀ ਭਲਾਈ ਸਮਝਣਗੇ ਤਾਂ ਕਿ ਉਹ ਸਮਾਜ ਚੋਂ ਛੇਕੇ ਹੋਏ ਜਾਂ ਕੱਢੇ ਹੋਏ ਮਹਿਸੂਸ ਨਾ ਕਰਨ।

- **ਐਰਿਕ ਫਰੋਮ** (ਅਮਰੀਕਨ ਮਨੋਵਿਗਿਆਨੀ)

ਮਨੁੱਖ ਤੇ ਕਿਰਤ



ਮੇਰੇ ਲਈ ਮਨੁੱਖ ਤੋਂ ਪਰ੍ਹੇ ਵਿਚਾਰਾਂ ਦੀ ਕੋਈ ਹੋਂਦ ਨਹੀਂ ਹੈ। ਮੇਰੇ ਲਈ ਮਨੁੱਖ ਤੇ ਕੇਵਲ ਮਨੁੱਖ ਹੀ ਸਾਰੀਆਂ ਚੀਜਾਂ ਤੇ ਵਿਚਾਰਾਂ ਦਾ ਨਿਰਮਾਤਾ ਹੈ। ਉਹੀ ਹੈ ਜੋ ਸਾਰੇ ਚਮਤਕਾਰ ਕਰਦਾ ਹੈ ਅਤੇ ਉਹੀ ਕੁਦਰਤ ਦੀਆਂ ਸਾਰੀਆਂ ਤਾਕਤਾਂ ਦਾ ਹੋਣ ਵਾਲਾ ਮਾਲਕ ਹੈ। ਸਾਡੇ ਇਸ ਸੰਸਾਰ ਵਿੱਚ ਜੋ ਕੁਝ ਸਭ ਤੋਂ ਸੋਹਣਾ ਹੈ ਉਸਦੀ ਉਸਾਰੀ ਮਨੁੱਖੀ ਕਿਰਤ ਨੇ ਤੇ ਉਸਦੇ ਕੁਸ਼ਲ ਹੱਥਾਂ ਨੇ ਹੀ ਕੀਤੀ ਹੈ ਅਤੇ ਸਾਡੀ ਸੋਚ ਤੇ ਵਿਚਾਰ ਕਿਰਤ ਦੀ ਪ੍ਰਕਿਰਿਆ 'ਚੋਂ ਹੀ ਨਿਕਲਦੇ ਹਨ।


ਜੇਕਰ 'ਪਵਿੱਤਰ' ਚੀਜ ਦੀ ਚਰਚਾ ਲਾਜਮੀ ਹੀ ਹੈ ਤਾਂ ਮੈਂ ਕਹਾਂਗਾ ਕਿ ਇਹ ਮਨੁੱਖ ਦੀ ਆਪਣੇ-ਆਪ ਤੋਂ ਅਸੰਤੁਸਟੀ ਹੈ, ਉਸਦੀ ਬੇਹਤਰ ਬਣਨ ਦੀ ਤਾਂਘ ਹੈ। ਜ਼ਿੰਦਗੀ ਦੀ ਸਾਰੀ ਗੰਦਗੀ ਪ੍ਰਤੀ, ਜਿਸਨੂੰ ਉਸਨੇ ਖ਼ੁਦ ਪੈਦਾ ਕੀਤਾ, ਉਸਦੀ ਨਫਰਤ ਨੂੰ ਵੀ ਮੈਂ ਪਵਿੱਤਰ ਮੰਨਦਾ ਹਾਂ। ਈਰਖਾ, ਲਾਲਚ, ਜੁਰਮ, ਰੋਗ, ਜੰਗ ਤੇ ਦੁਨੀਆਂ ਦੇ ਲੋਕਾਂ ਵਿਚਲੀ ਦੁਸਮਣੀ ਦਾ ਅੰਤ ਕਰਨ ਦੀ ਉਸਦੀ ਇੱਛਾ ਅਤੇ ਉਸਦੀ ਕਿਰਤ ਨੂੰ ਮੈਂ ਪਵਿੱਤਰ ਮੰਨਦਾ ਹਾਂ।

ਮੈਕਸਿਮ ਗੋਰਕੀ

ਵਿੱਦਿਆ ਤੇ ਗਿਆਨ

"ਮਨੁੱਖਤਾ ਵਿੱਚ ਅਸਲੀ ਵੰਡ ਉਨ੍ਹਾਂ ਲੋਕਾਂ ਦਰਮਿਆਨ ਹੈ, ਜਿਹੜੇ ਲੋਅ ਵਿੱਚ ਰਹਿੰਦੇ ਹਨ ਅਤੇ ਜਿਹੜੇ ਹਨੇਰੇ ਵਿੱਚ ਰਹਿੰਦੇ ਹਨ। ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਲੋਅ ਵਾਲੇ ਲੋਕਾਂ ਦੀ ਗਿਣਤੀ ਵਧਾਈ ਜਾਵੇ ਤੇ ਹਨੇਰੇ ਵਾਲੇ ਲੋਕਾਂ ਦੀ ਘਟਾਈ ਜਾਵੇ। ਇਸੇ ਲਈ ਅਸੀਂ ਵਿੱਦਿਆ ਅਤੇ ਗਿਆਨ ਦੀ ਮੰਗ ਕਰਦੇ ਹਾਂ।"


"ਧਰਤੀ ਦੀ 'ਸਵਰਗ' ਵਾਸਤੇ ਬਲੀ ਦੇ ਦੇਣੀ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਅਸਲੀ ਚੀਜ਼ ਛੱਡ ਕੇ ਉਸ ਦੇ ਪਰਛਾਵੇਂ ਵੱਲ ਜਾਣਾ।"



ਵਿਕਟਰ ਹਿਊਗੋ
(ਫਰਾਂਸੀਸੀ ਕਵੀ ਤੇ ਨਾਟਕਕਾਰ)

ਚਾਨਣ ਦਾ ਛੱਟਾ ਮਾਰਕੇ, ਧੋ ਦੇਈਏ ਕਾਲਖ਼ਾਂ।...ਦੀਪ ਦਿਲਬਰ

ਆਪਣਾ ਫਰਜ਼




ਆਪਣੇ ਧਰਮ ਤੇ ਸਿਆਸਤ ਵਿੱਚ ਸਿਆਣੇ ਤੇ ਸੁਤੰਤਰ ਹੋਣਾ ਅਤੇ ਖ਼ੁਦਗਰਜ਼ ਪੁਜਾਰੀਆਂ ਅਤੇ ਪੂੰਜੀਵਾਦ ਜਾਂ ਫਰਜ਼ੀ ਸਮਾਜਵਾਦ ਦੇ ਸਾਜਿਸ਼ੀ ਸਿਆਸਤਦਾਨਾਂ ਦੇ ਧੋਖੇ ਵਿੱਚ ਨਾ ਆਉਣਾ, ਇੱਕ ਨੇਕ ਉਦੇਸ਼ ਹੈ।ਅੱਜ ਬਹੁਤੇ ਮਨੁੱਖ ਅਤੇ ਔਰਤਾਂ ਨਾ ਸੁਤੰਤਰ ਹਨ ਤੇ ਨਾ ਸਿਆਣੇ। ਉਹ ਅਜਿਹੇ ਪਤੰਗਾਂ ਵਾਂਗ ਹਨ ਜਿਨ੍ਹਾਂ ਨੂੰ ਪੁਜਾਰੀ ਜਾਂ ਸਿਆਸਤਦਾਨ ਆਪਣੀ ਮਰਜ਼ੀ ਅਨੁਸਾਰ ਉਡਾਉਂਦੇ ਹਨ ਅਤੇ ਡੋਰ ਹਮੇਸ਼ਾ ਆਪਣੇ ਹੱਥ ਵਿੱਚ ਰੱਖਦੇ ਹਨ। ਉਹ ਵਿਗਿਆਨ, ਇਤਿਹਾਸ ਤੇ ਅਰਥ ਸ਼ਾਸ਼ਤਰ ਦਾ ਗਿਆਨ ਨਹੀਂ ਰੱਖਦੇ। ਇਸੇ ਕਾਰਣ ਹੀ ਉਹਨਾਂ ਨੂੰ ਲੁੱਟਿਆ ਤੇ ਮੂਰਖ ਬਣਾਇਆ ਜਾਂਦਾ ਹੈ।ਮਾਨਵਤਾ ਦੀਆਂ ਅੱਧੀਆਂ ਬੁਰਾਈਆਂ ਦੀ ਜੜ੍ਹ ਅਗਿਆਨਤਾ ਹੈ।ਬਾਕੀ ਅੱਧੀਆਂ ਬੁਰਾਈਆਂ ਸੁਆਰਥ ਤੋਂ ਪੈਦਾ ਹੁੰਦੀਆਂ ਹਨ।ਗਿਆਨ ਅਤੇ ਸਦਾਚਾਰ ਸਮਾਨ ਰੂਪ ਵਿੱਚ ਮਹੱਤਵਪੂਰਨ ਹਨ। ਉਹ ਅਸਲ ਵਿੱਚ ਇੱਕ ਦੂਸਰੇ ਤੇ ਨਿਰਭਰ ਕਰਦੇ ਹਨ।ਲੈਸਿੰਗ ਨੇ ਕਿਹਾ ਹੈ, ਗਿਆਨ ਦਾ ਉਦੇਸ਼ ਸੱਚਾਈ ਹੈ ਤੇ ਸੱਚਾਈ ਜ਼ਮੀਰ ਦੀ ਲੋੜ ਹੈ। ਫ਼ਾਰਸੀ ਕਵੀ ਸ਼ੇਖ ਸਾਅਦੀ ਸਭ ਨੂੰ ਨਿਰੰਤਰ ਉਤਸ਼ਾਹ ਨਾਲ ਗਿਆਨ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦਾ ਹੈ: ਸਾਨੂੰ ਗਿਆਨ ਪ੍ਰਾਪਤੀ ਲਈ ਮੋਮਬੱਤੀ ਦੀ ਤਰ੍ਹਾਂ ਪਿਘਲ ਜਾਣਾ ਚਾਹੀਦਾ ਹੈ। ਇਹ ਤੁਹਾਡਾ ਫਰਜ਼ ਹੈ ਭਾਵੇਂ ਤੁਹਾਨੂੰ ਸਾਰੀ ਧਰਤੀ ਦੀ ਯਾਤਰਾ ਵੀ ਕਿਉਂ ਨਾ ਕਰਨੀ ਪਵੇ।ਉਡੀਸਸ ਵਾਂਗ ਸੰਕਲਪ ਕਰੋ ਕਿ ਇੱਕ ਡੁਬਦੇ ਹੋਏ ਤਾਰੇ ਵਾਂਗ ਗਿਆਨ ਨੂੰ ਮਨੁੱਖੀ ਮਨ ਦੀਆਂ ਸੀਮਾਵਾਂ ਤੋਂ ਬਾਹਰ ਹੀ ਤਲਾਸ਼ ਕਰੋ।

ਲਾਲਾ ਹਰਦਿਆਲ

ਨਾਇਕ ਨੇ ਕਿਹਾ

ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ,ਉਸਨੂੰ ਲਾਜ਼ਮੀ ਤੌਰ ਉੱਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਅਲੋਚਨਾ ਕਰਨੀ ਪਏਗੀ, ਇਹਦੇ ਵਿੱਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ ਅਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ ।...ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। **ਸ਼ਹੀਦ ਭਗਤ ਸਿੰਘ**

ਲੋਕਾਂ ਦੀ ਮਨੌਤ



ਲੋਕੀਂ ਧਰਮ ਨੂੰ ਸਿਰਫ਼ ਇਸੇ ਲਈ ਮੰਨਦੇ ਹਨ ਕਿ ਉਨ੍ਹਾਂ ਦਾ ਟੱਬਰ ਰਾਜ਼ੀ ਬਾਜ਼ੀ ਰਹੇ ਅਤੇ ਆਰਥਿਕ ਹਾਲਤ ਚੰਗੀ ਹੋ ਜਾਵੇ। ਇਸ ਲਈ ਨਹੀਂ ਕਿ ਉਹਨਾਂ ਅੰਦਰ ਬ੍ਰਹਿਮੰਡ, ਸ੍ਰਿਸ਼ਟੀ ਅਤੇ ਜ਼ਿੰਦਗੀ ਦੇ ਮੂਲ ਆਧਾਰਾਂ ਤੇ ਕਾਰਣਾਂ ਨੂੰ ਜਾਨਣ ਦੀ ਕੋਈ ਦਾਰਸ਼ਨਿਕ ਜਗਿਆਸਾ ਹੈ। ਲੋਕਾਂ ਦੇ ਮਨਾਂ ਵਿੱਚ ਗੁਰੂ ਪੀਰ ਅਤੇ ਰੱਬ ਦਾ ਸੰਕਲਪ ਅਸਲ ਵਿੱਚ ਕਿਸੇ ਯੋਗ ਡਾਕਟਰ, ਬੈਂਕ ਜਾਂ ਥਾਣੇ ਵਰਗਾ ਹੀ ਹੈ ਤੇ ਉਹ ਉਸ ਤੋਂ ਉਸੇ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਵਾਉਣਾ ਲੋਚਦੇ ਹਨ।

ਯੁੱਗ ਕਵੀ ਪਾਸ਼

ਨਸ਼ਤਰਾਂ

ਜੋਗੀ ਉੱਤਰ ਪਹਾੜੋਂ ਆਏ,
ਪੁੱਛਦੇ ਐ ਨਾਗਰਿਕਤਾ ।

***

ਅਸੀਂ ਨਾਮ ਨੂੰ ਜਹਾਜ਼ ਬਣਾ ਲਿਆ
ਜਹਾਜ਼ਾਂ ਵਾਲੇ ਹੋਰ ਦੇਸ਼ ਨੇ।

***

ਜਾਤਾਂ ਧਰਮਾਂ ਦੀ ਕੰਧ ਓਹਲੇ ਢੱਕਲਿਆ,
ਹਾਕਮਾਂ ਵਿਕਾਸ ਦਾ ਮੁੱਦਾ ।

***

ਸਾਹ ਲੈਣਾ ਹੀ ਨਹੀਂ ਹੈ ਵੀਰੋ ਜ਼ਿੰਦਗੀ,
ਸੁਪਨਿਆਂ ਦੇ ਬੀਜ ਬੀਜੀਏ।

***

ਧੁਰੋਂ ਲਿਖੀ ਹੈ ਸੁਆਸਾਂ ਵਾਲੀ ਪੂੰਜੀ,
ਬਾਬਿਆਂ ਨੇ ਬਾਡੀਗਾਰਡ ਰੱਖੇ ।

***

ਅਸੀਂ ਹਾਸੇ ਅਤੇ ਹੌਕਿਆਂ ਨੂੰ ਪੀ ਰਹੇ
ਸੋਚਾਂ ਚ ਅੰਗਿਆਰ ਬਲਦੇ।


***



ਅਸੀਂ ਚਾਦਰਾਂ ਚੜ੍ਹਾਉਦੇਂ ਰਹੇ ਮਜਾਰ ਤੇ,
ਜ਼ਿੰਦਗੀ ਲੰਗਾਰ ਹੋ ਗਈ।

ਜਗਸੀਰ ਜੀਦਾ (94173-33203)

ਬੋਲ ਸਦੀਵੀਂ



ਮੈਂ ਭਗਤ ਸਿੰਘ ਬੋਲ਼ਦਾ ਹਾਂ



ਸਿਰ 'ਤੇ ਸਜਾ ਕੇ ਹੈਟ
ਦੇ ਕੇ ਮੁੱਛਾਂ ਨੂੰ ਤਾਅ
ਲਾਉਂਦੇ ਹੋ ਨਾਹਰਾ ...
'ਇਨਕਲਾਬ ਜ਼ਿੰਦਾਬਾਦ'
ਬੰਨ੍ਹ ਕੇ ਪੱਗ
ਪਾ ਕੇ ਕੇਸਰੀ ਬਾਣਾ
ਗਾਉਂਦੇ ਹੋ ...
'ਮੇਰਾ ਰੰਗ ਦੇ ਬਸੰਤੀ ਚੋਲ਼ਾ'
ਇਸ ਤਰ੍ਹਾਂ ਤੁਸੀਂ
ਭਗਤ ਸਿੰਘ ਨਹੀਂ ਬਣ ਜਾਂਦੇ
ਭਗਤ ਸਿੰਘ ਹੋਣ ਦਾ ਮਹਿਜ਼
ਭਰਮ ਪਾਲਦੇ ਹੋ
ਭਗਤ ਸਿੰਘ ਹੋਣ ਲਈ ਤਾਂ
ਭਗਤ ਸਿੰਘ ਦੇ ਵਿਚਾਰਾਂ ਨੂੰ
ਅਮਲਾਂ 'ਚ ਢਾਲਣਾ ਪੈਂਦੈ
ਲੋਕ-ਹਿਤਾਂ ਲਈ ਆਪਣੇ
ਹੱਡਾਂ ਦਾ ਬਾਲਣ ਬਾਲਣਾ ਪੈਂਦੈ
ਸਕੂਟਰਾਂ, ਬਾਈਕਾਂ, ਗੱਡੀਆਂ 'ਤੇ
ਲਾ ਕੇ ਮੇਰੀ ਫ਼ੋਟੋ
ਲਿਖਦੇ ਹੋ ...
'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ'
'ਟੌਹਰ ਪੰਜਾਬੀਆਂ ਦੀ'
'ਵੈਰੀ ਖੰਘੇ ਸੀ ਤਾਂ ਹੀ ਟੰਗੇ ਸੀ'
ਇਹੋ ਜਿਹੀ ਲਚਰ ਲੱਫ਼ਾਜ਼ੀ ਤੋਂ
ਹਮੇਸ਼ਾ ਚਿੜ੍ਹ ਰਹੀ ਹੈ ਮੈਨੂੰ
ਫਿਰ
ਮੈਨੂੰ ਕਿਉਂ ਇਸ ਰੰਗ ਵਿਚ ਰੰਗਦੇ ਹੋ ?
ਕਿਉਂ ਮੇਰੀ ਸੋਚ ਨੂੰ ਛਿੱਕੇ 'ਤੇ ਟੰਗਦੇ ਹੋ ?
ਟੋਪੀ, ਪੱਗ ਜਾਂ ਨਿੱਕਰ ਵਾਲ਼ੇ
ਕਿਸੇ ਵੀ ਮੇਰੇ ਬੁੱਤ 'ਚੋਂ
ਨਹੀਂ ਝਲ਼ਕਦੀ ਮੇਰੀ ਸੋਚ
ਉਹ ਸਥਾਪਤੀ
ਜੀਹਦੇ ਖ਼ਿਲਾਫ਼
ਮੈਂ ਲੜਿਆ ਸਾਂ
ਜੂਝਿਆ ਸਾਂ
ਉਸੇ ਦਾ ਕੋਈ ਹਿੱਸੇਦਾਰ
ਜਦ ਪਾਉਂਦਾ ਹੈ
ਮੇਰੇ ਗਲ 'ਚ ਹਾਰ
ਮੈਂ ਬਹੁਤ ਹੁੰਦਾ ਹਾਂ ਸ਼ਰਮਸਾਰ
'ਤੇਰੀ ਫ਼ੋਟੋ ਕਿਉਂ ਨਹੀਂ ਭਗਤ ਸਿਹਾਂ ਲੱਗਦੀ ਨੋਟਾਂ 'ਤੇ'
ਨਹੀਂ ਪਸੀਜ਼ਦਾ ਮੈਂ
ਅਜਿਹੇ ਗੀਤਾਂ ਦੇ ਨਾਲ
ਜਿਹੜੇ ਨੋਟਾਂ ਨਾਲ
ਵੇਚੀ ਵੱਟੀ ਜਾਵੇ
ਇਨਸਾਨੀਅਤ
ਦਾਅ 'ਤੇ ਲਾ ਦਿੱਤੀ ਜਾਵੇ
ਮੁਲ਼ਕ ਦੀ ਇੱਜ਼ਤ-ਆਬਰੂ
ਉਹਨਾਂ ਨੋਟਾਂ ਉੱਪਰ ਛਪਣ ਤੋਂ ਮੈਂ
ਸਖ਼ਤ ਇਨਕਾਰ ਕਰਦਾ ਹਾਂ
ਨੋਟਾਂ ਨੂੰ ਨਹੀਂ
ਮੈਂ ਆਪਣੇ ਲੋਕਾਂ ਨੂੰ ਪਿਆਰ ਕਰਦਾ ਹਾਂ
ਮੇਰੇ ਜੀਵਨ ਫ਼ਲ਼ਸਫ਼ੇ ਬਾਰੇ ਛਿੜੀਆਂ ਬਹਿਸਾਂ
ਅਤੇ ਬਹਿਸਾਂ ਕਰਨ ਵਾਲਿਆਂ 'ਤੇ ਵੀ
ਮੈਂ ਤਰਸ ਕਰਦਾ ਹਾਂ
ਤੇ ਉਹਨਾਂ ਅੱਗੇ
ਅਰਜ਼ ਇਹ ਕਰਦਾ ਹਾਂ ...
'ਤੀਜੀ ਇੰਟਰਨੈਸ਼ਨਲ, ਮਾਸਕੋ ਦੇ ਪ੍ਰਧਾਨ ਨੂੰ 'ਤਾਰ'
ਪੜ੍ਹਣ ਤੋਂ ਬਿਨਾਂ
ਨਹੀਂ ਸਮਝੇ ਜਾ ਸਕਦੇ
ਮੇਰੇ ਸਿਆਸੀ ਸਰੋਕਾਰ
'ਕਰਤਾਰ ਸਿੰਘ ਸਰਾਭਾ'
ਪੜ੍ਹ ਕੇ ਹੀ ਜਾਣ ਪਾਵੋਗੇ
ਮੇਰਾ ਪ੍ਰੇਰਨਾ ਸਰੋਤ
ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਕਿ
'ਮੈਂ ਨਾਸਤਿਕ ਕਿਉਂ ਹਾਂ'
ਮੈਂ ਹਿੰਸਾ ਦਾ ਪੁਜਾਰੀ ਸਾਂ
ਜਾਂ ਇੱਕ ਚੇਤੰਨ ਕ੍ਰਾਂਤੀਕਾਰੀ ਸਾਂ
ਇਹ ਜਾਣਨ ਲਈ
ਵਾਚਣਾ ਪੈਣਾ ਹੈ ਤੁਹਾਨੂੰ ਮੇਰਾ

'ਬੰਬ ਦਾ ਫ਼ਲ਼ਸਫ਼ਾ'
ਮੇਰੀ ਵਿਚਾਰਧਾਰਾ ਦਾ ਕਰੇਗਾ ਨਿਰਣਾ
'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ
ਮੈਨੀਫੈਸਟੋ'
ਕਲ਼ਮਕਾਰ ਇੱਕ ਵਾਰ ਤਾਂ ਘੋਖਣ
'ਡਰੀਮਲੈਂਡ ਦੀ ਭੂਮਿਕਾ'
ਨੌਜਵਾਨ ਪੜ੍ਹ ਕੇ ਤਾਂ ਵੇਖਣ
'ਨੌਜਵਾਨ ਭਾਰਤ ਸਭਾ ਦਾ ਘੋਸ਼ਣਾ-ਪੱਤਰ'
ਵਿਦਿਆਰਥੀ ਸੁਣਨ ਤਾਂ ਸਹੀ
'ਵਿਦਿਆਰਥੀਆਂ ਦੇ ਨਾਂ ਸੰਦੇਸ਼'
ਕਿੱਡੇ ਵੱਡੇ ਸਨ ਮੇਰੇ ਫ਼ਿਕਰ
ਇੱਕ ਵਾਰ ਵੇਖੋ ਤਾਂ ਸਹੀ ਮੇਰੀ
'ਜੇਲ੍ਹ ਨੋਟ-ਬੁਕ'
ਦਿਲ਼ੀ ਤਮੰਨਾ ਹੈ ਮੇਰੀ
ਕਰਕੇ ਆਪਣੇ ਦਿਮਾਗ਼ਾਂ
ਵਿਚਾਰਾਂ ਨੂੰ ਰੌਸ਼ਨ
ਸਮਝੋ
ਜਾਣੋ
ਮੈਨੂੰ ਮੇਰੇ ਹੀ ਜ਼ਾਵੀਏ 'ਤੋਂ
ਮੇਰੇ ਬਾਰੇ ਸਿਰਜ ਕੇ ਭਰਮ
ਚਾਹੁੰਦੀ ਹੈ ਜੋ ਸਥਾਪਤੀ
ਇਹਨਾਂ ਨਾਪਾਕ ਹਰਕਤਾਂ ਨੂੰ ਮੈਂ
ਬੜੀ ਨਿਰਖ-ਪਰਖ ਨਾਲ
ਪਿਆ ਟਟੋਲ਼ਦਾ ਹਾਂ
ਮੇਰੇ ਪਿਆਰੇ ਵਤਨ ਵਾਸੀਓ
ਮੈਂ ਭਗਤ ਸਿੰਘ ਬੋਲ਼ਦਾ ਹਾਂ
ਤੁਹਾਡਾ
ਆਪਣਾ
ਭਗਤ ਸਿੰਘ
ਬੋਲ਼ਦਾ ਹਾਂ ...



ਹਰਵਿੰਦਰ ਸਿੰਘ ਸਿਰਸਾ

ਅੰਤ

ਕਮਲਪ੍ਰੀਤ ਸਿੱਧੂ

ਨਾ ਸਮਾਧੀ ਹੋਵੇਗੀ ਹੁਣ, ਨਾ ਨਿਰਵਾਣ, ਨਾ ਮੋਕਸ਼
ਨਾ ਹੱਜ ਹੋਵੇਗਾ, ਨਾ ਯਾਤਰਾ, ਨਾ ਸ਼੍ਰਵਣ, ਤੇ ਨਾ ਮਨਨ
ਹਾਰ ਹੋਵੇਗੀ ਜਾਂ ਜਿੱਤ, ਹੁਣ ਅੰਤ ਹੋਵੇਗਾ
ਉਡੀਕ ਸੂਰਜ ਦੀ ਪਹਿਲੀ ਕਿਰਨ ਦੀ।

ਡਾਰਵਿਨ 'ਝੂਠ' ਬੋਲਦਾ ਹੈ

ਡਾਰਵਿਨ ਝੂਠ ਬੋਲਦਾ ਹੈ
ਸਾਡਾ ਵਿਕਾਸ ਬਾਂਦਰ ਤੋਂ ਨਹੀਂ
ਭੇਡਾਂ ਤੋਂ ਹੋਇਆ ਹੈ
ਭੇਡਾਂ ਸਾਂ
ਭੇਡਾਂ ਹਾਂ
ਤੇ ਭੇਡਾਂ ਹੀ ਰਹਾਂਗੀਆਂ।
ਜਦ ਤੀਕ ਸਾਨੂੰ ਆਪਣੀ
ਉੱਨ ਦੀ ਕੀਮਤ ਦਾ
ਪਤਾ ਨਹੀਂ ਲੱਗਦਾ।
ਸਾਨੂੰ ਚਾਰਨ ਵਾਲਾ ਹੀ ਸਾਨੂੰ ਮੁੰਨਦਾ ਹੈ।
ਬਾਂਦਰ ਤਾਂ ਬਾਜ਼ਾਰ ਵਿੱਚ
ਖਰੀਦ ਵੇਚ ਦਾ ਕਾਰੋਬਾਰੀ ਹੈ।
ਬਿਨਾ ਕੁਝ ਖਰਚਿਆਂ
ਮੁਨਾਫੇ ਦਾ ਅਧਿਕਾਰੀ ਹੈ।
ਅਸੀਂ ਵੈਰੀ ਨਹੀਂ ਪਛਾਣਦੇ
ਸਾਡੀ ਹੀ ਮੱਤ ਮਾਰੀ ਹੈ।
ਡਾਰਵਿਨ ਨੂੰ ਕਹੋ!
ਆਪਣੇ ਵਿਕਾਸਵਾਦੀ ਸਿਧਾਂਤ ਨੂੰ
ਮੁੜ ਵਿਚਾਰੇ!
ਵਕਤ ਬਦਲ ਗਿਆ ਹੈ।



ਗੁਰਭਜਨ ਗਿੱਲ

ਅਮਰ ਕਵਿਤਾ

"ਸ਼ਾਇਰ ਓਹੀ ਜਹਾਨ 'ਤੇ ਹੋ ਸਕਦਾ,
ਜੋ ਸੋਨਾ ਸੋਨੇ ਨੂੰ, ਕੱਚ ਨੂੰ ਕੱਚ ਆਖੇ।
ਕਰੇ ਲੋਕਾਂ ਦੇ ਦਿਲਾਂ ਦੀ ਤਰਜ਼ਮਾਨੀ,
ਠੀਕ ਨੂੰ ਠੀਕ ਤੇ, ਖ਼ੱਚ ਨੂੰ ਖ਼ਚ ਆਖੇ।
ਜੋ ਕੁਝ ਕਹਿਣਾ ਉਹ ਕਵ੍ਹੇ ਨਿਧੜਕ ਹੋ ਕੇ,
ਟੱਪ ਟੱਪ ਆਖੇ, ਨੱਚ ਨੱਚ ਆਖੇ।
'ਆਲਮ' ਓਸੇ ਦੀ ਰਹੇਗੀ ਅਮਰ ਕਵਿਤਾ,
ਜੋ ਝੂਠ ਨੂੰ ਝੂਠ, ਤੇ ਸੱਚ ਨੂੰ ਸੱਚ ਆਖੇ।"




***

ਨਰਮ ਦੋਸਤ ਲਈ, ਦੁਸ਼ਮਣ ਲਈ ਸਖ਼ਤ ਭੀ ਹਾਂ,
ਤਾਂਈਓਂ ਛੱਡਦਾ ਗੱਲ ਇੱਕ ਪਾਸੀ ਨਹੀਂ ਮੈਂ।
ਕਾਇਰਾਂ ਵਾਂਗ ਦੁੱਖ ਵੇਖਕੇ ਨਹੀਂ ਰੋਂਦਾ,
ਵਾਂਗ ਨਕਲੀਆਂ ਜਾਣਦਾ ਹਾਸੀ ਨਹੀਂ ਮੈਂ।

ਗੁਰਦਾਸ ਰਾਮ ਆਲਮ

ਕੇਸ ਰਿਪੋਰਟ



ਔਹਰੀ ਬਾਲ : ਬਦਲੀ ਚਾਲ

ਅਜਾਇਬ ਜਲਾਲਆਣਾ

ਅਧਿਆਪਨ ਦਾ ਕਾਰਜ ਸਿੱਖਣ, ਸਿਖਾਉਣ ਤੇ ਅਨੁਭਵਾਂ ਨਾਲ ਭਰਿਆ ਹੈ। ਜੇਕਰ ਅਧਿਆਪਕ ਤਰਕਸ਼ੀਲ ਵਿਚਾਰਾਂ ਨੂੰ ਪ੍ਰਨਾਇਆ ਹੋਵੇ ਤਾਂ ਸੁਧਾਰ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਮਨੋਵਿਗਿਆਨਕ ਪਹਿਲੂ ਬੱਚਿਆਂ ਦੀ ਸਖਸ਼ੀਅਤ ਦੇ ਵਿਕਾਸ ਵਿੱਚ ਨਿਸਚੇ ਹੀ ਹਾਂ ਪੱਖੀ ਰੋਲ ਨਿਭਾਉਂਦੇ ਹਨ। ਕੁਝ ਸਾਲ ਪਹਿਲਾਂ ਦੋ ਸਕੇ ਭਰਾ ਪੰਜਵੀਂ ਪਾਸ ਕਰਕੇ ਸਾਡੇ ਸਕੂਲ ਦੀ ਛੇਵੀਂ ਜਮਾਤ ਵਿਚ ਦਾਖਲ ਹੋਏ। ਦਾਖਲ ਹੋਣ ਤੇ, ਇੱਕ ਪ੍ਰਾਇਮਰੀ ਅਧਿਆਪਕ ਨੇ ਸਾਨੂੰ ਚੁਣੌਤੀ ਦਿੱਤੀ, ਤੁਸੀਂ ਇਨ੍ਹਾਂ ਨੂੰ ਪੜ੍ਹਾਉਂਣਾ ਤਾਂ ਛੱਡੋ ਜੇ ਉਨ੍ਹਾਂ ਨੂੰ ਸਕੂਲ 'ਚ ਬੈਠਣ ਲਾ ਦਿਉ ਅਸੀਂ ਤੁਹਾਨੂੰ ਮੰਨ ਜਵਾਂਗੇ।

ਉਹ ਅਕਸਰ ਪ੍ਰਾਇਮਰੀ ਸਕੂਲ ਤੋਂ ਭੱਜ ਜਾਂਦੇ ਸਨ। ਸਹਿਪਾਠੀਆਂ ਨਾਲ ਦੁਰ ਵਿਵਹਾਰ ਕਰਦੇ। ਅਨੁਸ਼ਾਸਨ ਭੰਗ ਕਰਨਾ, ਲੜਾਈ ਝਗੜਾ ਤੇ ਝੂਠ ਬੋਲਣਾ ਉਹਨਾਂ ਦੀ ਆਦਤ ਸੀ। ਸਿੱਖਿਆ ਨੀਤੀ ਦੇ ਲਾਹੇ ਵਿੱਚ ਉਹ ਅਗਲੀ ਜਮਾਤ ਵਿੱਚ ਪਹੁੰਚ ਜਾਂਦੇ ਜਿਸ ਵਿੱਚ ਕੋਈ ਵੀ ਬੱਚਾ ਫੇਲ੍ਹ ਨਹੀਂ ਕਰਨਾ ਹੁੰਦਾ। ਜਦ ਛੇਵੀਂ ਜਮਾਤ ਬਾਕਾਇਦਾ ਤੌਰ ਤੇ ਲੱਗਣੀ ਸ਼ੁਰੂ ਹੋਈ, ਦੋਵਾਂ ਨੇ ਸਵੇਰੇ ਆਪਣੇ ਬੈਗ ਰੱਖਣੇ ਅਤੇ ਉਸੇ ਸਮੇਂ ਸਕੂਲੋਂ ਭੱਜ ਜਾਣਾ।

ਮੈਂ ਇਕ ਦਿਨ ਆਪਣੇ ਨਾਲ਼ ਇੱਕ ਹੋਰ ਬੱਚਾ ਲਿਆ, ਜੋ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ। ਅਸੀਂ ਉਹਨਾਂ ਦਾ ਪਿੱਛਾ ਕਰਦੇ ਹੋਏ ਉਨ੍ਹਾਂ ਦੇ ਘਰ ਜਾ ਪਹੁੰਚੇ, ਜਦ ਉਹਨਾਂ ਦੇ ਘਰ ਪਹੁੰਚੇ ਮੈਂ ਸੋਚਿਆ ਕਿ ਉਹ ਅਜਿਹੀਆਂ ਸਥਿਤੀਆਂ ਵਿਚ ਕਿਵੇਂ ਪੜ੍ਹਾਈ ਕਰ ਸਕਦੇ ਹਨ? ਉਨ੍ਹਾਂ ਦਾ ਸਾਰਾ ਘਰ ਸਿਰਫ ਇਕ ਟੁੱਟਿਆ-ਫੁੱਟਿਆ ਕੋਠਾ ਹੀ ਸੀ। ਨਾ ਕੋਈ ਕੰਧ ਨਾ ਕੌਲਾ ਨਾ ਹੀ ਕੋਈ ਲੈਟਰੀਨ ਬਾਥਰੂਮ। ਪਤਾ ਲੱਗਿਆ ਕਿ ਉਸ ਦਾ ਪਿਤਾ ਲੰਬੇ ਸਮੇਂ ਤੋਂ ਜੇਲ੍ਹ ਵਿੱਚ ਹੈ। ਉਹ ਬੱਚੇ ਕੁਝ ਰਾਤਾਂ ਡੇਰੇ ਜਾਂ ਧਾਰਮਿਕ ਸਥਾਨ 'ਤੇ ਵੀ ਬਿਤਾਉਂਦੇ ਸਨ। ਅਜਿਹੀਆਂ ਹਾਲਤਾਂ, ਆਦਤਾਂ ਵਿੱਚ ਪਲ ਰਹੇ ਉਹਨਾਂ ਬੱਚਿਆਂ ਨੂੰ ਔਹਰੀ ਬਾਲ ਮੰਨਿਆ ਜਾਂਦਾ ਸੀ। ਥਾਂ ਕੁਥਾਂ ਜਾਣ ਕਰਕੇ, ਸ਼ਮਸ਼ਾਨ ਘਾਟ ਤੇ ਹੋਰ ਅਜਿਹੀਆਂ ਥਾਵਾਂ ਤੇ ਘੁੰਮਣ ਕਰਕੇ ਮਾਪਿਆਂ, ਆਂਢ ਗੁਆਂਢ ਤੇ ਪਿੰਡ ਦੇ ਲੋਕਾਂ ਦਾ ਮੰਨਣਾ ਸੀ ਕਿ ਇਹਨਾਂ ਮਗਰ ਕੋਈ ਓਪਰੀ ਚੀਜ਼ ਹੈ। ਇਸੇ ਔਹਰ ਕਰਕੇ ਇਹ ਸਾਰਿਆਂ ਦੇ ਕਹਿਣੇ ਤੋਂ ਬਾਹਰ ਹਨ। ਉਹਨਾਂ ਦਾ ਇੱਕ ਹੋਰ ਵੱਡਾ ਭਰਾ ਛੋਟੇ ਹੁੰਦਿਆਂ ਤੋਂ ਮਜਦੂਰੀ ਦਾ ਕੰਮ ਕਰ ਰਿਹਾ ਸੀ। ਮਾਂ ਲੋਕਾਂ ਦੇ ਘਰੀਂ ਕੰਮ ਕਰਕੇ ਘਰ ਦਾ ਖਰਚਾ ਤੋਰ ਰਹੀ ਸੀ।

ਮੇਰੇ ਨਾਲ ਆਏ ਬੱਚੇ ਨੇ ਕਿਹਾ, "ਸਰ ਜੀ, ਉਹ ਹੁਣ ਆਪਾਂ ਨੂੰ ਸਮਸਾਨਘਾਟ ਵਿਚ ਮਿਲਣਗੇ!" ਜਦੋਂ ਅਸੀਂ ਸਮਸਾਨਘਾਟ ਗਏ, ਤਾਂ ਉਹ ਉੱਥੇ ਕੰਧਾਂ 'ਤੇ ਬੈਠੇ ਖੇਡ ਰਹੇ ਸਨ। ਜਿਸ ਸ਼ਮਸ਼ਾਨ ਘਾਟ ਕੋਲੋਂ ਲੰਘਦਿਆਂ ਬੱਚੇ ਅਕਸਰ ਡਰਦੇ ਹਨ। ਉਹ ਉੱਥੇ ਬੇਖੌਫ਼ ਆਪਣੀ ਖੇਡ ਵਿੱਚ ਮਸਤ ਸਨ। ਸਾਡੇ ਵੱਲ ਵੇਖਦਿਆਂ ਹੀ ਕੰਧਾਂ ਤੋਂ ਛਾਲਾਂ ਮਾਰ ਭੱਜ ਗਏ।

ਮੈਂ ਆਪਣੇ ਨਾਲ ਗਏ ਵਿਦਿਆਰਥੀ ਨੂੰ ਆਖਿਆ ਕਿ ਤੂੰ ਉਨ੍ਹਾਂ ਦੋਵਾਂ ਨੂੰ ਮਿਲ ਕੇ ਦੱਸੀਂ ਕਿ ਇਹ ਅਧਿਆਪਕ ਤੁਹਾਡੇ ਨਾਲ ਦੋਸਤੀ ਕਰਨਾ ਚਾਹੁੰਦਾ ਹੈ। ਤੁਹਾਨੂੰ ਕਦੀ ਵੀ ਡਾਂਟਦਾ, ਝਿੜਕਦਾ ਵੀ ਨਹੀਂ।

ਮੈਂ ਅਜੇ ਸਕੂਲ ਵਾਪਸ ਪਹੁੰਚਿਆ ਹੀ ਸਾਂ। ਉਹ ਲੜਕਾ ਉਨ੍ਹਾਂ ਦੋਵਾਂ ਨੂੰ ਵਾਪਸ ਸਕੂਲ ਲੈ ਵੀ ਆਇਆ। ਮੈਂ ਉਨ੍ਹਾਂ ਦੋਵਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਪਿਆਰ ਦਿੱਤਾ। ਇਕ ਬੱਚੇ ਦੀਆਂ ਹਰਕਤਾਂ ਵੇਖਦਿਆਂ ਮੇਰੀਆਂ ਅੱਖਾਂ ਵਿਚ ਹੰਝੂ ਸਨ। ਸੋਚ ਰਿਹਾ ਸਾਂ ਕਿ ਸਾਡੇ ਸਮਾਜਿਕ ਪ੍ਰਬੰਧ ਨੇ ਉਨ੍ਹਾਂ ਨੂੰ ਬਦਤਰ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਰੱਖਿਆ ਹੈ। ਉਹ ਹੁਣ ਇੰਜ ਕਰ ਰਿਹਾ ਸੀ ਜਿਵੇਂ ਕਿਸੇ ਜਾਨਵਰ ਨੂੰ ਪਿਆਰ ਨਾਲ ਸਹਿਲਾਇਆ ਜਾਵੇ ਅਤੇ ਉਹ ਅੱਗੋਂ ਆਪਣਾ ਮੂੰਹ ਕਦੀ ਬੰਦ ਕਰੇ ਕਦੀ ਖੋਲ੍ਹੇ। ਉਹ ਮੂੰਹ ਵਿਚਕਾਰ ਆਪਣੀ ਜੀਭ ਨੂੰ ਮਰੋੜ ਰਿਹਾ ਸੀ।

ਮੈਂ ਦੋਵਾਂ ਨੂੰ ਯਕੀਨ ਦਿਵਾਇਆ ਕਿ ਕੋਈ ਵੀ ਅਧਿਆਪਕ ਤੁਹਾਨੂੰ ਕੁੱਟੇਗਾ ਨਹੀਂ। ਨਾ ਹੀ ਤੁਹਾਨੂੰ ਕੋਈ ਮੰਦੇ ਚੰਗੇ ਸ਼ਬਦ ਬੋਲੇਗਾ। ਤੁਸੀਂ ਪੜ੍ਹ ਸਕਦੇ ਹੋ ਤਾਂ ਬਹੁਤ ਚੰਗਾ ਹੈ ਜੇ ਨਹੀਂ ਤਾਂ ਵੀ ਕੋਈ ਗੱਲ ਨਹੀਂ। ਤੁਸੀਂ ਅੱਜ ਤੋਂ ਮੇਰੇ ਸਭ ਤੋਂ ਚੰਗੇ ਦੋਸਤ ਹੋ। ਉਹ ਹੁਣ ਬਹੁਤ ਖੁਸ ਸਨ ਜ਼ਮਾਤ ਵਿੱਚ ਬੈਠੇ ਹੋਰ ਵਿਦਿਆਰਥੀ ਪਹਿਲਾਂ ਚੁੱਪ ਸਨ, ਉਹ ਹੁਣ ਹੱਸ ਰਹੇ ਸਨ। ਉਹਨਾਂ 'ਚੋ ਕੁੱਝ ਦਾ ਕਹਿਣਾ ਸੀ, ਸਰ ਇਹ ਟਿਕਣ ਵਾਲ਼ੇ ਨਹੀਂ ਤੁਹਾਡੇ ਜਾਂਦਿਆਂ ਇਹ ਰੌਲ਼ਾ ਪਾਉਣਾ ਸ਼ੁਰੂ ਕਰ ਦੇਣਗੇ।

ਖੈਰ ਮੈਂ ਪ੍ਰਿੰਸੀਪਲ ਤੇ ਨਾਲ ਦੇ ਅਧਿਆਪਕਾਂ,ਨੂੰ

ਉਹਨਾਂ ਦੋਵਾਂ ਔਹਰੀ ਭਰਾਵਾਂ ਵਿੱਚ ਸੁਧਾਰ ਲਈ ਸਹਿਯੋਗ ਵਾਸਤੇ ਮਨਾਇਆ।ਅਸੀਂ ਇਹ ਫੈਸਲਾ ਲਿਆ ਕਿ ਕਿਸੇ ਗਲਤ ਕੰਮ ਲਈ ਵੀ ਉਨ੍ਹਾਂ ਨੂੰ ਤਾੜਨਾ ਵੀ ਨਹੀਂ ਕਰਨੀ। ਸਾਥੀ ਅਧਿਆਪਕਾਂ ਦਾ ਸਾਥ ਮਿਲਣਾ ਸੁਰੂ ਹੋ ਗਿਆ। ਕੋਈ ਉਨ੍ਹਾਂ ਨੂੰ ਵਰਦੀ ਦੇਵੇ ਤੇ ਕੋਈ ਕਾਪੀ ਪੈੱਨ। ਪਰ ਫਿਰ ਵੀ,ਹਰ ਰੋਜ ਉਨ੍ਹਾਂ ਦੀ ਇੱਕ ਨਵੀਂ ਸ਼ਿਕਾਇਤ ਮਿਲਦੀ। ਕਈ ਵਾਰ ਕਿਸੇ ਦੀ ਕਿਤਾਬ ਚੋਰੀ ਕਰ ਲੈਂਦੇ। ਕਦੀ ਕਾਪੀ,ਪੈਂਸਲ, ਕਿਸੇ ਦਾ ਪੈਨ ਚੁਰਾ ਲੈਂਦੇ। ਅਕਸਰ ਲੜਾਈ-ਝਗੜਾ ਕਰਦੇ ਰਹਿੰਦੇ। ਅਸੀਂ ਉਨ੍ਹਾਂ ਤੋਂ ਮੁਆਫੀ ਮੰਗਵਾ ਕੇ ਛੱਡ ਦਿੰਦੇ। ਉਹਨਾਂ ਨੂੰ ਕੋਈ ਸਜ਼ਾ ਨਾ ਦਿੰਦੇ।

ਉਨ੍ਹਾਂ ਦੋਹਾਂ ਵਿੱਚੋਂ ਇਕ ਨੇ ਹੁਣ ਅਨੁਸਾਸਨ ਵਿਚ ਰਹਿਣਾ ਸੁਰੂ ਕਰ ਦਿੱਤਾ ਅਤੇ ਥੋੜਾ ਜਿਹਾ ਲਿਖਣਾ ਵੀ ਸੁਰੂ ਕਰ ਦਿੱਤਾ ਸੀ। ਪਰ ਦੂਜਾ ਅਜੇ ਸਿੱਧੇ ਰਾਹ 'ਤੇ ਨਹੀਂ ਸੀ ਆ ਰਿਹਾ। ਉਹ ਰਿਸ਼ਤੇਦਾਰੀ ਵਿੱਚ ਚਲ਼ਾ ਜਾਂਦਾ ਸੀ ਤੇ ਹਫ਼ਤਾ ਦਸ ਦਿਨ ਨਾ ਮੁੜਦਾ। ਅਜੇ ਉਸਦੀਆਂ ਆਦਤਾਂ ਵਿੱਚ ਸੁਧਾਰ ਹੋਣਾ ਸ਼ੁਰੂ ਹੁੰਦਾ ਤਾਂ ਉਹ ਮੁੜ ਆਪਣੀ ਰਿਸ਼ਤੇਦਾਰੀ ਵਿੱਚ ਚਲਾ ਜਾਂਦਾ।

ਵਾਪਸ ਆ ਕੇ ਸਾਡੇ ਲਈ ਮੁਸਕਲਾਂ ਖੜ੍ਹੀਆਂ ਕਰਨ ਲਗਦਾ। ਉਹ ਆਪਣੇ ਭਰਾ ਨੂੰ ਵੀ ਸਕੂਲੋਂ ਭੱਜਣ ਲਈ ਉਤਸਾਹਿਤ ਕਰਦਾ ਰਹਿੰਦਾ। ਉਹਨਾਂ ਦਾ ਮਜ਼ਦੂਰੀ ਕਰਦਾ ਵੱਡਾ ਭਰਾ ਕਦੀ-ਕਦੀ ਉਸ ਨੂੰ ਕੁੱਟਦਾ ਹੋਇਆ ਨਾਲ਼ ਸਕੂਲ ਆ ਜਾਂਦਾ। ਆਖਦਾ, ਸਰ ਜੀ, ਮੈਂ ਨਹੀਂ ਪੜ੍ਹ ਸਕਿਆ ਇਸ ਲਈ ਇਹਨਾਂ ਦੀ ਫ਼ਿਕਰ ਕਰਦਾ ਹਾਂ। ਇਹਨਾਂ ਨੂੰ ਪੜ੍ਹਾਉਣਾ ਚਾਹੁੰਦਾ ਹਾਂ। ਉਹ ਫ਼ਿਕਰ ਕਰਦਾ ਕਹਿੰਦਾ ਇਹ ਇੰਜ ਨਹੀਂ ਮੰਨਣ ਵਾਲ਼ੇ ਇਹ ਕੁੱਟ ਨਾਲ਼ ਬੰਦੇ ਬਣਨਗੇ। ਹੁਣ ਕੁੱਝ ਅਧਿਆਪਕ ਵੀ ਇਹ ਕਹਿਣ ਕਿ ਉਹ ਇਸ ਤਰ੍ਹਾਂ ਨਹੀਂ ਸੁਧਰਨਗੇ।ਵਿਗੜ ਗਿਆਂ ਦਾ ਤਾਂ ਡੰਡਾ ਹੀ ਪੀਰ ਹੁੰਦਾ ਹੈ। ਮਿਡ ਡੇ ਮੀਲ ਦਾ ਖਾਣਾ ਤਿਆਰ ਕਰਨ ਵਾਲੀਆਂ ਬੀਬੀਆਂ ਉਹਨਾਂ ਨੂੰ ਡੰਗਰ ਦਸਦੀਆਂ। ਅਖੇ ਇਹ ਕੁੱਟ ਨਾਲ਼ ਈ ਸੁਧਰਣਗੇ।

ਜਦੋਂ ਕਦੀ ਉਹ ਛੋਟੀ ਮੋਟੀ ਚੋਰੀ ਕਰਦੇ ਤਾਂ ਮੇਰੇ ਕੋਲ਼ ਉਹਨਾਂ ਦੀ ਸ਼ਿਕਾਇਤ ਆਉਂਦੀ। ਤਦ ਮੈਂ ਉਨ੍ਹਾਂ ਨੂੰ ਕਹਿਣਾ ਕਿ ਮੈਂ ਤੁਹਾਡਾ ਨਾਂ ਬਾਹਰ ਨਹੀਂ ਆਉਣ ਦੇਵਾਂਗਾ ਤਾਂ ਉਹ ਝੱਟ ਚੋਰੀ ਕੀਤੀ ਚੀਜ ਮੈਨੂੰ ਦੇ ਦਿੰਦੇ। ਮੈਂ ਉਨ੍ਹਾਂ ਦਾ ਨਾਮ ਗੁਪਤ ਰੱਖਦਾ। ਇੱਕ ਦਿਨ ਉਨ੍ਹਾਂ ਨੇ ਇੱਕ ਦੁਕਾਨ ਤੋਂ ਮੋਬਾਈਲ ਚੋਰੀ ਕਰ ਲਿਆ। ਦੁਕਾਨਦਾਰ ਉਸਦੀ ਸ਼ਿਕਾਇਤ ਲੈ ਕੇ ਪ੍ਰਿੰਸੀਪਲ ਕੋਲ ਪਹੁੰਚ ਗਿਆ। ਚੋਰੀ ਦਾ ਦੋਸ਼ ਉਨ੍ਹਾਂ ਵੱਲ ਸੀ, ਹੁਣ ਪ੍ਰਿੰਸੀਪਲ ਨੇ ਮੋਬਾਈਲ ਨੂੰ ਬਰਾਮਦ ਕਰਨ ਲਈ ਮੇਰੀ ਡਿਊਟੀ ਲਾਈ। ਮੈਂ ਉਨ੍ਹਾਂ ਦੋਵਾਂ ਨੂੰ ਵੱਖਰੇ ਤੌਰ 'ਤੇ ਇਕਾਂਤ 'ਚ ਬਾਹਰ ਲੈ ਗਿਆ ਅਤੇ ਉਨ੍ਹਾਂ ਨੂੰ ਪੂਰਾ ਵਿਸਵਾਸ ਦਿਵਾਇਆ ਕਿ ਤੁਹਾਡਾ ਨਾਮ ਨਹੀਂ ਆਵੇਗਾ। ਤੁਸੀਂ ਮੇਰੇ 'ਤੇ ਵਿਸਵਾਸ ਕਰੋ, ਹੁਣ ਤੁਹਾਨੂੰ ਮੋਬਾਈਲ ਦੇਣਾ ਪਏਗਾ। ਉਹ ਤੁਰੰਤ ਚੁਪਕੇ ਜਿਹੇ ਘਰ ਗਏ ਤੇ ਮੈਨੂੰ ਉਹ ਮੋਬਾਈਲ ਫੜਾ ਗਏ।

ਸਪੱਸ਼ਟ ਸੀ ਕਿ ਉਹ ਅਜਿਹਾ ਵਰਤ ਵਿਵਹਾਰ ਘਰ ਦੀਆਂ ਹਾਲਤਾਂ, ਗਰੀਬੀ ਤੇ ਸਮਾਜਿਕ ਮਾਹੌਲ ਦਾ ਸ਼ਿਕਾਰ ਹੋ ਕੇ ਕਰ ਰਹੇ ਸਨ। ਜਦਕਿ ਸਮਾਜ ਉਹਨਾਂ ਨੂੰ ਔਹਰੀ, ਓਪਰੀ ਚੀਜ਼ ਦੇ ਸਤਾਏ ਆਖ ਰਿਹਾ ਸੀ। ਸਮਾਜ ਨੂੰ ਉਹ ਨਾ ਬਰਾਬਰੀ ਵੀ ਨਹੀਂ ਦਿਸ ਰਹੀ ਸੀ, ਜਿਸ ਦੀ ਸਜ਼ਾ ਉਹ ਉਹ ਦੋਵੇਂ ਭਰਾ ਭੁਗਤ ਰਹੇ ਸਨ।

ਅਸੀਂ ਉਹਨਾਂ ਦੀ ਪੜ੍ਹਾਈ ਤੇ ਵਿਵਹਾਰ ਵਿੱਚ ਸੁਧਾਰ ਲਈ ਲੱਗੇ ਰਹੇ। ਉਹਨਾਂ ਦੇ ਮਨਾਂ ਵਿੱਚ ਵੀ ਸੁਪਨਾ ਪਨਪਿਆ। ਹੁਸ਼ਿਆਰ ਵਿਦਿਆਰਥੀਆਂ ਨਾਲ ਸੰਗਤ ਦੀ ਇੱਛਾ ਨੇ ਅੰਗੜਾਈ ਭਰੀ। ਉਹ ਬੁਰੀਆਂ ਆਦਤਾਂ ਤੋਂ ਦੂਰ ਰਹਿਣ ਲੱਗੇ। ਕੋਸ਼ਿਸ਼ ਕਰਕੇ ਪੜ੍ਹਨ ਲਿਖਣ ਦੇ ਰਾਹ ਤੁਰੇ। ਉਹਨਾਂ ਵਿੱਚ ਹੋ ਰਿਹਾ ਸੁਧਾਰ ਖੁਸ਼ੀ ਤੇ ਸਕੂਨ ਦੇਣ ਵਾਲਾ ਸੀ।

ਉਹਨਾਂ ਛੇਵੀਂ ਅਤੇ ਸੱਤਵੀਂ ਵੀ ਪਾਸ ਕਰ ਲਈ। ਹੁਣ ਉਹਨਾਂ ਦਾ ਬਾਪ ਵੀ ਜੇਲ੍ਹ ਵਿੱਚੋਂ ਬਾਹਰ ਆ ਗਿਆ ਸੀ। ਉਹ ਪੀ.ਟੀ.ਏ. ਦੀ ਮੀਟਿੰਗ ਵਿੱਚ ਉਸਨੂੰ ਬੜੇ ਚਾਅ ਨਾਲ ਲਿਆਉਂਦੇ। ਸਾਨੂੰ ਖੁਸ਼ੀ ਨਾਲ ਦੱਸਦੇ, ਸਰ ਜੀ ਇਹ ਸਾਡੇ ਪਿਤਾ ਜੀ ਹਨ। ਉਹਨਾ 'ਚੋਂ ਇੱਕ ਨੇ ਚੰਗੀ ਤਰ੍ਹਾਂ ਰਹਿਣਾ-ਬਹਿਣਾ ਅਤੇ ਥੋੜਾ ਬਹੁਤਾ ਪੜ੍ਹਨਾ ਲਿਖਣਾ ਸਿੱਖ ਲਿਆ ਸੀ। ਉਸਨੇ ਆਪਣੀਆਂ ਆਦਤਾਂ ਵੀ ਸੁਧਾਰ ਲਈਆਂ ਸਨ। ਉਹ ਅੱਠਵੀਂ ਕਲਾਸ ਵਿੱਚ ਵਿਚ ਦਾਖਲ ਹੋ ਗਿਆ। ਸਕੂਲੋਂ ਹਟਣ ਵਾਲਾ ਕਿਸੇ ਕੰਮ ਤੇ ਲੱਗ ਗਿਆ। ਦੂਸਰਾ ਅਜੇ ਵੀ ਪੜ੍ਹ ਰਿਹਾ ਹੈ।

ਓਪਰੀ ਚੀਜ਼ ਨਹੀਂ,ਮਾੜੇ ਰਾਜ ਪ੍ਰਬੰਧ ਦੇ ਸ਼ਿਕਾਰ ਹੋਏ ਲਾਲ ਠੀਕ ਰਾਹ ਤੇ ਆ ਗਏ।ਇਹ ਯਤਨ ਤੇ ਪ੍ਰੇਰਨਾ ਚੰਗੇਰੀ ਜ਼ਿੰਦਗੀ ਦੇ ਸੁਪਨੇ ਦਾ ਆਧਾਰ ਬਣਨ ਦੇ ਸਮਰੱਥ ਹੈ।ਵਿਦਿਆਰਥੀ ਜੀਵਨ ਵਿੱਚ ਯੋਗ ਅਗਵਾਈ ਮਨਾਂ ਵਿੱਚ ਸੁਪਨੇ ਬੀਜਦੀ ਹੈ।ਸੁਪਨੇ ਪੂਰੇ ਕਰਨ ਲਈ ਮਿਹਨਤ ਤੇ ਗਿਆਨ ਜ਼ਿੰਦਗੀ ਨੂੰ ਜਿਉਣਯੋਗ ਬਣਾਉਂਦਾ ਹੈ। ਬੱਚਿਆਂ ਦਾ ਤਰਕ ਦੀ ਰੌਸ਼ਨੀ ਨਾਲ ਰਾਹ ਰੁਸ਼ਨਾਉਣ ਲਈ ਵੱਡੇ ਹੰਭਲੇ ਦੀ ਲੋੜ ਹੈ।ਤਰਕਸ਼ੀਲ ਲਹਿਰ ਨਾਲ ਜੁੜੇ ਤੇ ਹੋਰਨਾਂ ਅਧਿਆਪਕਾਂ ਨੂੰ ਇਹ ਕਾਜ ਹੱਥ ਲੈਣਾ ਚਾਹੀਦਾ ਹੈ ਤਾਂ ਜੋ ਵਿਤਕਰਿਆਂ ਭਰੇ ਸਮਾਜ ਵਿੱਚ ਰੁਲ ਰਹੇ ਭਵਿੱਖ ਨੂੰ ਬਚਾਇਆ ਜਾ ਸਕੇ।

94167-24331



ਬਾਲ ਪੰਨਾ

ਚੰਦਰਮਾ 'ਤੇ ਪਹੁੰਚਣ ਦੀ ਦੌੜ


-ਬੂਟਾ ਸਿੰਘ ਵਾਕਫ਼


ਧਰਤੀ ਦਾ ਇੱਕੋਂ ਇੱਕ ਉਪਗ੍ਰਹਿ ਚੰਦਰਮਾ ਹੈ ਜਿਹੜਾ ਹਮੇਸ਼ਾਂ ਮਨੁੱਖ ਲਈ ਤਾਂਘ ਦਾ ਕੇਂਦਰ ਰਿਹਾ ਹੈ। ਸਦੀਆਂ ਤੋਂ ਮਨੁੱਖੀ ਲਾਲਸਾ ਰਹੀ ਹੈ ਕਿ ਉਹ ਚੰਦਰਮਾ ਤੇ ਰਹਿਣ ਲੱਗ ਪਵੇ। ਇਸ ਲਾਲਸਾ ਨੇ ਮਨੁੱਖ ਨੂੰ ਚੰਦਰਮਾ ਦੀ ਧਰਤੀ ਤੱਕ ਪਹੁੰਚ ਦੇ ਯਤਨ ਜੁਟਾਏ। ਮਕਸਦ ਦੀ ਪੂਰਤੀ ਲਈ ਬਹੁਤ ਸਾਰੇ ਸਪੇਸ ਕਰਾਫ਼ਟ ਖਲਾਅ ਵਿਚ ਛੱਡੇ ਗਏ ਤਾਂ ਜੋ ਚੰਦਰਮਾ ਦੀ ਧਰਤੀ ਦੀਆਂ ਭੂਗੋਲਿਕ ਹਾਲਤਾਂ ਦਾ ਅੰਦਾਜਾ ਲਗਾਇਆ ਜਾ ਸਕੇ।

ਚੰਦਰਮਾ ਦੀ ਸਤਾਹ ਤੇ ਪਹੁੰਚਣ ਦੀ ਮਨੁੱਖੀ ਦੌੜ 1950ਵਿਆਂ ਵਿਚ ਸ਼ੁਰੂ ਹੋਈ। ਸਾਬਕਾ ਸੋਵੀਅਤ ਸੰਘ ਤੇ ਅਮਰੀਕਾ ਨੇ ਪੁਲਾੜ ਵਿਚ ਮਨੁੱਖ ਦੁਆਰਾ ਨਿਰਮਿਤ ਉਪਗ੍ਰਹਿ ਭੇਜਣੇ ਸ਼ੁਰੂ ਕੀਤੇ। ਦੋਵਾਂ ਦੇਸ਼ਾਂ ਵਿਚ ਚੰਦਰਮਾ ਦੀ ਸਤਾਹ ਤੇ ਪਹੁੰਚਣ ਦੀ ਦੌੜ ਤਿੱਖੀ ਸੀ। ਸੋਵੀਅਤ ਸੰਘ ਉਸ ਸਮੇਂ ਸਯੁੰਕਤ ਰਾਜ ਅਮਰੀਕਾ ਤੋਂ ਇੱਕ ਕਦਮ ਅੱਗੇ ਲੰਘ ਗਿਆ ਜਦ ਉਸ ਨੇ ਆਪਣਾ ਪਹਿਲਾ ਪੁਲਾੜੀ ਵਾਹਨ ਸਪੁਟਨਿਕ-1 (Sputnik-1) ਪੁਲਾੜ ਵਿਚ ਛੱਡਿਆ। ਇਹ ਵਾਹਣ 4 ਅਕਤੂਬਰ 1949 ਨੂੰ ਪੁਲਾੜ ਵਿਚ ਛੱਡਿਆ ਗਿਆ। 23 ਇੰਚ ਵਿਆਸ ਵਾਲੇ ਮੈਟਲ ਦੇ ਇਸ ਗੋਲਾਕਾਰ ਵਾਹਣ ਦਾ ਵਜ਼ਨ 83.6 ਕਿਲੋਗ੍ਰਾਮ ਸੀ। ਬੈਟਰੀਆਂ ਨਾਲ ਚੱਲਣ ਵਾਲੇ ਇਸ ਵਾਹਣ ਦੇ ਚਾਰ ਐਨਟੀਨੇ ਸਨ। ਇਸ ਨੇ ਤਿੰਨ ਮਹੀਨੇ ਤੱਕ ਧਰਤੀ ਦੁਆਲੇ 1440 ਚੱਕਰ ਕੱਢੇ।

ਇਸ ਉਪਰੰਤ ਸੋਵੀਅਤ ਯੂਨੀਅਨ ਨੇ 2 ਜਨਵਰੀ 1959 ਨੂੰ ਇੱਕ ਹੋਰ ਪੁਲਾੜੀ ਵਾਹਣ ਲੂਨਾ-1 ਪੁਲਾੜ ਵਿਚ ਛੱਡਿਆ। ਇਹ ਦੁਨੀਆਂ ਦਾ ਪਹਿਲਾ ਵਾਹਣ ਸੀ ਜਿਸ ਨੇ ਚੰਦਰਮਾ ਦੁਆਲੇ ਚੱਕਰ ਕੱਢੇ। ਇਹ ਵਾਹਣ ਧਰਤੀ ਦੇ ਖਿਚ ਕੇਂਦਰ ਤੋਂ ਬਾਹਰ ਜਾ ਕੇ ਵੀ ਕੰਮ ਕਰਦੇ ਰਹਿਣ ਕਾਰਣ ਦੁਨੀਆਂ ਲਈ ਖਿਚ ਦਾ ਕੇਂਦਰ ਬਣਿਆ। ਇਸ ਵਾਹਣ ਨੇ ਚੰਦਰਮਾ ਤੇ ਕਿਸੇ ਕਿਸਮ ਦਾ ਚੁੰਬਕੀ ਖੇਤਰ ਨਾ ਹੋਣ ਬਾਰੇ ਪਤਾ ਲਗਾਇਆ। ਧਰਤੀ ਤੱਕ ਸੂਚਨਾ ਦੇ ਆਦਾਨ ਪ੍ਰਦਾਨ ਵਾਸਤੇ ਇਸ ਵਾਹਣ ਦੇ ਪੰਜ ਐਨਟੀਨੇ ਸਨ। ਪੁਲਾੜ ਵਿਚ ਛੱਡਣ ਸਮੇਂ ਇਸ ਦਾ ਵਜ਼ਨ 361.3 ਕਿਲੋਗ੍ਰਾਮ ਸੀ। ਧਰਤੀ ਤੋਂ ਇਸ ਵਾਹਣ ਨੂੰ ਕੰਟਰੋਲ ਕਰਨ ਦੀ ਤਕਨੀਕ ਵਿਚ ਖਰਾਬੀ ਆਉਣ ਕਾਰਣ ਲੂਨਾ-1 ਚੰਦਰਮਾ ਦੀ ਸਤਾਹ ਤੇ ਨਹੀਂ ਉੱਤਰ ਸਕਿਆ ਸੀ।

ਚੰਦਰਮਾ ਤੇ ਜਾਣ ਦੀ ਤਾਂਘ ਹੀ ਏਨੀ ਸੀ ਕਿ ਵੱਡੀਆਂ ਅਸਫ਼ਲਤਾਵਾਂ ਦੇ ਬਾਵਜੂਦ ਵੀ ਮਨੁੱਖ ਨੇ ਈਨ ਨਹੀਂ ਮੰਨੀ। ਇਸੇ ਤਾਂਘ ਸਦਕਾ ਸੋਵੀਅਤ ਸੰਘ ਦੁਆਰਾ ਹੀ 13 ਸਤੰਬਰ 1959 ਨੂੰ ਇੱਕ ਹੋਰ ਪੁਲਾੜ ਵਾਹਣ ਲੂਨਾ-2 ਪੁਲਾੜ ਵਿਚ ਛੱਡਿਆ ਗਿਆ।





ਇਸ ਦਾ ਵਜ਼ਨ 390.2 ਕਿਲੋਗ੍ਰਾਮ ਸੀ। ਮਨੁੱਖ ਦੁਆਰਾ ਬਣਾਇਆ ਇਹ ਦੁਨੀਆਂ ਦਾ ਪਹਿਲਾ ਸਪੇਸ ਕਰਾਫ਼ਟ ਸੀ ਜਿਹੜਾ ਚੰਦਰਮਾ ਦੀ ਧਰਤੀ ਤੇ ਪਹੁੰਚਿਆ। ਲੂਨਾ-2 ਰਾਹੀਂ ਵੀ ਚੰਦਰਮਾ ਦੁਆਲੇ ਕਿਸੇ ਕਿਸਮ ਦੀ ਰੇਡੀਏਸ਼ਨ ਤੇ ਚੁੰਬਕੀ ਖੇਤਰ ਹੋਣ ਦਾ ਅੰਦਾਜ਼ਾ ਲੱਗਿਆ। ਪੁਲਾੜੀ ਵਾਹਣ ਛੱਡਣ ਦੀ ਇਸ ਲੜੀ ਤਹਿਤ ਸੋਵੀਅਤ ਸੰਘ ਨੇ ਲੂਨਾ-24 ਤੱਕ ਪੁਲਾੜੀ ਵਾਹਣ ਚੰਦਰਮਾ ਵੱਲ ਭੇਜੇ। ਲੂਨਾ-20 ਅਤੇ ਲੂਨਾ-24 ਸਫ਼ਲਤਾ ਪੂਰਵਕ ਚੰਦਰਮਾ ਦੀ ਸਤਾਹ ਤੇ ਉਤਰੇ ਅਤੇ ਚੰਦਰਮਾ ਦੀ ਸਤਾਹ ਦੇ ਕੁਝ ਨਮੂਨੇ ਲੈ ਕੇ ਉਥੋਂ ਵਾਪਸ ਧਰਤੀ ਤੇ ਪਹੁੰਚੇ।

ਇਸੇ ਕੜੀ ਤਹਿਤ ਸੰਯੁਕਤ ਰਾਜ ਅਮਰੀਕਾ ਦੀਆਂ ਕੋਸ਼ਿਸ਼ਾਂ ਵੀ ਜਾਰੀ ਰਹੀਆਂ। ਆਖ਼ਿਰ ਸੰਯੁਕਤ ਰਾਜ ਅਮਰੀਕਾ ਵੱਲੋਂ ਚੰਦਰਮਾ ਦੀ ਧਰਤੀ ਤੇ ਉਤਾਰਣ ਲਈ ਅਪੋਲੋ 11 ਨਾਮਕ ਪੁਲਾੜ ਵਾਹਣ ਪੁਲਾੜ ਵਿਚ ਛੱਡਿਆ ਗਿਆ। ਇਸ ਵਾਹਣ ਵਿਚ ਤਿੰਨ ਪੁਲਾੜ ਯਾਤਰੀ ਸਨ। ਚੰਦਰਮਾ ਦੀ ਸਤਾਹ ਤੇ ਪਹਿਲਾ ਪੈਰ ਧਰਨ ਵਾਲਾ ਨੀਲ ਆਰਮਸਟ੍ਰਾਂਗ ਇਸੇ ਵਾਹਣ ਵਿਚ ਸਵਾਰ ਸੀ। ਇਹ ਵਾਹਣ 20 ਜੁਲਾਈ 1969 ਨੂੰ ਚੰਦਰਮਾ ਦੀ ਸਤਾਹ ਤੇ ਉਤਰਿਆ। ਇਹ ਇੱਕ ਵੱਡੀ ਸਫ਼ਲਤਾ ਸੀ। ਇਸ ਉਪਰੰਤ ਅਮਰੀਕਾ ਨੇ 6 ਹੋਰ ਮਾਨਵ ਰਹਿਤ ਤੇ ਮਾਨਵ ਸਹਿਤ ਪੁਲਾੜ ਵਾਹਣ ਚੰਦਰਮਾ ਦੀ ਧਰਤੀ ਤੇ ਉਤਾਰੇ। ਚੰਦਰਮਾ ਤੇ ਪਹੁੰਚਣ ਦੀ ਇਸ ਦੌੜ ਵਿਚ ਚੀਨ, ਜਪਾਨ, ਇਜ਼ਰਾਈਲ ਤੇ ਭਾਰਤ ਸਮੇਤ ਕਈ ਹੋਰ ਮੁਲਕਾਂ ਨੇ ਵੀ ਪੁਲਾੜੀ ਵਾਹਣ ਚੰਦਰਮਾ ਵੱਲ ਭੇਜੇ। ਕੁਝ ਸਫ਼ਲ ਵੀ ਹੋਏ। ਬਹੁਤ ਸਾਰੇ ਮਿਸ਼ਨ ਅਸਫ਼ਲ ਵੀ ਹੋਏ ਪਰ ਚੰਦ ਤੇ ਪਹੁੰਚਣ ਦੀ ਚਾਹ ਅੱਜ ਵੀ ਮਨੁੱਖੀ ਮਨ ਵਿਚ ਬਰਕਰਾਰ ਹੈ।

98762-24461

ਜੀਵਨ ਕਲਾ

ਡਾ. ਤ੍ਰਿਲੋਕ ਚੰਦ ਤੁਲਸੀ

'ਜੀਵਨ ਕਲਾ' ਕੀ ਹੈ ? ਕੀ ਕੋਈ ਐਸੀ ਕਲਾ ਹੈ ਵੀ ? ਜੇ ਹੈ ਤਾਂ ਕੀ ਹੈ ? ਇਸਦੇ ਲੱਛਣ ਕੀ ਹਨ ? ਕਿਵੇਂ ਪਤਾ ਚੱਲੇ ਕਿ ਕਿਸੇ ਬੰਦੇ ਦਾ ਜੀਵਨ ਕਲਾਤਮਕ ਹੈ ਜਾਂ ਨਹੀਂ ?

ਸਪਸ਼ਟ ਹੈ ਕਿ ਇਸ ਸਵਾਲ ਦੇ ਜਵਾਬ ਸਾਰੇ ਆਪੋ ਆਪਣੇ ਢੰਗ ਨਾਲ ਦੇਣਗੇ। ਜੇ ਤੁਸੀਂ ਕਿਸੇ ਆਦਰਸ਼-ਵਿਸ਼ੇਸ਼ ਵਿੱਚ ਗਹਿਰੀ ਆਸਥਾ ਰੱਖਦੇ ਹੋ ਤਾਂ ਉਸ ਆਦਰਸ਼ ਨੂੰ ਹੀ ਕਲਾਤਮਕ ਜੀਵਨ ਦੀ ਕਸੌਟੀ ਬਣਾਓਗੇ ਅਤੇ ਕੁੱਝ ਇਸ ਤਰ੍ਹਾਂ ਦੇ ਜੁਆਬ ਦੇਵੋਗੇ : ਜੀਵਨ ਕਲਾ ਦਾ ਅਰਥ ਹੈ ਦੇਸ਼-ਪ੍ਰੇਮ, ਸਮਾਜ-ਸੇਵਾ, ਅਹਿੰਸਾ, ਦਯਾ, ਪ੍ਰਭੂ-ਭਗਤੀ ਆਦਿ। ਐਸੇ ਆਦਰਸ਼-ਆਧਾਰਿਤ ਜੀਵਨ ਨੂੰ 'ਆਦਰਸ਼-ਜੀਵਨ' ਕਹਿਣਾ ਜਿਆਦਾ ਤਰਕ-ਸੰਗਤ ਹੋਵੇਗਾ।

ਕਲਾ ਦਾ ਸੰਬੰਧ ਮੂਲ ਰੂਪ ਵਿੱਚ ਸੁੰਦਰਤਾ ਨਾਲ ਹੈ। ਇਸ ਲਈ ਕਹਿ ਸਕਦੇ ਹਾਂ ਕਿ ਜੀਵਨ-ਕਲਾ ਦਾ ਸੰਬੰਧ ਕਾਰਜ ਨਾਲ ਨਹੀਂ, ਜਿੰਨਾਂ ਕਾਰਜ-ਸ਼ੈਲੀ ਨਾਲ ਹੈ। ਤੁਸੀਂ ਕੋਈ ਵੀ ਕੰਮ ਕਰੋ, ਕਿਸੇ ਵੀ ਆਦਰਸ਼ ਨੂੰ ਮੰਨੋ (ਜਾਂ ਨਾ ਮੰਨੋ) ਜੇ ਤੁਹਾਡੀ ਜੀਵਨ-ਸ਼ੈਲੀ ਸੁੰਦਰ ਹੈ, ਤਾਂ ਤੁਹਾਡਾ ਜੀਵਨ ਕਲਾਤਮਕ ਹੈ। ਤੁਹਾਡੀ ਤੋਰ ਕਿਹੋ ਜਿਹੀ ਹੈ, ਸੁੰਦਰ ਜਾਂ ਕੋਝੀ, ਇਸਦਾ ਸੰਬੰਧ ਇਸ ਗੱਲ ਨਾਲ ਨਹੀਂ ਕਿ ਤੁਸੀਂ ਕਿੱਥੇ ਜਾ ਰਹੇ ਹੋ, ਬਲਕਿ ਇਸ ਨਾਲ ਹੈ ਕਿ ਤੁਸੀਂ ਕਿਵੇਂ ਤੁਰ ਰਹੇ ਹੋ।

ਸੁੰਦਰ ਤੋਰ ਦਾ ਅਰਥ ਹੈ ਬਿਨਾਂ ਲੜਖੜਾ ਕੇ ਤੁਰਨਾ, ਸਹਿਜ ਲੈਅਬੱਧ ਗਤੀ ਨਾਲ ਤੁਰਨਾ, ਦਿਲਖਿੱਚਵੇਂ ਤਵਾਜ਼ਨ ਨਾਲ ਤੁਰਨਾ। ਇਸ ਤਰਾਂ ਸੁੰਦਰ ਜੀਵਨ-ਸ਼ੈਲੀ ਦਾ ਅਰਥ ਹੈ ਬਿਨਾਂ ਦੁਬਿਧਾਵਾਂ ਵਿੱਚ ਡੋਲਦਿਆਂ ਜਾਂ ਡਗਮਗਾਉਂਦਿਆਂ ਜੀਣਾ, ਇੱਕ ਸਹਿਜ ਵੇਗ ਭਰਿਆ ਸੰਤੁਲਿਨ ਜੀਵਨ ਜੀਣਾ।

ਸੰਸਾਰ ਵਿੱਚ ਰਹਾਂਗੇ ਤਾਂ ਸਮੱਸਿਆਵਾਂ ਵੀ ਹੋਣਗੀਆਂ। ਜੀਵਨ-ਕਲਾ ਦਾ ਅਰਥ ਹੈ : ਸਮੱਸਿਆਵਾਂ ਨੂੰ ਸੁਲਝਾਉਂਦੇ ਹੋਏ, ਉਨਾਂ ਵਿੱਚ ਬਿਨਾਂ ਉਲਝਦਿਆਂ, ਜੀਣਾ। ਜੇ ਅਸੀਂ ਖੁਦ ਉੱਲ਼ਝ ਜਾਵਾਂਗੇ ਤਾਂ ਤਣਾਓ ਅਤੇ ਅੰਤਰ ਦਵੰਦ ਵਿੱਚ ਰਹਾਂਗੇ ਅਤੇ ਸਮੱਸਿਆਵਾਂ ਵੀ ਸੁਲਝ ਨਹੀਂ ਸਕਣਗੀਆਂ ਅਤੇ ਕਈ ਤਰ੍ਹਾਂ ਦੀਆਂ ਨਕਾਰਾਤਮਕ ਭਾਵਨਾਵਾਂ ਦਾ ਸ਼ਿਕਾਰ ਵੀ ਹੋ ਜਾਵਾਂਗੇ। ਕੰਮ ਛੋਟਾ ਹੋਵੇ ਜਾਂ ਵੱਡਾ, ਉਸਨੂੰ ਅਨੰਦਮਈ ਇਕਾਗਰਤਾ ਨਾਲ ਕਰਦੇ ਹੋਏ ਜੀਣਾ ਅਤੇ ਅਨੰਦ ਪੂਰਬਕ ਜੀਣਾ।

ਅਸਲ ਵਿੱਚ, ਇਹ ਰਸਪੂਰਣ ਇਕਾਗਰਤਾ, ਇਹ ਆਨੰਦ, ਹੀ ਕਲਾਤਮਕ ਜੀਵਨ ਦਾ ਸਭ ਤੋਂ ਪ੍ਰਮੁੱਖ ਲੱਛਣ ਹੈ। ਅਸੀਂ ਉਹੀ ਕੰਮ ਰਸਪੂਰਣ ਇਕਾਗਰਤਾ ਨਾਲ ਕਰ ਸਕਦੇ ਹਾਂ, ਜਿਸਨੂੰ ਅਸੀਂ ਸੱਚਮੁੱਚ ਕਰਨਾ ਚਾਹੁੰਦੇ ਹੋਈਏ। ਇਸ ਲਈ ਕਲਾਤਮਕ ਜੀਵਨ ਉਹੀ ਜੀ ਸਕੇਗਾ ਜੋ ਆਪਣੇ ਲਈ ਐਸਾ ਕਾਰਜ ਖੇਤਰ ਚੁਣੇ, ਜਿਸ ਵਿੱਚ ਉਸਦੀ ਸੁਭਾਵਿਕ ਰੁਚੀ ਹੋਵੇ।

ਪਰ ਇਸਦਾ ਅਰਥ ਇਹ ਨਹੀਂ ਕਿ ਜੋ ਬੰਦਾ ਆਪਣੇ ਲਈ ਮਨਪਸੰਦ ਕੰਮ ਚੁਣ ਲੈਂਦਾ ਹੈ, ਇਸ ਖੇਤਰ ਵਿੱਚ ਆਪਣਾ ਕੰਮ ਰਸਪੂਰਣ ਇਕਾਗਰਤਾ ਨਾਲ ਕਰਦਾ ਹੈ, ਉਹ ਦੁਖੀ ਹੋਵੇਗਾ ਹੀ ਨਹੀਂ। ਉਦਾਹਰਣ ਵਜੋਂ, ਕਲਾਕਾਰਾਂ ਤੇ ਖਿਡਾਰੀਆਂ ਨੂੰ ਦੇਖਿਆ ਜਾ ਸਕਦਾ ਹੈ। ਆਪਣਾ ਰਚਨਾਤਮਕ ਕਾਰਜ ਕਰਦਿਆਂ ਤਾਂ ਉਹ ਆਨੰਦ ਵਿਭੋਰ ਹੋ ਜਾਂਦੇ ਹਨ, ਪਰ ਸਫਲਤਾ ਤੇ ਪ੍ਰਸਿੱਧੀ ਨਾਲ ਉਹ ਦੰਭੀ ਵੀ ਬਣ ਜਾਂਦੇ ਹਨ ਅਤੇ ਈਰਖਾ, ਦਵੈਖ, ਸੰਕੀਰਣਤਾ, ਆਦਿ ਨਾਂਹਮੁਖੀ ਭਾਵਾਂ ਦਾ ਮੁਜ਼ਾਹਰਾ ਕਰਦੇ ਹਨ। ਸਪਸ਼ਟ ਹੈ ਕਿ ਐਸੇ ਬੰਦਿਆਂ ਦਾ ਜੀਵਨ ਇਕਹਿਰਾ ਹੈ, ਖੰਡਿਤ ਹੈ। ਕਲਾਤਮਕ ਜੀਵਨ ਦਾ ਸਿਰਫ ਇੱਕਪੱਖ ਹੀ ਨਹੀਂ, ਕਈ ਪੱਖ ਸੁੰਦਰ ਹੁੰਦੇ ਹਨ। ਜੀਵਨ-ਕਲਾ ਦਾ ਅਰਥ ਹੈः ਕੇਵਲ ਮੁੱਖ ਕਾਰਜ ਹੀ ਨਹੀਂ, ਸਾਰੇ ਕੰਮਾਂ ਨੂੰ ਰਸਪੂਰਣ ਇਕਾਗਰਤਾ ਨਾਲ ਕਰਨਾ - ਜੋ ਵੀ ਕਰਨਾ, ਉਸ ਵਿੱਚ ਰਸ ਲੈਣਾ ਅਤੇ ਖੁਸ਼ ਰਹਿਣਾ।

ਮੈਂ ਜਦੋਂ ਜਿਸ ਭਾਵ-ਦਸ਼ਾ ਵਿੱਚ ਰਹਿੰਦਾ ਹਾਂ, ਉਹ ਭਾਵ ਮੇਰੇ ਤੱਕ ਹੀ ਸੀਮਤ ਨਹੀਂ ਰਹਿੰਦਾ, ਉਸਦੀ ਗੰਧ ਚਾਰੋਂ ਪਾਸੇ ਖਿਲਰਦੀ ਹੈ। ਜੇ ਮੈਂ ਕ੍ਰੋਧ ਵਿੱਚ ਹਾਂ ਤਾਂ ਮੇਰੇ ਇਰਦ-ਗਿਰਦ ਵੀ ਹਿੰਸਾ ਅਤੇ ਘ੍ਰਿਣਾ ਦੀ ਗਰਮੀ ਫੈਲਦੀ ਹੈ, ਜੇ ਮੈਂ ਦੁਖੀ ਹਾਂ ਤਾਂ ਮੇਰੇ ਸੰਪਰਕ ਵਿੱਚ ਆਉਣ ਵਾਲੇ ਵੀ ਉਦਾਸ ਹੋ ਜਾਂਦੇ ਹਨ; ਜੇ ਮੈਂ ਖੁਸ਼ ਹਾਂ ਤਾਂ ਮੇਰੀ ਮੁਸਕਾਨ ਆਲੇ ਦੁਆਲੇ ਨੂੰ ਰੁਸ਼ਨਾ ਦਿੰਦੀ ਹੈ। ਇਸ ਲਈ ਕਲਾਤਮਕ ਜੀਵਨ ਖ਼ੁਦ ਵੀ ਸਹਿਜ ਪ੍ਰਫੁੱਲਤਾ ਨਾਲ ਭਰਿਆ ਰਹਿੰਦਾ ਹੈ ਅਤੇ ਆਪਣੇ ਵਾਤਾਵਰਣ ਨੂੰ ਵੀ ਸਹਿਜ ਹੁਲਾਸ ਨਾਲ ਭਰ ਦਿੰਦਾ ਹੈ-ਜੋ ਵੀ ਉਸਦੇ ਸੰਪਰਕ ਵਿੱਚ ਆਉਂਦਾ ਹੈ, ਉਹ ਖਿੜ ਉੱਠਦਾ ਹੈ, ਜਿਵੇਂ ਸੁੰਦਰ ਕਲਾਕ੍ਰਿਤੀ ਨੂੰ ਦੇਖ ਕੇ ਸੁਹਿਰਦ ਦਰਸ਼ਕ ਦਾ ਮਨ ਖਿੜਦਾ ਹੈ।

ਪਰ ਅੱਜ ਦੇ ਸੱਭਿਆ ਜੀਵਨ ਵਿੱਚ ਇਹ ਸਹਿਜ ਹੁਲਾਸ ਲਗਭਗ ਮੁੱਕ ਗਿਆ ਹੈ। ਕੁਦਰਤੀ ਦੀ ਗੋਦ ਵਿੱਚ ਰਹਿਣ ਵਾਲੇ ਨੱਚਦੇ-ਗਾਉਂਦੇ ਆਦਮ ਕਬੀਲਿਆਂ ਨੂੰ ਦੇਖੋ, ਵਣਾਂ ਵਿੱਚ ਚੁੰਘੀਆਂ ਭਰਦੇ ਹਿਰਣਾਂ ਨੂੰ ਦੇਖੋ, ਅੰਬ ਦੀ ਟਹਿਣੀ

ਤੇ ਕੂਕਦੇ ਕੋਇਲ ਨੂੰ ਸੁਣੋ ਜਾਂ ਆਪਣੇ ਹੀ ਘਰ ਵਿੱਚ ਕਿਲਕਾਰੀਆਂ ਮਾਰਦੇ, ਖੇਡਦੇ ਕੁੱਦਦੇ ਬੱਚਿਆਂ ਨੂੰ ਦੇਖੋ- ਸਾਰਿਆ ਵਿੱਚ ਜੀਵਨ ਦਾ ਸਹਿਜ ਹੁਲਾਸ ਦਿਖਾਈ ਦਿੰਦਾ ਹੈ ਪਰ ਅੱਜ ਦੇ ਜੀਵਨ ਵਿੱਚ ਉਹ ਹੁਲਾਸ ਦਿਖਾਈ ਨਹੀਂ ਦਿੰਦਾ।

ਸੱਭਿਅਤਾ ਅਤੇ ਉਸਦੀਆਂ ਸੁੱਖ-ਸਹੂਲਤਾਂ ਨੂੰ ਕੋਸਣ ਨਾਲ ਕੰਮ ਨਹੀਂ ਚੱਲਦਾ- ਅਸੀਂ ਜੰਗਲ ਵਿੱਚ ਵਾਪਸ ਨਹੀਂ ਜਾ ਸਕਦੇ, ਕਿਸੇ ਟਾਰਜਨ ਦੀ ਤਰ੍ਹਾਂ ਰੁੱਖਾਂ ਤੇ ਛਾਲਾਂ ਨਹੀਂ ਮਾਰ ਸਕਦੇ। ਸੱਭਿਅਤਾ ਦੇ ਵਿਕਾਸ ਨਾਲ ਜੋ ਹੋਇਆ ਹੈ, ਉਸਨੂੰ ਨਿਰਪੱਖ ਭਾਵ ਨਾਲ ਦੇਖਣਾ ਸਮਝਣਾ ਹੈ, ਤਾਂ ਹੀ ਅਸੀਂ ਇਹ ਦੇਖ ਸਕਾਂਗੇ ਕਿ ਇਸ ਪ੍ਰਕ੍ਰਿਆ ਵਿੱਚੋਂ ਗੁਜ਼ਰਦਿਆਂ, ਦੁੱਖ ਅਤੇ ਦੁਬਿੱਧਾ ਦਾ ਜੋ ਰੋਗ ਅਸੀਂ ਲਾ ਲਿਆ ਹੈ, ਕੀ ਉਹ ਜਰੂਰੀ ਹੈ ਜਾਂ ਉਸ ਤੋਂ ਮੁਕਤ ਹੋਣਾ ਸੰਭਵ ਹੈ ?

ਪਸ਼ੂ ਨੂੰ ਸੌ ਕਸ਼ਟ ਹਨ, ਪਰ ਉਹ ਦੁਖੀ ਨਹੀਂ, ਮਨੁੱਖ ਕੋਲ ਸੌ ਸਹੂਲਤਾਂ ਹਨ, ਪਰ ਉਹ ਦੁਖੀ ਹੈ। ਕਿਉਂ ? ਪਹਿਲਾਂ ਇਹ ਸਮਝੀਏ।

ਪਸ਼ੂ ਜਿਸ ਸੰਸਾਰ ਵਿੱਚ ਰਹਿੰਦਾ ਹੈ, ਉਸ ਵਿੱਚ ਬਚੇ ਰਹਿਣਾ, ਜੀਂਦੇ ਰਹਿਣਾ ਹੀ ਉਸ ਲਈ ਸਭ ਤੋਂ ਵੱਡਾ ਕੰਮ ਹੈ- ਉਹ ਖੁਰਾਕ ਲੱਭਦਾ ਹੈ ਤਾਂ ਕਿ ਢਿੱਡ ਭਰ ਸਕੇ, ਉਹ ਦੁਸ਼ਮਣ ਨਾਲ ਲੜਦਾ ਹੈ ਜਾਂ ਭੱਜਦਾ ਹੈ ਤਾਂ ਕਿ ਬਚਿਆ ਰਹਿ ਸਕੇ। ਉਸ ਅੱਗੇ ਵਿਹਾਰ ਕਰਨ ਦਾ ਇੱਕੋ ਢੰਗ ਹੈ। ਉਸ ਦੀਆਂ ਗਿਆਨ-ਇੰਦਰੀਆਂ ਉਸਨੂੰ ਜੋ ਸੂਚਨਾਵਾਂ ਦਿੰਦੀਆਂ ਹਨ, ਉਨਾਂ ਬਾਰੇ ਉਸਦਾ ਫੌਰੀ ਪ੍ਰਤੀ ਉੱਤਰ ਹੁੰਦਾ ਹੈ। ਇਹ ਗਿਆਨ- ਇੰਦਰੀਆਂ ਉਸਨੂੰ ਅੱਗੇ ਜਾ ਕੇ ਕੀ ਸੂਚਨਾਵਾਂ ਦੇਣਗੀਆਂ, ਭਵਿੱਖ ਵਿੱਚ ਕੀ ਹੋਵੇਗਾ, ਇਹ ਕਲਪਨਾ ਕਰਨ ਦੀ ਸਮਰੱਥਾ ਉਸ ਵਿੱਚ ਨਹੀਂ ਹੈ। ਮਨੁੱਖ ਵਿੱਚ ਹੈ ਅਤੇ ਉਸਦੀ ਇਹ ਕਲਪਨਾ-ਸ਼ਕਤੀ, ਭਵਿੱਖ ਨੂੰ ਵਰਤਮਾਨ ਵਿੱਚ ਦੇਖਣ ਦੀ ਸਮਰੱਥਾ, ਉਸਦੀ ਸੱਭਿਅਤਾ ਦਾ ਆਧਾਰ ਹੈ।

ਪਸ਼ੂ ਦੇ ਅੱਗੇ ਜੋ ਸਥਿਤੀ ਆਉਂਦੀ ਹੈ, ਉਸਦਾ ਉਹ ਸਾਹਮਣਾ ਕਰਦਾ ਹੈ, ਜਿਹੋ ਜਿਹਾ ਮੌਕਾ ਹੁੰਦਾ ਹੈ, ਉਹੋ ਜਿਹਾ, ਉਸਦਾ ਤੁਰੰਤ ਪੈੜਾ ਪ੍ਰਤੀਕਰਮ ਹੁੰਦਾ ਹੈ। ਇਸ ਲਈ ਪਸ਼ੂ ਅੱਗੇ ਖਤਰੇ ਤਾਂ ਆਉਂਦੇ ਹਨ, ਪਰ ਉਸਦੇ ਜੀਵਨ ਵਿੱਚ ਦੁੱਖ ਅਤੇ ਨਿਰਾਸ਼ਾ ਦੇ, ਦਬਾਓ ਅਤੇ ਤਣਾਓ ਦੇ ਉਹ ਪਲ ਨਹੀਂ ਆਉਂਦੇ, ਜਿਹੜੇ ਮਨੁੱਖ ਨੂੰ ਭੋਗਣੇ ਪੈਂਦੇ ਹਨ।

ਮਨੁੱਖ ਦੀ ਹਾਲਤ ਇਸ ਤੋਂ ਵੱਖਰੀ ਹੈ। ਉਹ ਕੇਵਲ ਉਸੇ ਸਥਿਤੀ ਦਾ ਸਾਹਮਣਾ ਨਹੀਂ ਕਰਦਾ, ਜੋ ਉਸਦੇ ਸਾਹਮਣੇ ਅਸਲ ਵਿੱਚ ਹੁੰਦੀ ਹੈ। ਉਹ ਉਨਾਂ ਸਥਿਤੀਆਂ ਦਾ ਵੀ ਸਾਹਮਣਾ ਕਰਦਾ ਜੋ 'ਆ' ਸਕਦੀਆਂ ਹਨ, ਜਿੰਨਾਂ ਦੀ ਉਹ ਕਲਪਨਾ ਕਰ ਸਕਦਾ ਹੈ। ਉਹ ਨਹੀਂ ਚਾਹੁੰਦਾ ਕਿ ਚਾਹੇ ਜੋ ਵੀ ਸਥਿਤੀ ਹੋਵੇ, ਉਹ ਉਵੇਂ ਉਸ ਦੇ ਸਾਹਮਣੇ ਆਵੇ। ਆਉਣ ਵਾਲੀ ਸਥਿਤੀ ਨੂੰ ਉਹ ਖੁਦ ਵਿਉਤਣਾਂ ਚਾਹੁੰਦਾ ਹੈ, ਭਵਿੱਖ ਨੂੰ ਉਹ ਮਨਚਾਹਿਆ ਰੂਪ ਦੇਣਾ ਚਾਹੁੰਦਾ ਹੈ। ਕੱਲ ਕੀ ਹੋਵੇਗਾ, ਕੀ ਹੋ ਸਕਦਾ ਹੈ, ਕੀ ਹੋਣਾ ਚਾਹੀਦਾ ਹੈ, ਇਸ ਬਾਰੇ ਉਹ ਸੋਚਦਾ ਹੈ। ਉਸਦੀ ਇਹੀ ਸੋਚ, ਉਸ ਦੇ ਗਿਆਨ ਅਤੇ ਵਿਗਿਆਨ ਦੀ, ਉਸਦੀ ਸਭਿਅਤਾ ਅਤੇ ਸੱਭਿਆਚਾਰ ਦੀ, ਉਸਦੀ ਕਲਾ ਦੀ ਨੀਂਹ ਹੈ। ਪਰ ਇਹੀ ਸੋਚ ਉਸਦੇ ਫਿਕਰ, ਉਸਦੇ ਦੁੱਖ ਅਤੇ ਨਿਰਾਸ਼ਾ ਦਾ, ਉਸਦੇ ਮਾਨਸਿਕ ਦਬਾਓ ਅਤੇ ਤਣਾਓ ਦਾ ਕਾਰਣ ਵੀ ਬਣਦੀ ਹੈ। ਭਵਿੱਖ ਦੀ ਚਿੰਤਾ ਨੇ ਉਸਨੂੰ ਕੁਦਰਤ ਤੇ ਕਾਬੂ ਪਾਉਣਾ ਸਿਖਾਇਆ ਹੈ, ਉਸਦੇ ਜੀਵਨ ਨੂੰ ਸੁਰੱਖਿਅਤ ਬਣਾਇਆ ਹੈ, ਪਰ ਨਾਲ ਉਸਨੂੰ ਆਪਣੀ ਅਸੁਰੱਖਿਆ ਦਾ ਅਹਿਸਾਸ ਵੀ ਕਰਾਇਆ ਹੈ।

ਸੱਭਿਆ ਜੀਵਨ ਦਾ ਇਹ ਅਜੀਬ ਵਿਰੋਧਾਭਾਸ ਹੈ। ਮਨੁੱਖ ਨੂੰ ਜਿਆਦਾ ਤੋਂ ਜਿਆਦਾ ਸੁਰੱਖਿਆ ਮਿਲਦੀ ਜਾਂਦੀ ਹੈ, ਪਰ ਨਾਲ ਉਹ ਮਾਨਸਿਕ ਅਸੁਰੱਖਿਆ ਦਾ ਸ਼ਿਕਾਰ ਵੀ ਬਣਦਾ ਜਾਂਦਾ ਹੈ। ਮਾਨਸਿਕ ਅਸੁਰੱਖਿਆ ਦੇ ਇਸ ਅਹਿਸਾਸ ਕਾਰਣ ਮਨ ਵਿੱਚ ਭੈਅ, ਸ਼ੰਕਾ, ਚਿੰਤਾ ਆਦਿ ਦੀਆਂ ਭਾਵਨਾਵਾਂ ਉੱਠਦੀਆਂ ਹਨ। ਲੋਕ ਇੱਕ ਦੂਜੇ ਤੋਂ ਡਰਦੇ ਹਨ, ਰਾਸ਼ਟਰ ਇੱਕ ਦੂਜੇ ਤੇ ਸ਼ੱਕ ਕਰਦੇ ਹਨ। ਇਸ ਤਰ੍ਹਾਂ ਲੜਾਈ ਝਗੜੇ ਭੜਕਦੇ ਹਨ ਅਤੇ ਜੀਵਨ ਹੋਰ ਅਸਰੁੱਖਿਅਤ ਹੋ ਜਾਂਦਾ ਹੈ- ਸੁਰੱਖਿਆ ਦੀ ਚਿੰਤਾ ਸੁਰੱਖਿਆ ਲਈ ਖਤਰਾ ਬਣ ਜਾਂਦੀ ਹੈ ।


ਜੀਵਨ ਕਲਾ ਦਾ ਅਰਥ ਹੈ ਕਿ ਇਸ ਗੱਲ ਨੂੰ ਸਾਫ ਸਾਫ ਦੇਖਿਆ ਜਾਵੇ ਕਿ ਪੂਰੀ ਸੁਰੱਖਿਆ ਕਿਸੇ ਨੂੰ ਮਿਲ ਹੀ ਨਹੀਂ ਸਕਦੀ, ਇਸ ਲਈ ਇਸਦੀ ਜਿਆਦਾ ਚਿੰਤਾ ਕਰਨੀ ਬੇਲੋੜੀ ਹੈ, ਖਤਰਨਾਕ ਵੀ। ਅਸੀਂ ਇਹੀ ਕਰ ਸਕਦੇ ਹਾਂ ਕਿ ਅਸੀਂ ਆਲੇ ਦੁਆਲੇ ਬਾਰੇ ਸਾਵਧਾਨ ਰਹੀਏ, ਚੌਕਸ ਰਹੀਏ। ਜੋ ਵੀ ਹਾਲਾਤ ਹੋਣ, ਉਨਾਂ ਦਾ ਸਾਹਮਣਾ ਕਰਨ ਲਈ ਅਸੀਂ ਤਿਆਰ ਰਹੀਏ। ਮਾਨਸਿਕ ਅਸੁਰੱਖਿਆ ਦੀ ਭਾਵਨਾ ਸਾਨੂੰ ਬੇਚੈਨ ਕਰਦੀ ਹੈ, ਜਿਸ ਕਰਕੇ ਬਾਹਰੀ ਹਾਲਾਤ ਨੂੰ ਅਸੀਂ ਠੀਕ ਠੀਕ ਸਮਝ ਨਹੀਂ ਸਕਦੇ, ਇਸ ਲਈ ਖਤਰਾ ਸਾਹਮਣੇ ਆਉਂਦਿਆਂ ਅਸੀਂ ਸਹੀ ਢੰਗ ਨਾਲ ਉਸਦਾ ਸਾਹਮਣਾ ਨਹੀਂ ਕਰ ਸਕਦੇ।

ਅਸੀਂ ਕਹਿ ਸਕਦੇ ਹਾਂ ਕਿ ਬੰਦੇ ਦੀ ਕਲਪਨਾ- ਸ਼ਕਤੀ ਦੋ ਧਾਰੀ ਤਲਵਾਰ ਹੈ। ਇਹ ਬਾਹਰੀ ਸਮੱਸਿਆਵਾਂ ਨੂੰ ਵੀ ਕੱਟਦੀ ਹੈ ਅਤੇ ਅੰਦਰਲੀ ਸ਼ਾਂਤੀ ਅਤੇ ਹੁਲਾਸ ਨੂੰ ਚੀਰਦੀ ਹੈ। ਜਦੋਂ ਬੰਦਾ ਇਸਦੀ ਵਰਤੋਂ ਭੌਤਿਕ ਜਗਤ ਦੀਆਂ

...ਬਾਕੀ ਪੰਨਾ 37 'ਤੇ

ਤਰਕਸ਼ੀਲਤਾ ਅਤੇ ਜੀਵਨ - 6

ਤਰਕਸ਼ੀਲਤਾ ਦੇ ਵਿਕਾਸ ਦਾ ਅੜਿੱਕਾ : ਰਾਜਸੱਤਾ



ਸ਼ਿਆਮ ਸੁੰਦਰ ਦੀਪਤੀ

ਤਰਕਸ਼ੀਲਤਾ ਦਾ ਪਹਿਲਾ ਗੁਣ ਹੈ - ਸਵਾਲ ਖੜ੍ਹੇ ਹੋਣਾ। ਇਹ ਮਨੁੱਖੀ ਸਰੀਰ ਦੀ ਖਾਸੀਅਤ ਹੈ, ਉਸ ਦਾ ਅਹਿਮ ਹਿੱਸਾ। ਮਨੁੱਖ ਆਪਣੀ ਹੋਂਦ ਦੇ ਸਮੇਂ ਤੋਂ ਹੀ ਜਿਗਿਆਸੂ ਹੈ। ਸਵਾਲ ਹਰ ਸਖਸ਼ ਦੇ ਦਿਮਾਗ ਵਿੱਚ ਪੈਦਾ ਹੁੰਦੇ ਹਨ। ਇਹ ਗੱਲ ਹੋਰ ਹੈ ਕਿ ਉਹ ਅੱਗੋਂ ਉਹ ਸਵਾਲ ਕਿਸੇ ਅੱਗੇ ਰਖਦਾ ਹੈ ਜਾਂ ਨਹੀਂ। ਮਨੁੱਖੀ ਸਖ਼ਸ਼ੀਅਤ ਕੋਲ ਸ਼ਬਦ ਨੇ, ਜ਼ੁਬਾਨ ਹੈ, ਉਸ ਅੰਦਰ ਸਵਾਲ ਰੱਖਣ ਦੀ ਚਾਹ ਵੀ ਹੁੰਦੀ ਹੈ, ਪਰ ਹਾਲਾਤ ਕੁੱਝ ਅਜਿਹੇ ਬਣਾ ਦਿੱਤੇ ਜਾਂਦੇ ਹਨ ਕਿ ਸਵਾਲ ਰੱਖਣ ਦੀ ਹਿੰਮਤ ਨਹੀਂ ਪੈਂਦੀ ਤੇ ਉਹ ਸਵਾਲ ਉਸੇ ਤਰ੍ਹਾਂ ਅੰਦਰ ਪਏ ਹੀ ਗੁੰਮ ਹੋ ਜਾਂਦੇ ਹਨ ਤੇ ਨਤੀਜਨ ਮਨੁੱਖੀ ਸਖ਼ਸ਼ੀਅਤ ਦਾ ਵਿਕਾਸ ਵੀ ਹਨੇਰ੍ਹੇ ਕੋਨੇ ਵਿੱਚ ਜਾ ਪੈਂਦਾ ਹੈ।

ਸਵਾਲ ਖੜ੍ਹੇ ਕਰਨ ਦਾ ਮੌਕਾ ਮਿਲ ਜਾਵੇ ਤਾਂ ਅਗਲਾ ਪੜਾਅ ਹੈ ਸਵਾਲਾਂ ਦੇ ਜਵਾਬ ਲੈਣਾ ਜਾਂ ਲੱਭਣਾ। ਇਸ ਪੜਾਅ 'ਤੇ ਜਿਸ ਸਾਵਧਾਨੀ ਦੀ ਲੋੜ ਹੈ ਕਿ ਜਵਾਬ ਨੂੰ ਚਾਹੇ ਉਹ ਕਿਸੇ ਨੇ ਦਿੱਤਾ ਹੈ ਜਾਂ ਤੁਸੀਂ ਖ਼ੁਦ ਲੱਭਿਆ ਹੈ, ਉਸੇ ਤਰੀਕੇ ਨਾਲ ਹੂਬਹੂ ਨਾ ਮੰਨ ਲੈਣਾ। ਸਗੋਂ ਉਸ ਨੂੰ ਪਰਖਣਾ ਤੇ ਤਸੱਲੀ ਕਰਨ ਤੋਂ ਬਾਅਦ ਸਵੀਕਾਰ ਕਰਨਾ। ਇਸ ਸਭ ਦੇ ਬਾਵਜੂਦ ਭਵਿੱਖ ਵਿੱਚ ਵੀ ਕਦੇ ਉਸ ਜਵਾਬ 'ਤੇ ਕਿਸੇ ਤਰ੍ਹਾਂ ਦੀ ਸ਼ੰਕਾ ਹੋਵੇ ਤਾਂ ਉਸ ਨੂੰ ਮੁੜ ਤੋਂ ਵਿਚਾਰਨ ਤੇ ਉਸ ਨੂੰ ਬਦਲਣ ਦੀ ਗੁੰਜਾਇਸ਼ ਰੱਖਣਾ। ਮਤਲਬ ਕਿ ਕਿਸੇ ਤਰ੍ਹਾਂ ਵੀ ਅੱਖਾਂ ਮੀਚ ਕੇ, ਪਿਛਲੱਗੂ ਬਣ ਕੇ ਉਸ ਨੂੰ ਸਵੀਕਾਰ ਨਾ ਕਰਨਾ ਤੇ ਨਾ ਹੀ ਕੀਤੇ ਰੱਖਣਾ ਕਿ ਹੁਣ ਇੱਕ ਵਾਰੀ ਮੰਨ ਲਿਆ ਤਾਂ ਬਦਲਣ ਦੀ ਕੀ ਲੋੜ ਹੈ ਜਾਂ 'ਲੋਕ ਕੀ ਕਹਿਣਗੇ' ਦੇ ਸਵਾਲ ਨੂੰ ਕੋਈ ਥਾਂ ਨਾ ਦੇਣਾ।

ਮਾਰਕਸ ਦਾ ਆਪਣੇ ਮੁਤਾਬਕ, ਉਸਦਾ ਆਪਣਾ ਸਭ ਤੋਂ ਚਹੇਤਾ ਵਾਕ ਹੈ, 'ਹਰ ਗੱਲ 'ਤੇ ਸ਼ੱਕ ਕਰੋ।' ਇਹ ਪੰਜ ਅੱਖਰਾਂ ਦਾ ਵਾਕ ਆਪਣੇ ਆਪ ਵਿੱਚ ਕਈ ਸਮੱਸਿਆਵਾਂ ਦਾ ਬਹੁਤ ਹੀ ਕਾਰਗਰ ਹੱਲ ਹੈ। ਦਰਅਸਲ, ਸ਼ੱਕ ਕਰਨ ਵਾਲੀ ਗੱਲ ਬਹੁਤੀ ਵਾਰੀ ਨਕਾਰਾਤਮਕ ਪੱਖ ਤੋਂ ਵੀ ਪ੍ਰਚਾਰੀ ਜਾਂਦੀ ਹੈ। 'ਵਿਸ਼ਵਾਸ ਨਾਲ ਦੁਨੀਆਂ ਚਲਦੀ ਹੈ', ਆਮ ਤੌਰ 'ਤੇ ਇਹ ਵਾਕ ਵਰਤਿਆ ਜਾਂਦਾ ਹੈ। ਪਰ ਵਿਸ਼ਵਾਸ ਦੇ ਨਾਂ 'ਤੇ ਧੋਖੇ ਵੀ ਬਹੁਤ ਹੁੰਦੇ ਹਨ। ਅਸੀਂ ਤਾਂ ਵਿਸ਼ਵਾਸ ਤੋਂ ਅੱਗੇ ਅੰਧ-ਵਿਸ਼ਵਾਸੀ ਹੋ ਜਾਣ ਨੂੰ ਤਰਜੀਹ ਦਿੰਦੇ ਹਾਂ। 'ਤੈਨੂੰ ਆਪਣੇ ਗੁਰੂ ਜੀ 'ਤੇ ਵਿਸ਼ਵਾਸ ਨਹੀਂ', 'ਤੈਨੂੰ ਆਪਣੀ ਧਾਰਮਿਕ ਕਿਤਾਬ 'ਤੇ ਵਿਸ਼ਵਾਸ ਨਹੀਂ' ਵਗੈਰਾ ਕਹਿ ਕੇ ਸਾਡੀ ਮੰਸ਼ਾ, ਸਵਾਲ ਨੂੰ ਦਬਾਉਣ ਦੀ ਹੁੰਦੀ ਹੈ ਤੇ ਇਹ ਸੁਨੇਹਾ ਦੇਣ ਦੀ ਹੁੰਦੀ ਹੈ ਕਿ ਸਵਾਲ ਕਰਨਾ ਕੋਈ ਵਧੀਆ ਰਿਵਾਇਤ ਨਹੀਂ ਹੈ।

ਇਹ ਗੱਲ ਠੀਕ ਹੈ ਕਿ ਦੁਨੀਆਂ ਵਿਸ਼ਵਾਸ 'ਤੇ ਟਿਕੀ ਹੈ ਜਾਂ ਵਿਸ਼ਵਾਸ ਦੇ ਸਹਾਰੇ ਚਲਦੀ ਹੈ, ਪਰ ਵਿਸ਼ਵਾਸ ਪੈਦਾ ਕਰਨ ਦਾ ਪੈਮਾਨਾ ਕੀ ਹੈ? ਕਿਸੇ ਵੀ ਵਿਅਕਤੀ ਵਿੱਚ ਵਿਸ਼ਵਾਸ ਤਾਂ ਹੀ ਪੈਦਾ ਹੋਵੇਗਾ ਜਿਸ ਦਾ ਕਿਰਦਾਰ ਵਧੀਆ ਹੋਵੇ। ਜੋ ਵਿਅਕਤੀ ਤੁਹਾਡੇ ਹਰ ਸਵਾਲ ਦੀ ਪੂਰੀ ਨਵਿਰਤੀ ਕਰੇ। ਤੁਹਾਨੂੰ ਸ਼ੱਕ ਕਰਨ ਦਾ ਮੌਕਾ ਹੀ ਨਾ ਦੇਵੇ। ਜੇਕਰ ਸਵਾਲ ਦੇ ਜਵਾਬ 'ਤੇ ਕੋਈ ਕਿੰਤੂ ਹੁੰਦਾ ਹੈ, ਕੋਈ ਸ਼ੱਕ ਪੈਂਦਾ ਹੈ ਤਾਂ ਉਸ ਦਾ ਸਹੀ ਜਵਾਬ ਦੇਣ ਨਾਲ ਹੀ ਵਿਸ਼ਵਾਸ ਦੀ ਨੀਂਹ ਪੱਕੀ ਹੁੰਦੀ ਹੈ। ਜਦੋਂ ਕਿ ਸਵਾਲ ਖੜ੍ਹੇ ਕਰਨ ਵਾਲੇ ਨੂੰ, ਪੁੱਠੇ ਦਿਮਾਗ ਵਾਲਾ, ਉਲਟੀ ਬੁੱਧੀ ਕਹਿ ਕੇ ਵੱਖਰਾ ਕੀਤਾ ਜਾਂਦਾ ਹੈ ਤੇ ਮਜ਼ਾਕ ਉਡਾਇਆ ਜਾਂਦਾ ਹੈ। ਅਸੀਂ ਆਪਣੇ ਆਲੇ-ਦੁਆਲੇ ਨਜ਼ਰ ਮਾਰ ਸਕਦੇ ਹਾਂ ਕਿ ਘਰੇ ਮਾਂ-ਪਿਉ ਅਤੇ ਸਕੂਲ ਵਿੱਚ ਅਧਿਆਪਕ ਦੀ ਪ੍ਰਕ੍ਰਿਆ-ਪ੍ਰਤੀਕਰਮ ਇਹੀ ਹੁੰਦਾ ਹੈ ਕਿ ਬੱਚੇ ਸਵਾਲ ਨਾ ਕਰਨ।

ਇਸ ਪ੍ਰਕ੍ਰਿਆ ਨੂੰ ਸਮਝਦੇ-ਬੁੱਝਦੇ ਹੋਏ, ਕਈ ਅਦਾਰੇ ਆਪਣਾ ਚੰਗਾ ਯੋਗਦਾਨ ਪਾਉਂਦੇ ਹਨ ਤੇ ਕਈ ਨਕਾਰਾਤਮਕ ਰਵੱਈਆ ਅਪਨਾਉਂਦੇ ਹਨ। ਇਸ ਤਰ੍ਹਾਂ ਦਾ ਪਿਛਾਂਹ ਖਿੱਚੂ ਰਵੱਈਆ ਕਈ ਵਾਰੀ ਜਾਣ-ਬੁੱਝ ਕੇ, ਉਚੇਚੇ ਤੌਰ 'ਤੇ ਵਿਉਂਤਬੱਧ ਤਰੀਕੇ ਨਾਲ ਅਪਣਾਇਆ ਜਾਂਦਾ ਹੈ ਕਿ ਲੋਕਾਂ ਨੂੰ ਸਿਆਣਾ ਨਾ ਬਨਣ ਦਿੱਤਾ ਜਾਵੇ। ਉਹ ਸਵਾਲ ਹੀ ਨਾ ਕਰਨ ਤੇ ਹੁਕਮ ਚਲਾਉਣ ਵਾਲੀ ਜਮਾਤ ਆਪਣੀ ਮਨ-ਮਰਜ਼ੀ ਨਾਲ ਜੋ ਚਾਹੇ ਕਰੇ। ਇਹ ਹੁਕਮ ਚਲਾਉਣ ਵਾਲੀ ਜਮਾਤ ਵਿੱਚ ਪਿਉ ਵੀ ਹੁੰਦਾ ਹੈ, ਦੇਸ਼ ਦਾ ਰਾਜਾ (ਨੇਤਾ) ਵੀ ਅਤੇ ਧਾਰਮਿਕ ਸੰਸਥਾਵਾਂ ਵਿੱਚ ਬੈਠੇ ਪੁਜਾਰੀ, ਰੱਬ ਦੇ ਹੁਕਮ ਦੀ ਗੱਲ ਕਰਦੇ ਹਨ।

ਸੱਤਾ ਦਾ ਕੋਈ ਵੀ ਰੂਪ ਹੋਵੇ, ਤਾਨਾਸ਼ਾਹੀ, ਰਾਜਸ਼ਾਹੀ ਜਾਂ ਲੋਕਸ਼ਾਹੀ ਭਾਵ ਲੋਕ-ਤੰਤਰ, ਪਰ ਮਨ ਦੀ ਕਿਸੇ ਨੁਕਰੇ ਪਿਆ, ਸੱਤਾ ਦੇ ਨਸ਼ੇ ਵਿੱਚ ਆ ਕੇ ਕਿਸੇ ਦੀ ਗੱਲ ਨਾ

ਸੁਨਣਾ ਅਤੇ ਆਪਦੀ ਮਨ-ਮਰਜੀ ਕਰਨਾ, ਤਿੰਨਾਂ ਹੀ ਹਾਲਾਤਾਂ ਵਿੱਚ ਮੌਜੂਦ ਹੈ, ਇਹ ਗੱਲ ਵੱਖਰੀ ਹੈ ਕਿ ਉਸ ਦਾ ਅਨੁਪਾਤ ਅਤੇ ਰੂਪ ਵੱਖਰਾ ਹੁੰਦਾ ਹੈ। ਤਾਨਾਸ਼ਾਹ ਤਾਂ ਸਿੱਧਾ ਹੀ ਹੈ ਕਿ ਉਹ 'ਚੰਮ ਦੀਆਂ ਚਲਾਉਂਦਾ ਹੈ', ਕਿਸੇ ਦੀ ਵੀ ਨਹੀਂ ਸੁਣਦਾ। ਰਾਜਸ਼ਾਹੀ ਵਿੱਚ ਵਿਅਕਤੀਗਤ ਸ਼ਖ਼ਸ਼ੀਅਤ 'ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨੀ ਕੁ ਲੋਕਾਂ ਦੀ ਪ੍ਰਵਾਹ ਕਰਨ ਵਾਲੀ ਹੈ।ਅਸੀਂ ਇਤਿਹਾਸ ਵਿੱਚ ਦਿਆਲੂ ਅਤੇ ਜ਼ਾਲਿਮ ਰਾਜਿਆਂ ਦੀ ਵੱਖ-ਵੱਖ ਸੂਚੀ ਬਣਾ ਸਕਦੇ ਹਾਂ।

ਪਰ ਲੋਕਤੰਤਰ ਵਿੱਚ ਤਾਂ ਉਮੀਦ ਕੀਤੀ ਜਾਂਦੀ ਹੈ ਜਾਂ ਕਹੀਏ ਲੋਕਤੰਤਰ ਨੂੰ ਚੁਨਣ ਦਾ ਮਤਲਬ ਹੀ ਇਹੀ ਹੈ ਕਿ ਉਸ ਵਿੱਚ ਲੋਕਾਂ ਦਾ ਰਾਜ ਹੋਵੇ। ਲੋਕੀਂ ਚੁਣ ਕੇ ਆਉਣ, ਲੋਕੀਂ ਮਿਲ ਕੇ ਵਿਚਾਰਾਂ ਕਰਨ ਤੇ ਲੋਕਾਂ ਦੀ ਖੁਸ਼ਹਾਲੀ ਦੇ ਮੱਦੇਨਜ਼ਰ ਨੀਤੀਆਂ ਹੋਣ ਤੇ ਕੰਮ ਹੋਵੇ।

ਪਰ ਲੋਕਤੰਤਰ ਵੀ ਹੌਲੀ-ਹੌਲੀ ਰਾਜਸ਼ਾਹੀ ਅਤੇ ਤਾਨਾਸ਼ਾਹੀ ਰਵੱਈਏ ਤੋਂ ਕਈ ਕੁੱਝ ਸਿੱਖ ਕੇ ਅਸਿੱਧੇ ਤਰੀਕੇ ਨਾਲ ਇਸ ਤਰ੍ਹਾਂ ਕਾਰਜ ਕਰਦਾ ਹੈ ਕਿ ਲੋਕਾਂ ਨੂੰ ਹਨੇਰ੍ਹੇ ਵਿੱਚ ਰੱਖਿਆ ਜਾਵੇ। ਲੋਕਾਂ ਦੇ ਬੌਧਿਕ ਵਿਕਾਸ ਨੂੰ ਸੱਟ ਮਾਰੀ ਜਾਵੇ ਤੇ ਇਸ ਨੂੰ ਕਿਸੇ ਵੀ ਤਰੀਕੇ ਨਾਲ ਵਿਕਸਿਤ ਨਾ ਹੋਣ ਦਿੱਤਾ ਜਾਵੇ।

ਜਿੱਥੇ ਤਾਨਾਸ਼ਾਹ ਅਤੇ ਰਾਜੇ ਦੇ ਮਨ ਵਿੱਚ ਆਇਆ ਖਿਆਲ, ਉਸ ਨੇ ਜੋ ਸੁਪਨਾ ਲਿਆ ਜਾਂ ਕਿਸੇ ਆਪਣੇ ਪਿਆਰੇ ਨਾਲ ਇਕਰਾਰ ਕੀਤਾ ਤਾਂ ਉਸ ਦੇ ਬੋਲ ਹੀ ਹੁਕਮ ਹੁੰਦੇ ਹਨ ਤੇ ਉਹ ਹਰ ਹਾਲਤ ਪ੍ਰਵਾਨ ਚੜ੍ਹਦੇ ਹਨ ਤੇ ਲੋਕਾਂ ਦਾ ਵਿਰੋਧ ਤਾਂ ਦੂਰ, ਥੋੜ੍ਹੀ-ਬਹੁਤ ਬੇਚੈਨੀ ਜਾਂ ਫੁਸਫੁਸਾਹਟ ਹੀ ਉਸ ਰਾਜੇ/ ਤਾਨਾਸ਼ਾਹ ਦੇ ਜ਼ੁਲਮ ਦਾ ਸ਼ਿਕਾਰ ਹੁੰਦੀ ਹੈ। ਇਨ੍ਹਾਂ ਦੋਹਾਂ ਅਵਸਥਾਵਾਂ ਵਿੱਚ 'ਡਰ' ਇੱਕ ਅਜਿਹਾ ਜ਼ਰੀਆ ਹੈ ਜੋ ਮਨੁੱਖੀ ਸਖ਼ਸ਼ੀਅਤ ਨੂੰ ਦਬਾ ਕੇ ਰੱਖਣ ਦਾ ਬਹੁਤ ਵੱਡਾ ਹਥਿਆਰ ਹੈ ਤੇ ਇਸ ਮਾਹੌਲ ਦੇ ਤਹਿਤ ਸਵਾਲ ਉੱਠਣ ਵੀ, ਤਾਂ ਵੀ ਉਹ ਬਾਹਰ ਨਹੀਂ ਆਉਂਦੇ।

ਲੋਕਤੰਤਰ ਵਿੱਚ ਇੱਕ ਸੰਵਿਧਾਨ ਹੁੰਦਾ ਹੈ, ਇੱਕ ਨਿਆਂ ਪ੍ਰਣਾਲੀ ਹੁੰਦੀ ਹੈ ਤੇ ਇੱਕ ਖਾਸ ਵਿਵਸਥਾ ਤਹਿਤ ਲੋਕ ਰਾਜ ਕਰਨ ਲਈ ਚੁਣੇ ਜਾਂਦੇ ਹਨ ਤੇ ਇਸ ਦੇ ਸਾਹਮਣੇ ਇੱਕ ਸੰਵਿਧਾਨਕ ਹੱਕ ਆਪਦੀ ਆਵਾਜ਼ ਬੁਲੰਦ ਕਰਨ ਦਾ ਵੀ ਹੁੰਦਾ ਹੈ। ਇਨ੍ਹਾਂ ਸਾਰੀਆਂ ਸਹੂਲਤਾਂ ਦੇ ਬਾਵਜੂਦ ਕਿੰਨੀ ਵੀ ਵੱਡੀ ਲੋਕਤਾਂਤਰਿਕ ਵਿਵਸਥਾ ਹੋਵੇ, ਕਿੰਨੀ ਵੀ ਪੁਰਾਣੀ ਅਤੇ ਤਜ਼ਰਬੇਕਾਰ ਵਿਵਸਥਾ ਹੋਵੇ, ਉਹ ਆਪਣੇ ਕੰਮਕਾਜ਼ ਵਿੱਚ ਜੇਕਰ ਤਾਨਾਸ਼ਾਹ ਨਾ ਵੀ ਹੋਵੇ, ਪਰ ਕਿਸੇ ਵੀ ਤਰ੍ਹਾਂ ਦੇ ਸਵਾਲਾਂ ਨੂੰ ਬਰਦਾਸ਼ਤ ਨਹੀਂ ਕਰਦੀ।

ਇਨ੍ਹਾਂ ਸਾਰੀਆਂ ਸਥਿਤੀਆਂ ਦੇ ਮੱਦੇਨਜ਼ਰ ਸੱਤਾ, ਭਾਵੇਂ ਲੋਕਤੰਤਰ ਹੀ ਹੋਵੇ, ਉਸ ਦਾ ਮੁੱਖ ਧਿਆਨ ਰਹਿੰਦਾ ਕਿ ਅਜਿਹਾ ਮਾਹੌਲ ਬਣੇ ਕਿ ਕੋਈ ਸਵਾਲ ਖੜ੍ਹੇ ਹੀ ਨਾ ਕਰੇ। ਸਵਾਲ ਖੜ੍ਹੇ ਕਰਨਾ ਸਿਆਣਪ ਦੀ ਨਿਸ਼ਾਨੀ ਹੈ ਤਾਂ ਭਾਵ ਹੋਇਆ ਸਿਆਣਾ ਹੀ ਨਾ ਹੋਣ ਦਿੱਤਾ ਜਾਵੇ।

ਸਿਆਣਾ ਹੋਣ, ਬੌਧਿਕ ਵਿਕਾਸ, ਮਨੁੱਖੀ ਉਮਰ ਦੇ ਕਿਸ਼ੋਰ ਅਵਸਥਾ ਦੇ ਪੜਾਅ ਦੀ ਖਾਸੀਅਤ ਹੈ। ਇਹ ਸਮਾਂ ਹੈ ਜਦੋਂ ਉਹ ਪੁੱਛਦਾ ਹੈ ਕਿ ਮੇਰੇ ਨਾਲ ਵਿਤਕਰਾ ਕਿਉਂ ? ਮੈਂ ਗਰੀਬ ਕਿਉਂ ? ਮੇਰੇ ਲਈ ਇਹ ਪੜ੍ਹਾਈ ਦਾ ਮੌਕਾ ਕਿਉਂ ਨਹੀਂ ? ਆਦਿ ਅਨੇਕਾਂ ਹੀ। ਇਹ ਸਵਾਲ ਉੱਠਦੇ ਰਹਿੰਦੇ ਹਨ ਤੇ ਜਵਾਬ ਚਾਹੁੰਦੇ ਹਨ। ਇਸ ਵੇਲੇ ਦੇ ਮਾਹੌਲ ਵਿੱਚ ਮਾਂ-ਪਿਉ ਹਨ ਤੇ ਸਕੂਲ ਦੇ ਅਧਿਆਪਕ ਹਨ ਜਾਂ ਹਰ ਘਰ ਦਾ ਇੱਕ ਗੁਰੂ ਹੈ, ਰੱਬ ਹੈ। ਸਭ ਕੋਲ ਆਪਣੀ-ਆਪਣੀ ਕਿਸਮ ਦੇ ਜਵਾਬ ਹਨ। ਬਹੁਤੇ ਜਵਾਬ ਮਾਂ-ਪਿਉ ਕੋਲ ਨਹੀਂ ਹਨ ਕਿਉਂ ਜੋ ਉਹ ਵੀ ਸ਼ਿਕਾਰ ਹਨ। ਬੱਚੇ ਲਈ ਜਵਾਬ ਲੈਣ ਦੀ ਥਾਂ ਅਧਿਆਪਕ ਹੈ ਜਾਂ ਕਿਤਾਬਾਂ ਹਨ।

ਹੁਣ ਇੱਥੋਂ ਸ਼ੁਰੂ ਹੁੰਦੀ ਹੈ ਵਿਵਸਥਾ ਦੀ ਦਖਲਅੰਦਾਜ਼ੀ। ਜਦੋਂ ਉਹ ਲੁਕਵੇਂ ਤੌਰ 'ਤੇ ਸਿੱਖਿਆ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਜਾਂ ਤਾਂ ਪੜ੍ਹਨ ਲਈ ਮੌਕਾ ਮੁਹੱਈਆ ਨਹੀਂ ਕਰਦੀ ਜਾਂ ਉਸ ਨੂੰ ਉਸ ਤਰ੍ਹਾਂ ਦਾ ਮਾਹੌਲ ਨਹੀਂ ਦਿੰਦੀ ਕਿ ਲੋਕ ਖੋਜੀ, ਸਵਾਲ ਕਰਨ ਵਾਲੇ, ਕੁੱਝ ਸੋਚਣ ਅਤੇ ਨਵਾਂ ਕੋਈ ਰਾਹ ਤਲਾਸ਼ਣ ਵਾਲੇ ਬਨਣ।

ਇਸ ਤੋਂ ਅੱਗੇ ਪੜ੍ਹਾਈ ਤੋਂ ਬਾਅਦ ਹੈ, ਰੋਜ਼ਗਾਰ। ਰੋਜ਼ਗਾਰ ਦੇਣਾ ਅਤੇ ਜੇਕਰ ਸਰਕਾਰਾਂ ਖ਼ੁਦ ਨਹੀਂ ਦੇ ਸਕਦੀਆਂ ਤਾਂ ਕੋਈ ਅਜਿਹਾ ਇੰਤਜ਼ਾਮ ਕਰਨਾ ਕਿ ਲੋਕਾਂ ਨੂੰ ਕੰਮ ਮਿਲੇ। ਕੰਮ ਮਿਲਣ ਦੇ ਨਾਲ-ਨਾਲ ਜ਼ਰੂਰੀ ਹੈ ਕਿ ਉਹ ਕੰਮ ਕਾਬਲੀਅਤ ਮੁਤਾਬਕ ਹੋਵੇ ਤੇ ਨਾਲ ਹੀ ਉਸ ਨੂੰ ਆਪਣੇ ਇੱਕ ਪਰਿਵਾਰ ਦੀ ਪੂਰੀ ਜ਼ਿੰਮੇਵਾਰੀ ਨਿਭਾਉਣ ਲਈ, ਇੱਕ ਆਰਾਮਦਾਇਕ ਉੱਜਰਤ ਮਿਲੇ।

ਸਰਕਾਰ ਕੋਲ ਇੱਕ ਕਾਰਗਰ ਹਥਿਆਰ ਰਹਿੰਦਾ ਹੈ – ਕਾਨੂੰਨ। ਉਹ ਕਾਨੂੰਨ ਬਣਾਉਂਦੀ ਹੈ, ਸੋਧਦੀ ਹੈ ਤੇ ਉਸ ਨੂੰ ਸੰਵਿਧਾਨਕ ਕਹਿੰਦੀ ਹੈ। ਕਾਨੂੰਨ ਲਾਗੂ ਕਰਨ ਲਈ ਇੱਕ ਹੋਰ ਵਿਭਾਗ ਹੋਂਦ ਵਿੱਚ ਆਉਂਦਾ ਹੈ – ਪੁਲਿਸ ਪ੍ਰਸਾਸ਼ਨ ਤੇ ਇਨਸਾਫ਼ ਲਈ ਨਿਆਂ ਪ੍ਰਣਾਲੀ।

ਕਾਨੂੰਨ, ਸਰਕਾਰ ਵਿੱਚ ਬੈਠੇ, ਸੱਤਾ 'ਤੇ ਬਿਰਾਜਮਾਨ ਨੇਤਾਵਾਂ ਨੂੰ ਇੱਕ ਸੁਰੱਖਿਆ ਛੱਤਰੀ ਦਿੰਦਾ ਹੈ ਕਿ ਘੱਟੋ-ਘੱਟ ਉਜਰਤ ਦਾ ਕਾਨੂੰਨ ਹੈ, ਸਭ ਲਈ ਰੋਜ਼ਗਾਰ ਦੀ ਗਾਰੰਟੀ ਦਾ ਕਾਨੂੰਨ ਹੈ। ਕਾਨੂੰਨ ਨੂੰ ਲਾਗੂ ਕਰਨ ਲਈ ਪ੍ਰਸਾਸ਼ਨ ਹੈ। ਨਾ

ਮੰਨਣ ਵਾਲੇ ਲਈ ਸਜ਼ਾ ਹੈ। ਇਸ ਤਰੀਕੇ ਨਾਲ ਕਾਨੂੰਨ ਬਣਾਉਣ ਵਾਲੇ ਕੌਣ ਹਨ? ਕਾਨੂੰਨ ਬਣਾਉਣ ਪਿੱਛੇ ਕਿਸ ਦਾ ਹੱਥ ਹੈ ਤੇ ਕਿਸ ਦੀ ਆਵਾਜ਼ ਸੁਣੀ ਜਾ ਰਹੀ ਹੈ। ਅੰਤ, ਕਾਨੂੰਨ ਕਿਸ ਦੇ ਹੱਕ ਵਿੱਚ ਭੁਗਤਦਾ ਹੈ?

ਇਸ ਸਾਰੀ ਵਿਵਸਥਾ ਨੂੰ ਤਰਕਸ਼ੀਲ ਹੋਣ ਵਿੱਚ ਮੱਦਦ ਕਰਾਰ ਦੇਣਾ ਕਿਹਾ ਜਾ ਸਕਦਾ ਹੈ ਜਾਂ ਨਹੀਂ, ਸਵਾਲ ਇਹ ਹੈ। ਇੱਕ ਆਦਮੀ ਸਵੇਰ ਤੋਂ ਸ਼ਾਮ ਤੱਕ ਰੋਟੀ ਦੀ ਤਲਾਸ਼ ਵਿੱਚ ਭਟਕਦਾ ਹੈ। ਉਸ ਦੀ ਸਾਰੀ ਤਾਕਤ ਇਸੇ ਸੋਚ ਵਿੱਚ ਡੁੱਬੀ ਰਹਿੰਦੀ ਹੈ ਕਿ ਸ਼ਾਮੀਂ ਚੁੱਲ੍ਹਾ ਬਲੇਗਾ, ਕਿ ਨਹੀਂ? ਉਸ ਦੇ ਮਨ ਵਿੱਚ ਹੋਰ ਸਵਾਲ ਉੱਠਦਾ ਹੀ ਨਹੀਂ। ਨਜ਼ਰ ਮਾਰ ਕੇ ਦੇਖੋ ਜੋ ਘੱਟੋ-ਘੱਟ ਉਜਰਤ ਤੈਅ ਹੁੰਦੀ ਹੈ, ਉਹ ਮਹੀਨੇ ਦੇ 25 ਦਿਨ ਵੀ ਨਹੀਂ ਚਲਦੀ, ਉਹ ਵੀ ਜੇਕਰ ਸਭ ਕੁੱਝ ਸਹੀ-ਸਲਾਮਤ ਹੋਵੇ। ਕੋਈ ਬਿਪਤਾ ਪੈ ਜਾਵੇ ਜਿਵੇਂ ਬਿਮਾਰੀ ਆਦਿ ਤਾਂ ਕਰਜ਼ਾ ਲੈਣ ਦੀ ਨੌਬਤ ਆ ਜਾਂਦੀ ਹੈ। ਉਹ ਵਰਗ ਖ਼ੁਦ ਹੀ ਸਵਾਲਾਂ ਵਾਲੇ ਪਹਿਲੂ ਤੋਂ ਬਾਹਰ ਹੋ ਜਾਂਦਾ ਹੈ।

ਇੱਕ ਵਰਗ ਜਾਂ ਕੁੱਝ ਖਾਸ ਲੋਕ, ਗਰੀਬੀ ਜਾਂ ਤੰਗ ਹਾਲਤਾਂ ਵਿੱਚ ਰਹਿ ਕੇ ਵੀ ਬੋਲਦੇ ਹਨ, ਆਢਾ ਲੈਂਦੇ ਹਨ, ਉਨ੍ਹਾਂ ਲਈ ਕਾਨੂੰਨ ਕੋਲ ਸਜ਼ਾ ਦਾ ਡਰ ਹੈ। ਉਨ੍ਹਾਂ ਕੋਲ ਦੇਸ਼ ਦੀ ਸੁਰੱਖਿਆ, ਤੋੜ-ਫੋੜ ਦੇ ਨਾਂ 'ਤੇ ਕਾਨੂੰਨ ਨੇ। ਉਨ੍ਹਾਂ ਨੂੰ ਉਸ ਦੇ ਤਹਿਤ ਪਹਿਲਾਂ ਡਰਾਇਆ-ਧਮਕਾਇਆ ਜਾਂਦਾ ਹੈ ਤੇ ਚੁੱਪ ਕਰਵਾਇਆ ਜਾਂਦਾ ਹੈ, ਨਹੀਂ ਤਾਂ ਦੂਸਰਾ ਪਾਸਾ ਮਾਰ-ਕੁੱਟ, ਜੇਲ੍ਹ, ਜੇਲ੍ਹ ਵਿੱਚ ਤਸ਼ੱਦਦ ਆਦਿ ਨਾਲ ਕਾਬੂ ਕੀਤਾ ਜਾਂਦਾ ਹੈ।

ਇਨ੍ਹਾਂ ਸਾਰੇ ਤਰੀਕਿਆਂ ਨਾਲ, ਜੋ ਕਿ ਅਨਿਆ ਹੁੰਦੇ ਹਨ, ਕਾਨੂੰਨ ਦੇ ਘੇਰੇ ਵਿੱਚ ਹੋ ਰਹੇ ਕਹੇ ਜਾਂਦੇ ਹਨ, ਆਦਮੀ ਦੇ ਬੌਧਿਕ ਵਿਕਾਸ ਨੂੰ ਖੁੰਢਾ ਕਰਨਾ ਹੁੰਦਾ ਹੈ ਤਾਂ ਜੋ ਅੰਤ ਉਹ ਇਹ ਕਹੇ ਕਿ 'ਜੀ, ਕੁੱਝ ਨਹੀਂ ਹੋ ਸਕਦਾ, ਇਸੇ ਤਰ੍ਹਾਂ ਹੀ ਚਲਦਾ ਆਇਆ ਹੈ, ਚਲਦਾ ਰਹਿਣਾ ਹੈ।' ਇਹ ਨਤੀਜਾ ਉਨ੍ਹਾਂ ਨੂੰ ਤਾਂ ਨਿਰਾਸ਼ ਕਰਦਾ ਹੈ ਤੇ ਵਾਰ-ਵਾਰ ਦੁਹਰਾਏ ਜਾਣ 'ਤੇ ਨੌਜਵਾਨ ਪੀੜ੍ਹੀ ਨੂੰ ਵੀ ਨਿਰ-ਉਤਸ਼ਾਹਿਤ ਕਰਦਾ ਹੈ। ਉਨ੍ਹਾਂ ਦੀ ਸੋਚ ਨੂੰ ਵੀ ਖੁੰਢਾ ਕਰਦਾ ਹੈ, ਜੰਗ ਲਗਾਉਂਦਾ ਹੈ।

ਮੁੱਕਦੀ ਗੱਲ ਇਹ ਹੈ ਕਿ ਸੱਤਾ ਜਾਂ ਕੋਈ ਵੀ ਵਿਵਸਥਾ, ਜਿਸ ਤਰ੍ਹਾਂ ਕਿ ਉਨ੍ਹਾਂ ਦੇ ਮਨ ਵਿੱਚ ਇੱਕ ਛਾਪ ਬਣਾਈ ਗਈ ਹੈ ਕਿ ਜ਼ੋਰ-ਜਬਰ ਬਿਨ੍ਹਾਂ, ਕਾਨੂੰਨ ਦੀ ਮੱਦਦ ਲਏ ਬਿਨ੍ਹਾਂ, ਪੁਲਿਸ-ਫੌਜ ਦੇ ਡਰ ਤੋਂ ਬਗੈਰ ਚੱਲ ਹੀ ਨਹੀਂ ਸਕਦੀ। ਜਦੋਂਕਿ ਆਪਸੀ ਸੰਵਾਦ, ਵਿਚਾਰ-ਵਟਾਂਦਰਾ, ਲੋਕਾਂ ਦੀਆਂ ਲੋੜਾਂ ਦੇ ਮੱਦੇਨਜ਼ਰ ਕਾਰਜ, ਨਾ-ਬਰਾਬਰੀ ਅਤੇ ਵਿਤਕਰੇ ਤੋਂ ਬਿਨ੍ਹਾਂ ਸਭ ਦੇ ਹੱਕ ਵਿੱਚ ਇਨਸਾਫ਼ ਨਾਲ ਸੱਤਾ ਵੱਧ ਕਾਰਗਰ ਢੰਗ ਨਾਲ ਚੱਲ ਸਕਦੀ ਹੈ।

ਜਾਨਵਰ ਕੁਦਰਤ ਦੇ ਕਾਨੂੰਨ ਨਾਲ ਚਲਦੇ ਹਨ ਤੇ ਸਾਡੇ ਕੋਲ ਕੁਦਰਤ ਦੇ ਨਾਲ-ਨਾਲ ਸਮਾਜ ਦਾ ਕਾਨੂੰਨ ਵੀ ਹੈ ਜੋ ਅਸੀਂ ਆਪਣੇ ਲਈ ਬਣਾਇਆ ਹੈ, ਪਰ ਉਹ ਨਿੱਜ 'ਤੇ ਵੱਧ ਕੇਂਦ੍ਰਿਤ ਹੁੰਦਾ ਹੈ ਜਾਂ ਇੱਕ ਖਾਸ ਵਰਗ 'ਤੇ, ਨਾ ਕਿ ਸਾਰੀ ਲੋਕਾਈ 'ਤੇ। ਇਸ ਨੂੰ ਬਣਾਈ ਰੱਖਣ, ਠੀਕ ਠਹਿਰਾਉਣ ਦਾ ਇੱਕੋ-ਇੱਕ ਕਾਰਗਰ ਹਥਿਆਰ ਹੈ, ਲੋਕ ਤਰਕਸ਼ੀਲ ਨਾ ਹੋਣ। ਉਹ ਚਾਹੇ ਕਾਨੂੰਨ ਦਾ ਡਰ ਹੋਵੇ ਤੇ ਚਾਹੇ ਰੱਬ ਦਾ ਡਰ। ਜਦੋਂਕਿ ਪ੍ਰਚਾਰਨ ਵਿੱਚ ਦੋਹੇਂ ਹੀ ਪਿਤਾ ਸਮਾਨ ਹਨ। ਪਰਮ ਪਿਤਾ ਪਰਮਾਤਮਾ ਅਤੇ ਦੇਸ਼ ਦਾ ਮੁਖੀ।

98158-08506

ਪੰਨਾ 34 ਦਾ ਬਾਕੀ...

ਸਮੱਸਿਆਵਾਂ ਨੂੰ ਸੁਲਝਾਉਣ ਲਈ ਕਰਦਾ ਹੈ ਤਾਂ ਵਿਗਿਆਨ ਦਾ ਵਿਕਾਸ ਕਰਦਾ ਹੈ ਅਤੇ ਆਪਣੇ ਜੀਵਨ ਨੂੰ ਜਿਆਦਾ ਸੁਖਮਈ ਬਣਾ ਲੈਂਦਾ ਹੈ। ਪਰ ਇਹੀ ਕਲਪਨਾ-ਸ਼ਕਤੀ ਮਨੁੱਖ ਦੇ ਅੰਦਰਲੇ ਜਗਤ ਨੂੰ ਤਰ੍ਹਾਂ ਤਰ੍ਹਾਂ ਦੇ ਸੰਸਿਆਂ ਦਾ ਸ਼ਿਕਾਰ ਵੀ ਬਣਾ ਦਿੰਦੀ ਹੈ, ਉਸਨੂੰ ਰੱਸੀ ਸੱਪ ਬਣਾ ਕੇ ਦਿਖਾਉਂਦੀ ਹੈ ਅਤੇ ਐਸੇ ਖਤਰਿਆਂ ਤੋਂ ਡਰਾਉਂਦੀ ਹੈ ਜੋ ਭਰਮ ਮਾਤਰ ਹਨ, ਅਸਲੀ ਨਹੀਂ।

ਜੀਵਨ-ਕਲਾ ਦਾ ਅਰਥ ਹੈ ਇਸ ਦੋ ਧਾਰੀ ਤਲਵਾਰ ਦੀ ਸੁਚੱਜੀ ਵਰਤੋਂ ਕਰਨੀ। ਕਲਪਨਾ-ਸ਼ਕਤੀ ਠੋਸਨੀ ਹੈ। ਤੇ ਅਸਲੀ ਭਵਨ ਦੇਖ ਕੇ ਤਾਂ ਬਣਾਏ, ਪਰ ਹਵਾਈ ਕਿਲਿਆਂ ਦਾ ਨਿਰਮਾਣ ਨਾ ਕਰੇ। ਕਿਸੇ ਨੇ ਵਿਅੰਗ ਕੀਤਾ ਹੈ: 'ਮਾਨਸਿਕ ਰੋਗਾਂ ਦੇ ਸ਼ਿਕਾਰ ਲੋਕੀਂ ਹਵਾਈ ਕਿਲਿਆਂ ਵਿੱਚ ਰਹਿੰਦੇ ਹਨ ਅਤੇ ਇੰਨਾਂ ਦਾ ਇਲਾਜ ਕਰਨ ਵਾਲੇ ਮਨੋਰੋਗ ਮਾਹਿਰ ਇੰਨਾਂ ਕਿਲਿਆਂ ਦਾ ਕਿਰਾਇਆ ਵਸੂਲ ਕਰਦੇ ਹਨ।' ਇਹ ਠੀਕ ਹੈ ਕਿ ਉਨ੍ਹਾਂ ਲੋਕਾਂ ਦੀ ਗਿਣਤੀ ਜਿਆਦਾ ਨਹੀਂ ਹੈ, ਜੋ ਇੰਨਾਂ ਕਿਲਿਆਂ ਵਿੱਚ ਜੰਮਕੇ ਬੈਠਣ ਅਤੇ ਕਿਰਾਇਆ ਦੇਣ ਨੂੰ ਤਿਆਰ ਰਹਿਣ, ਪਰ ਇਹ ਵੀ ਇੱਕ ਤੱਥ ਹੈ ਕਿ ਅਸੀਂ ਸਾਰੇ ਆਪਣਾ ਬਹੁਤਾ ਸਮਾਂ ਇੰਨਾਂ ਕਾਲਪਨਿਕ ਕਿਲਿਆਂ ਵਿੱਚ ਹੀ ਬਤੀਤ ਕਰਦੇ ਹਾਂ।



ਅਨੁਵਾਦ : ਅਵਤਾਰ ਗੋਂਦਾਰਾ

ਤਰਕਸ਼ੀਲਤਾ ਬੰਦੇ ਨੂੰ ਅਕਲ, ਦਰਸ਼ਨ, ਕੁਦਰਤੀ ਪਵਿੱਤਰਤਾ ਵੱਲ ਲੈ ਕੇ ਜਾਂਦੀ ਹੈ। ...ਸਰ ਫਰਾਂਸਿਸ ਬੇਕਨ

ਚਰਚਾ ਅਤੇ ਸਿੱਟੇ

ਨਾਗਰਿਕਤਾ ਸੋਧ ਕਾਨੂੰਨ, ਕੌਮੀ ਆਬਾਦੀ ਰਜਿਸਟਰ ਅਤੇ ਕੌਮੀ ਨਾਗਰਿਕ ਰਜਿਸਟਰ

ਹੇਮ ਰਾਜ ਸਟੈਨੋ

ਅੱਜ-ਕੱਲ ਸਾਡੇ ਦੇਸ਼ ਵਿੱਚ ਨਾਗਰਿਕ ਸੋਧ ਕਾਨੂੰਨ (ਸੀ.ਏ.ਏ.), ਕੌਮੀ ਆਬਾਦੀ ਰਜਿਸਟਰ (ਐਨ.ਪੀ.ਆਰ.), ਕੌਮੀ ਨਾਗਰਿਕ ਰਜਿਸਟਰ (ਐਨ.ਆਰ.ਸੀ.), ਦੀ ਚਰਚਾ ਅਤੇ ਵਿਰੋਧ ਜ਼ੋਰਾਂ 'ਤੇ ਹੈ। ਅੱਜ ਅਸੀਂ ਇਨ੍ਹਾਂ ਬਾਰੇ ਗੱਲ ਕਰ ਰਹੇ ਹਾਂ।

ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) :

ਕੇਂਦਰੀ ਹਕੂਮਤ ਨੇ ਨਾਗਰਿਕਤਾ ਦੇ ਸਬੰਧ 'ਚ ਇੱਕ ਕਾਨੂੰਨ ਬਣਾਇਆ ਹੈ ਕਿ ਸਾਡੇ ਦੇਸ਼ ਦੇ ਤਿੰਨ ਮੁਸਲਿਮ ਬਹੁਗਿਣਤੀ ਵਸੋਂ ਵਾਲੇ ਗੁਆਂਢੀ ਮੁਲਕਾਂ (ਪਾਕਿਸਤਾਨ, ਬੰਗਲਾ ਦੇਸ਼ ਤੇ ਅਫਗਾਨਿਸਤਾਨ) ਤੋਂ ਧਰਮ ਦੇ ਆਧਾਰ 'ਤੇ ਸਤਾਏ ਹੋਏ (persecuted) ਲੋਕ (ਹਿੰਦੂ, ਸਿੱਖ, ਬੋਧੀ, ਪਾਰਸੀ ਤੇ ਇਸਾਈ) ਜਿਹੜੇ ਹਿਜਰਤ ਕਰਕੇ ਸਾਡੇ ਦੇਸ਼ ਵਿੱਚ ਆਏ ਹਨ ਉਨ੍ਹਾਂ ਲੋਕਾਂ ਨੂੰ ਹੁਣ ਵਿਦੇਸ਼ੀ ਘੁਸਪੈਠੀਏ ਨਹੀਂ ਸਮਝਿਆ ਜਾਵੇਗਾ। ਉਨ੍ਹਾਂ ਨੂੰ ਧਾਰਮਿਕ ਵਿਤਕਰੇ ਤੇ ਜ਼ੁਲਮ ਦਾ ਸ਼ਿਕਾਰ ਧਾਰਮਿਕ ਘੱਟ-ਗਿਣਤੀਆਂ ਵਜੋਂ ਸ਼ਰਨਾਰਥੀ ਸਮਝਕੇ ਭਾਰਤ ਦੀ ਨਾਗਰਿਕਤਾ ਦੇ ਕੇ ਇੱਥੇ ਵਸਾਇਆ ਜਾਵੇਗਾ।

ਸਾਡੇ ਦੇਸ਼ ਦੀ ਜਨਤਾ ਵੱਲੋਂ ਇਸ (ਸੀ.ਏ.ਏ) ਦਾ ਜ਼ਬਰਦਸਤ ਵਿਰੋਧ ਹੋ ਰਿਹਾ ਹੈ। ਓਧਰ ਭਾਜਪਾ ਦੇ ਹੇਠਲੇ ਤੋਂ ਹੇਠਲੇ ਵਰਕਰ ਅਤੇ ਮੰਤਰੀਆਂ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਕਹਿ ਰਹੇ ਹਨ ਕਿ ਇਹ ਕਿਸੇ ਦੀ ਨਾਗਰਿਕਤਾ ਖੋਹਣ ਲਈ ਨਹੀਂ ਬਲਕਿ ਨਾਗਰਿਕਤਾ ਦੇਣ ਲਈ ਹੈ। ਇੱਥੇ ਕਿਸੇ ਨੂੰ ਇਹ ਲੱਗ ਸਕਦਾ ਹੈ ਕਿ ਸਤਾਏ ਹੋਏ ਲੋਕਾਂ ਨੂੰ ਨਾਗਰਿਕਤਾ ਦੇਣ ਦਾ ਵਿਰੋਧ ਕਿਉਂ? ਆਓ ਇਸ ਨੂੰ ਜ਼ਰਾ ਵਿਚਾਰੀਏ।

ਭਲਾਂ ਜੇ ਭਾਜਪਾ ਦੀ ਕੇਂਦਰੀ ਹਕੂਮਤ ਨੂੰ ਸੱਚੀਓਂ ਹੀ ਬਿਪਤਾ ਦੇ ਮਾਰੇ ਸ਼ਰਨਾਰਥੀਆਂ ਨਾਲ ਹਮਦਰਦੀ ਹੈ ਤਾਂ ਫਿਰ ਇਹ ਹਮਦਰਦੀ ਸਿਰਫ ਧਾਰਮਿਕ ਜ਼ੁਲਮ ਤੇ ਵਿਤਕਰੇ ਦੇ ਸ਼ਿਕਾਰ ਸ਼ਰਨਾਰਥੀਆਂ ਤੱਕ ਹੀ ਕਿਉਂ ਸੀਮਤ ਹੈ? ਕੀ ਇਹੀ ਹਮਦਰਦੀ ਰਾਜਸੀ ਕਾਰਨਾਂ ਕਰਕੇ ਜ਼ੁਲਮ ਤੇ ਵਿਤਕਰੇ ਦਾ ਸ਼ਿਕਾਰ ਸ਼ਰਨਾਰਥੀਆਂ ਨਾਲ ਨਹੀਂ ਹੋਣੀ ਚਾਹੀਦੀ? ਇਸ ਤੋਂ ਅੱਗੇ ਇਹ 'ਹਮਦਰਦੀ' ਸਿਰਫ ਤਿੰਨ ਮੁਸਲਿਮ ਬਹੁਗਿਣਤੀ ਵਸੋਂ ਵਾਲੇ ਦੇਸ਼ਾਂ ਦੇ ਗੈਰ-ਮੁਸਲਿਮ ਸ਼ਰਨਾਰਥੀਆਂ ਤੱਕ ਹੀ ਸੀਮਤ ਕਿਉਂ ਹੈ? ਇਹ ਸ਼੍ਰੀਲੰਕਾ ਤੋਂ ਆਏ ਤਾਮਿਲ ਸ਼ਰਨਾਰਥੀਆਂ ਜਾਂ ਫਿਰ ਮੀਆਂਮਾਰ ਦੇ ਫੌਜੀ ਹਾਕਮਾਂ ਦੀ ਨਸਲਕੁਸ਼ੀ ਮੁਹਿੰਮ ਦਾ ਸ਼ਿਕਾਰ ਰੋਹਿੰਗਿਆ ਮੁਸਲਿਮ ਸ਼ਰਨਾਰਥੀਆਂ ਨਾਲ ਕਿਉਂ ਨਹੀਂ ਹੈ? ਪਾਕਿਸਤਾਨ 'ਚ ਅਹਿਮਦੀਆ ਫਿਰਕਾ, ਜਿਹੜਾ ਧਾਰਮਿਕ ਵਿਤਕਰੇ ਕਾਰਨ ਜ਼ਬਰ ਦਾ ਸ਼ਿਕਾਰ ਹੁੰਦਾ ਹੈ, ਉਨ੍ਹਾਂ ਪ੍ਰਤੀ ਕਿਉਂ ਨਹੀਂ ਹੈ? ਤਾਮਿਲ ਨਾਡੂ ਦੇ ਵੱਖੋ ਵੱਖਰੇ 100 ਸ਼ਰਨਾਰਥੀ ਕੈਂਪਾਂ 'ਚ 60000 ਤੋਂ ਉਪਰ ਤਾਮਿਲ ਸ਼ਰਨਾਰਥੀ ਰਹਿ ਰਹੇ ਹਨ, ਅਤੇ 40,000 ਦੇ ਲਗਭਗ ਤਾਮਿਲਨਾਡੂ ਦੇ ਵੱਖੋ-ਵੱਖਰੇ ਥਾਵਾਂ 'ਤੇ ਆਪਣੀ ਜੀਵਕਾ ਖਾਤਰ ਕੰਮ ਕਰ ਰਹੇ ਹਨ,[1] ਫਿਰ ਇਹ ਤਾਮਿਲ ਲੋਕ ਨਾਗਰਿਕਤਾ ਐਕਟ 'ਚ ਸ਼ਾਮਲ ਕਿਉਂ ਨਹੀਂ ਕੀਤੇ ਗਏ? ਪਾਕਿਸਤਾਨ 'ਚ ਨਾਸਤਿਕਾਂ ਨੂੰ ਮਾਰ ਮੁਕਾਉਣ ਤੱਕ ਦੀ ਸਜ਼ਾ ਦਿੱਤੀ ਜਾਂਦੀ ਹੈ, ਉਨ੍ਹਾਂ ਨਾਲ ਹਮਦਰਦੀ ਕਿਉਂ ਨਹੀਂ ਹੈ? ਇਸਤੋਂ ਵੀ ਅੱਗੇ ਗੱਲ ਇਹ ਕਿ ਸਮੁੱਚੇ ਗੁਆਂਢੀ ਮੁਲਕਾਂ ਦੀਆਂ ਸਤਾਈਆਂ ਧਾਰਮਿਕ ਘੱਟ-ਗਿਣਤੀਆਂ ਇਸ ਦੇ ਦਾਇਰੇ 'ਚ ਕਿਉਂ ਨਹੀਂ ਹਨ?

ਇਨ੍ਹਾਂ ਸਵਾਲਾਂ ਤੋਂ ਆਮ ਆਦਮੀ ਸਹਿਜੇ ਹੀ ਇਸ ਸਿੱਟੇ 'ਤੇ ਪਹੁੰਚ ਸਕਦਾ ਹੈ ਕਿ ਇਹ ਕਾਨੂੰਨ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ ਲਈ ਨਹੀਂ ਹੈ ਸਗੋਂ ਇਸਦਾ ਪਹਿਲਾ ਮਕਸਦ ਇਹ ਦੁਰ-ਪ੍ਰਭਾਵ ਪੈਦਾ ਕਰਨਾ ਹੈ ਕਿ ਮੁਸਲਿਮ ਬਹੁ-ਗਿਣਤੀ ਵਾਲੇ ਦੇਸ਼ਾਂ 'ਚ ਰਹਿ ਰਹੀਆਂ ਧਾਰਮਿਕ ਘੱਟ-ਗਿਣਤੀਆਂ ਨਾਲ ਧਰਮ ਦੇ ਆਧਾਰ 'ਤੇ ਜ਼ਬਰ-ਜ਼ੁਲਮ ਹੁੰਦੇ ਹਨ। ਗੈਰ-ਮੁਸਲਿਮ ਦੇਸ਼ ਧਾਰਮਿਕ ਘੱਟ-ਗਿਣਤੀਆਂ ਨੂੰ ਨਹੀਂ ਸਤਾਉਂਦੇ ਜਿਵੇਂ ਕਿਤੇ ਭਾਰਤ ਅੰਦਰ ਘੱਟ-ਗਿਣਤੀਆਂ 'ਤੇ ਕਦੇ ਜ਼ੁਲਮ ਹੋਇਆ ਹੀ ਨਾ ਹੋਵੇ। ਸੋ ਇਹ ਇਸਲਾਮ ਧਰਮ ਅਤੇ ਉਸਦੇ ਪੈਰੋਕਾਰਾਂ ਖਿਲਾਫ ਇੱਕ ਹਊਆ (Islamophobia) ਖੜ੍ਹਾ ਕਰਦਿਆਂ ਉਨ੍ਹਾਂ ਪ੍ਰਤੀ ਘ੍ਰਿਣਾ ਪੈਦਾ ਕਰਨਾ ਹੈ, ਸਮਾਜ ਨੂੰ ਫਿਰਕੂ ਲੀਹਾਂ 'ਤੇ ਵੰਡਣਾ ਤੇ ਸਮਾਜ 'ਚ ਫਿਰਕਿਆਂ ਦਰਮਿਆਨ ਨਫਰਤ ਪੈਦਾ ਕਰਨਾ ਹੈ। ਪਰ ਸਿਰਫ ਇਹ ਹੀ ਮੰਤਵ ਨਹੀਂ। ਹਾਕਮਾਂ ਦੇ ਅਸਲ ਮੰਤਵ ਹੋਰ ਵੀ ਹਨ, ਉਹ ਅੱਗੇ ਵਿਚਾਰਾਂਗੇ।

ਕੌਮੀ ਆਬਾਦੀ ਰਜਿਸਟਰ (ਐਨ.ਪੀ.ਆਰ.) ਬਾਰੇ :

ਇਹ ਰਜਿਸਟਰ ਦੇਸ਼ ਦੇ ਸਮੁੱਚੇ ਨਾਗਰਿਕਾਂ ਦਾ ਤਿਆਰ ਕੀਤਾ ਜਾਣਾ ਹੈ। ਇਸ ਵਿੱਚ ਹਰ ਇੱਕ ਨੂੰ ਆਪਣਾ ਨਾਮ, ਉਮਰ, ਲਿੰਗ, ਪਰਿਵਾਰ ਦੇ ਮੁਖੀ ਨਾਲ ਰਿਸ਼ਤਾ, ਕੌਮੀਅਤ, ਵਿੱਦਿਅਕ ਯੋਗਤਾ, ਕਿੱਤਾ, ਜਨਮ ਮਿਤੀ, ਜਨਮ ਸਥਾਨ, ਵਿਆਹ ਸਬੰਧੀ, ਰਿਹਾਇਸ਼ੀ ਪਤਾ, ਮਾਤਾ-ਪਿਤਾ ਦਾ ਨਾਮ ਅਤੇ ਮਾਤ-ਭਾਸ਼ਾ ਬਾਰੇ ਜਾਣਕਾਰੀ ਦੇਣੀ ਹੋਵੇਗੀ।

ਇਹ ਉਪਰੋਂ ਦੇਖਣ ਨੂੰ ਕੋਈ ਔਖੀ ਤੇ ਅਨੋਖੀ ਗੱਲ ਨਹੀਂ ਲੱਗਦੀ। ਪਰ ਜ਼ਰਾ ਸੋਚੋ ਕਿ ਵੱਖੋ-ਵੱਖਰੇ ਦਸਤਾਵੇਜ਼ਾਂ 'ਚ ਜੇਕਰ ਤੁਹਾਡੇ ਨਾਮ 'ਚ ਕਿਤੇ ਕੰਨੇ-ਬਿੰਦੀ ਦਾ ਵੀ ਫਰਕ ਰਹਿ ਜਾਂਦਾ ਹੈ ਤਾਂ ਇਹ ਗਲਤ ਹੋ ਜਾਵੇਗਾ। ਇੱਕ ਮਿਸਾਲ ਲਵੋ। ਸਾਡੇ ਪੰਜਾਬੀ ਭਾਸ਼ਾ 'ਚ ਕੋਈ ਆਪਣਾ ਨਾਮ ਭੋਲਾ ਸਿੰਘ ਲਿਖਦਾ ਹੈ ਤੇ ਕੋਈ ਇਸਨੂੰ ਭੋਲ੍ਹਾ ਸਿੰਘ ਲਿਖ ਸਕਦਾ ਹੈ। ਬਸ, ਇਹ ਫਰਕ ਆਇਆ ਨਹੀਂ ਤੇ ਤੁਹਾਡਾ ਦਸਤਾਵੇਜ਼ ਗਲਤ ਹੋਇਆ ਨਹੀਂ। ਫਿਰ ਕੀ ਹੋਵੇਗਾ ? ਫਿਰ ਤੁਹਾਨੂੰ ਜਿਲਾ ਮੈਜਿਸਟਰੇਟ "ਸ਼ੱਕੀ" ਕਰਾਰ ਦੇ ਦੇਵੇਗਾ ਅਤੇ ਤੁਹਾਨੂੰ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਦੁਬਾਰਾ ਸਾਰਾ ਕੁੱਝ ਠੀਕ ਕਰਵਾਉਣ ਲਈ ਦਫਤਰਾਂ ਦੇ ਗੇੜੇ ਤੇ ਗੇੜੇ ਲਾਉਣੇ ਪੈਣਗੇ। ਆਮ ਜਨਤਾ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੈ ਕਿ ਦਫਤਰੀ ਗੇੜੇ ਕਿੰਨੇ ਅਕਾਊ ਅਤੇ ਆਰਥਕ ਪੱਖੋਂ ਮਹਿੰਗੇ ਪੈਂਦੇ ਹਨ। ਭਾਵ ਸਾਰੀ ਜਨਤਾ ਦਫਤਰਾਂ ਦੇ ਗੇੜਿਆਂ 'ਚ ਉਲਝਕੇ ਰਹਿ ਜਾਵੇਗੀ, ਜਿਵੇਂ ਨੋਟਬੰਦੀ ਵੇਲੇ ਨੋਟ ਬਦਲਵਾਉਣ ਦੇ ਚੱਕਰ 'ਚ ਲੰਬੀਆਂ-ਲੰਬੀਆਂ ਕਤਾਰਾਂ ਲੱਗ ਗਈਆਂ ਸਨ। ਦਿਹਾੜੀਦਾਰ ਜਾਂ ਹੋਰ ਕਿਰਤੀ ਆਦਮੀ ਕੰਮ ਕਰੂ ਕਿ ਦਫਤਰਾਂ 'ਚ ਅੱਡੀਆਂ ਰਗੜੂ ? ਆਮ ਆਦਮੀ ਨੂੰ ਕਾਗਜ਼ੀ ਪੇਟ ਪੂਰਾ ਕਰਨ ਲਈ ਹੱਥ 'ਚੋਂ ਕੁੱਝ ਮਾਇਆ ਵੀ ਖਿਸਕਾਉਣੀ ਪਊ।

ਜਨਮ-ਮਿਤੀ ਭਾਵ ਜਨਮ ਦਾ ਸਰਟੀਫਿਕੇਟ ਲੈਣਾ ਆਮ ਆਦਮੀ ਲਈ ਕਿੰਨਾ ਔਖਾ ਹੈ, ਇਹ ਸਭ ਨੂੰ ਪਤਾ ਹੀ ਹੈ। ਇਸਤੋਂ ਵੀ ਵਧਕੇ ਗੱਲ ਇਹ ਹੈ ਕਿ ਝੁੱਗੀਆਂ-ਝੌਂਪੜੀਆਂ ਵਾਲੇ ਤੇ ਆਮ ਗਰੀਬ-ਮਜ਼ਦੂਰ,ਆਦਿ-ਵਾਸੀ ਤੇ ਜੰਗਲਾਂ 'ਚ ਰਹਿਣ ਵਾਲੀ ਜਨਤਾ,ਕਬਾਇਲੀ ਜਨਤਾ ਤਾਂ ਆਪਣੀ ਤੇ ਆਪਣੇ ਬੱਚਿਆਂ ਦਾ ਜਨਮ ਰਜਿਸਟਰਡ ਹੀ ਨਹੀਂ ਕਰਵਾ ਪਾਉਂਦੀ, ਫਿਰ ਉਹ ਜਨਮ ਦਾ ਸਰਟੀਫਿਕੇਟ ਕਿੱਥੋਂ ਪ੍ਰਾਪਤ ਕਰਕੇ ਦੇਣਗੇ ? ਕਿਤੋਂ ਵੀ ਨਹੀਂ। ਇਹੀ ਨਹੀਂ ਵਿਕਾਸ ਦੇ ਨਾਮ 'ਤੇ ਜਿੰਨਾਂ ਸੂਬਿਆਂ 'ਚ ਪਿੰਡਾਂ ਦੇ ਪਿੰਡ ਉਠਾ ਦਿੱਤੇ ਗਏ ਹਨ ਜਾਂ ਸਾੜ-ਫੂਕ ਦਿੱਤੇ ਗਏ ਹਨ ਉਹ ਆਪਣੇ ਸਰਟੀਫਿਕੇਟ ਜਾਂ ਹੋਰ ਕੋਈ ਵੀ ਸਬੂਤ ਕਿੱਥੋਂ ਅਤੇ ਕਿਵੇਂ ਲੈ ਕੇ ਪੇਸ਼ ਕਰ ਸਕਣਗੇ ? ਇਹ ਅਤੇ ਇਹੋ-ਜਿਹੀ ਹੋਰ ਸਾਰੀ ਜਨਤਾ ਸਬੂਤ ਪੇਸ਼ ਨਹੀਂ ਕਰ ਸਕੇਗੀ ਤੇ ਉਨ੍ਹਾਂ ਦੀ ਜ਼ਬਾਨੀ-ਕਲਾਮੀ ਗੱਲ ਕਿਸੇ ਨੇ ਮੰਨਣੀ ਨਹੀਂ। ਇਹ ਸਾਰੇ ਦੇ ਸਾਰੇ "ਸ਼ੱਕੀ" ਹੋਣਗੇ। ਇੱਥੇ ਇਹ ਗੱਲ ਵੀ ਦੱਸਦੇ ਜਾਈਏ ਕਿ ਜਿਹੜੇ ਵੀ ਲੋਕ ''ਸ਼ੱਕੀ'' ਬਣ ਜਾਣਗੇ ਉਨ੍ਹਾਂ ਨੂੰ ਬੰਦੀ-ਕੈਂਪਾਂ (Detention Centres) 'ਚ ਤੁੰਨ ਦਿੱਤਾ ਜਾਵੇਗਾ ਜਿੰਨਾਂ ਦੀ ਦੁਰਦਸ਼ਾ ਸਾਡੀਆਂ ਜੇਲ੍ਹਾਂ ਤੋਂ ਵੀ ਭੈੜੀ ਹੈ। ਉਨ੍ਹਾਂ ਦੀਆਂ ਜਾਇਦਾਦਾਂ ਹਕੂਮਤ ਕਿਸੇ ਨੂੰ ਵੀ ਦੇ ਦੇਵੇਗੀ।

ਦਸਤਾਵੇਜ਼ੀ ਸਬੂਤਾਂ ਬਾਰੇ ਸਰਕਾਰ ਇਹ ਵੀ ਕਹਿ ਰਹੀ ਹੈ ਕਿ ਸਬੂਤ ਵਜੋਂ ਆਧਾਰ ਕਾਰਡ, ਵੋਟਰ ਸ਼ਨਾਖਤੀ ਕਾਰਡ ਦੇ ਸਬੂਤ ਕਾਫੀ ਹਨ। ਜੇ ਸਰਕਾਰ ਦੀ ਗੱਲ ਮਿੰਟ ਦੀ ਮਿੰਟ ਮੰਨ ਕੇ ਗੱਲ ਵੀ ਕਰੀਏ, ਫਿਰ ਤਾਂ ਇਹ ਕਾਰਵਾਈ ਕਰਨ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ ਕਿਉਂਕਿ 90 ਪ੍ਰਤੀਸ਼ਤ ਲੋਕਾਂ ਦੇ ਇਹ ਸਬੂਤ ਪਹਿਲਾਂ ਹੀ ਸਰਕਾਰ ਕੋਲ ਹਨ।

ਭਾਜਪਾਈ ਆਗੂਆਂ ਦਾ ਇਹ ਵੀ ਕਹਿਣਾ ਹੈ ਕਿ ਕੌਮੀ ਆਬਾਦੀ ਰਜਿਸਟਰ ਮਰਦਮਸ਼ੁਮਾਰੀ 2021 ਲਈ ਹੈ। ਪਰ ਇਹ ਦਾਅਵਾ ਕਾਨੂੰਨੀ ਤੌਰ 'ਤੇ ਸਹੀ ਨਹੀਂ ਹੈ। ਕਿਉਂਕਿ "ਕੌਮੀ ਆਬਾਦੀ ਰਜਿਸਟਰ ਨਾਗਰਿਕ ਐਕਟ, 1955 ਅਤੇ 2003 ਨਿਯਮਾਂ ਦੇ ਅਧੀਨ ਤਿਆਰ ਕੀਤਾ ਜਾਣਾ ਹੈ ਜਦੋਂ ਕਿ ਮਰਦਮਸ਼ੁਮਾਰੀ ਦਾ ਕੰਮ ਮਰਦਮਸ਼ੁਮਾਰੀ ਐਕਟ, 1948 ਦੇ ਅਧੀਨ ਕੀਤਾ ਜਾਂਦਾ ਹੈ।"[2] ਇਨ੍ਹਾਂ ਐਕਟਾਂ ਦਾ ਵਿਰੋਧ ਕਰਨ ਲਈ ਬਣੇ ਇੱਕ ਜੁਆਇੰਟ ਫੋਰਮ ਦੇ ਆਗੂ ਰਣਜੀਤ ਸੂਰ ਦਾ ਕਹਿਣਾ ਹੈ ਕਿ "ਮਰਦਮਸ਼ੁਮਾਰੀ ਦੇ ਅੰਕੜੇ ਗੁਪਤ ਰੱਖੇ ਜਾਂਦੇ ਹਨ ਅਤੇ ਕਿਸੇ ਵੀ ਹੋਰ ਚੀਜ਼ ਲਈ ਵਰਤੇ ਨਹੀਂ ਜਾ ਸਕਦੇ ਜਦੋਂ ਕਿ ਕੌਮੀ ਆਬਾਦੀ ਰਜਿਸਟਰ ਦੇ ਅੰਕੜੇ ਜਨਤਕ ਤੌਰ 'ਤੇ ਨਸ਼ਰ ਕੀਤੇ ਜਾਣਗੇ ਅਤੇ ਇਸ 'ਤੇ ਕੋਈ ਵੀ ਵਿਅਕਤੀ ਦਾਅਵੇ ਤੇ ਇਤਰਾਜ਼ ਦੇ ਅਮਲ 'ਚ ਹਿੱਸਾ ਲੈ ਸਕੇਗਾ ਅਤੇ ਇਹ ਐਨ.ਆਰ.ਸੀ. ਨੂੰ ਤਿਆਰ ਕਰਨ ਲਈ ਵਰਤਿਆ ਜਾਣਾ ਹੈ।"[3] ਰਣਜੀਤ ਸੂਰ ਦਾ ਅੱਗੇ ਕਹਿਣਾ ਹੈ ਕਿ "ਕੌਮੀ ਆਬਾਦੀ ਰਜਿਸਟਰ ਅਤੇ ਮਰਦਮਸ਼ੁਮਾਰੀ ਦੇ ਕਾਨੂੰਨ ਵੱਖੋ-ਵੱਖ ਹਨ ਅਤੇ ਜੇਕਰ ਕੋਈ ਅਜਿਹਾ (ਇੱਕੋ ਕਹਿਣ ਦਾ-ਲੇਖਕ) ਦਾਅਵਾ ਕਰਦਾ ਹੈ ਤਾਂ ਉਹ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ।"[4]

ਕੌਮੀ ਨਾਗਰਿਕ ਰਜਿਸਟਰ :

ਇਸ ਵਿੱਚ ਸਮੁੱਚੇ ਦੇਸ਼ ਵਾਸੀਆਂ ਨੂੰ ਆਪਣੇ ਆਪ ਨੂੰ ਨਾਗਰਿਕ ਸਾਬਤ ਕਰਨ ਲਈ ਆਪਣੇ ਅਤੇ ਆਪਣੇ ਮਾਤਾ-ਪਿਤਾ ਬਾਰੇ ਵੀ ਇਹ ਸਬੂਤ ਦੇਣੇ ਪੈਣਗੇ ਕਿ ਉਨ੍ਹਾਂ ਦਾ ਜਨਮ ਕਿੱਥੇ ਹੋਇਆ। ਮੰਨ ਲਵੋ ਉੱਪਰ ਜ਼ਿਕਰ ਕੀਤੇ ਕੌਮੀ ਆਬਾਦੀ ਰਜਿਸਟਰ 'ਚ ਕੋਈ "ਸ਼ੱਕੀ" ਨਾਗਰਿਕ ਬਣਾ ਦਿੱਤਾ ਜਾਂਦਾ ਹੈ ਤਾਂ ਉਸਨੂੰ ਫਿਰ ਜ਼ਿਲਾ ਮੈਜਿਸਟਰੇਟ ਆਦਿ ਕੋਲ ਜਾ ਕੇ ਫਰਿਆਦ ਲਗਾਉਣੀ ਪਵੇਗੀ। ਆਮ ਹੀ ਪਤਾ ਹੈ ਕਿ ਇਹ ਨਾਗਰਿਕਤਾ ਰਜਿਸਟਰ ਇਸੇ ਹਕੂਮਤ ਨੇ ਪਹਿਲਾਂ ਅਸਾਮ ਅੰਦਰ ਲਾਗੂ ਕੀਤਾ ਸੀ। ਉੱਥੋਂ ਦੀ ਆਬਾਦੀ ਲਗਭਗ ਤਿੰਨ ਕਰੋੜ ਤੋਂ ਕੁੱਝ ਕੁ ਉੱਪਰ ਹੈ। ਤਿੰਨ ਕਰੋੜ 'ਚੋਂ 19 ਲੱਖ ਲੋਕ ਨਾਗਰਿਕਤਾ ਤੋਂ ਬਾਹਰ ਕਰ ਦਿੱਤੇ ਗਏ। ਭਾਵ ਉਨ੍ਹਾਂ ਦਾ ਕੋਈ ਵਤਨ ਨਹੀਂ। ਜੇ ਉਸੇ ਹਿਸਾਬ ਨਾਲ ਲਾਈਏ ਤਾਂ ਸਮੁੱਚੇ ਦੇਸ਼ ਦੇ 130 ਕਰੋੜ ਨਾਗਰਿਕਾਂ 'ਚੋਂ ਕਿੰਨੇ "ਵਿਦੇਸ਼ੀ"

ਜਾਂ "ਘੁਸਪੈਠੀਏ" ਕਰਾਰ ਦੇ ਦਿੱਤੇ ਜਾਣਗੇ? ਪਾਠਕ ਆਪ ਹੀ ਸਿਆਣੇ ਹਨ, ਇਹ ਅੰਦਾਜ਼ਾ ਲਗਾ ਲੈਣਗੇ।

ਇਹ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) ਕਿਉਂ ਤਿਆਰ ਕੀਤਾ ਜਾ ਰਿਹਾ ਹੈ? ਇਸ ਬਾਰੇ ਸਾਰਿਆਂ ਨੇ ਸਾਡੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਿਆਨ ਆਮ ਹੀ ਸੁਣੇ ਹੋਣਗੇ। ਉਸਦਾ ਐਲਾਨ ਹੈ ਕਿ ਘੁਸਪੈਠੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਚੁਣ-ਚੁਣ ਕੇ ਬਾਹਰ ਕੀਤਾ ਜਾਵੇਗਾ। ਭਾਵ ਇਹ ਘੁਸਪੈਠੀਆਂ ਦੀ ਪਛਾਣ ਲਈ ਹੈ। ਐਨ.ਪੀ.ਆਰ. 'ਚ ਸਥਾਨਕ ਰਜਿਸਟਰਾਰ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਸ਼ੱਕੀ ਨਾਗਰਿਕ ਤੈਅ ਕਰ ਸਕੇਗਾ। ਫਿਰ ਐਨ.ਆਰ.ਸੀ. ਤਿਆਰ ਕਰਨ ਵੇਲੇ ਉਸ ਸ਼ੱਕੀ ਨਾਗਰਿਕ ਦੀ ਪੜਤਾਲ ਕੀਤੀ ਜਾਵੇਗੀ। ਪੜਤਾਲ ਦੌਰਾਨ ਉਸਤੋਂ ਲੋੜੀਂਦੇ ਸਬੂਤ ਮੰਗੇ ਜਾਣਗੇ। ਸਬੂਤਾਂ ਦੇ ਠੀਕ ਨਾ ਮੰਨੇ ਜਾਣ 'ਤੇ ਉਸਨੂੰ ਇਸ ਦੇਸ਼ ਦਾ ਨਾਗਰਿਕ ਨਹੀਂ ਗਿਣਿਆ ਜਾਵੇਗਾ। ਫਿਰ? ਫਿਰ ਕੀ ਬੰਦੀ-ਖਾਨੇ 'ਚ ਤੁੰਨ ਦਿੱਤਾ ਜਾਵੇਗਾ। "ਸ਼ੱਕੀ" ਨਾਗਰਿਕ ਇਨਸਾਨ ਨਹੀਂ ਬਲਕਿ ਅਮਿਤ ਸ਼ਾਹ ਅਨੁਸਾਰ ਉਹ ਸਿਉਂਕ (termite) ਹੋਵੇਗਾ, ਭਾਵ ਸਾਡੇ ਦੇਸ਼ ਨੂੰ ਖਾਣ ਵਾਲੀ। ਇਹ ਸਿਰਫ ਨਾਗਰਿਕਤਾ ਦੇਣ ਜਾਂ ਲੈਣ ਦਾ ਸਵਾਲ ਨਹੀਂ। ਇਹ ਤਾਂ ਅਮਿਤ ਸ਼ਾਹ ਦੇ ਸ਼ਬਦਾਂ 'ਚ ਸਿਉਂਕ ਦੀ ਪਹਿਚਾਣ ਕਰਨ ਵਾਸਤੇ ਹੈ। ਇਹ ਹਰ ਕੋਈ ਜਾਣਦਾ ਹੈ ਕਿ ਸਿਉਂਕ ਨੂੰ ਖਤਮ ਕਰਨ ਲਈ ਕੋਈ ਨਾ ਕੋਈ ਦਵਾਈ ਤਾਂ ਵਰਤਣੀ ਹੀ ਪੈਂਦੀ ਹੈ। ਉਹ ਦਵਾਈ ਵਰਤਣ ਵਾਸਤੇ ਸੰਘੀ ਹਕੂਮਤ ਪੱਬਾਂ ਭਾਰ ਹੋਈ ਹੋਈ ਹੈ।

ਹੋਰ ਅੱਗੇ। ਕੇਂਦਰ ਦੀ ਗੱਦੀ 'ਤੇ ਬਿਰਾਜਮਾਨ ਭਾਜਪਾ ਹਕੂਮਤ ਕਹਿ ਰਹੀ ਹੈ ਕਿ ਨਾਗਰਿਕਾਂ ਤੋਂ ਕੋਈ ਦਸਤਾਵੇਜ਼ੀ ਸਬੂਤ ਨਹੀਂ ਮੰਗੇ ਜਾਣਗੇ, ਉਨ੍ਹਾਂ ਦੇ ਜ਼ਬਾਨੀ ਦੱਸਣ 'ਤੇ ਹੀ ਯਕੀਨ ਕੀਤਾ ਜਾਵੇਗਾ। ਕਿਉਂ? ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲੋਕਾਂ 'ਤੇ ਭਰੋਸਾ ਹੈ। ਕਿਆ ਬਾਤਾਂ, ਕਿੱਡੀ ਲੁਭਾਉਣੀ ਗੱਲ ਹੈ। ਭਲਾਂ ਸੋਚੋ ਕਿ ਜੇਕਰ ਉਨ੍ਹਾਂ ਨੂੰ ਲੋਕਾਂ 'ਤੇ ਭਰੋਸਾ ਹੈ ਤਾਂ ਇਹ ਸਾਰਾ ਪ੍ਰੋਜੈਕਟ ਸ਼ੁਰੂ ਕਰਨ ਦੀ ਕੀ ਤੁਕ ਹੈ? ਜਿਹੜਾ ਕੋਈ ਆਪਣੇ ਆਪ ਨੂੰ ਨਾਗਰਿਕ ਦੇ ਤੌਰ 'ਤੇ ਰਜਿਸਟਰ ਕਰਵਾਉਣਾ ਚਾਹੇਗਾ ਉਹ ਕਰਵਾ ਲਵੇਗਾ, ਜਿਹੜਾ ਨਹੀਂ ਚਾਹੇਗਾ ਉਹ ਨਹੀਂ ਕਰਵਾਏਗਾ। ਜੇਕਰ ਭਰੋਸਾ ਹੈ ਤਾਂ ਲੋਕਾਂ ਤੋਂ ਬਦੋਬਦੀ ਨਾਗਰਿਕਤਾ ਰਜਿਸਟਰ 'ਚ ਆਪਣਾ ਨਾਮ ਦਰਜ ਕਰਵਾਉਣ ਦੀ ਕੀ ਤੁਕ ਹੈ? ਇਹ ਕਿਹੋ-ਜਿਹਾ ਭਰੋਸਾ ਹੈ, ਜਿਹੜਾ ਦਸਤਾਵੇਜ਼ਾਂ ਤੋਂ ਵਗੈਰ ਬੱਝਦਾ ਨਹੀਂ?

ਇਨ੍ਹਾਂ ਨੂੰ ਜਨਤਾ 'ਤੇ ਕੋਈ ਭਰੋਸਾ ਨਹੀਂ, ਇਹ ਤਾਂ ਸਿਰਫ ਛਲਾਵੇ ਹਨ।

ਜੇਕਰ ਲੋਕਾਂ 'ਤੇ ਭਰੋਸੇ ਹੈ ਤਾਂ ਕਿਉਂ :

"ਪੰਜਾਬ ਦੇ 140 ਸਰਸਵਤੀ ਵਿਦਿਆ ਮੰਦਰ ਸਕੂਲੀ ਪ੍ਰਬੰਧਕਾਂ ਦੇ ਹੁਕਮਾਂ ਤਹਿਤ ਅਧਿਆਪਕਾਂ ਤੇ ਵਿਦਿਆਰਥੀਆਂ ਤੋਂ ਕਾਨੂੰਨ ਦੇ ਹੱਕ ਵਿੱਚ ਪ੍ਰਣ ਪੱਤਰ ਭਰਵਾਏ ਗਏ ਤੇ ਕੱਪੜੇ ਦੇ ਬੈਨਰਾਂ/ਕਾਗਜ਼ਾਂ/ਚਾਰਟਾਂ 'ਤੇ ਦਸਤਖਤ ਕਿਉਂ ਕਰਵਾਏ ਗਏ?"[5]

ਕਿਉਂ "ਭਾਜਪਾ ਦੇ ਮੈਂਬਰ, ਯੁਵਾ ਮੋਰਚਾ, ਕਿਸਾਨ ਮੋਰਚਾ ਆਦਿ ਦੇ ਅਹੁਦਿਆਂ 'ਤੇ ਰਹੇ, ਹੁਣ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਨੇ ਪੰਜਾਬ ਦੇ 27,000 ਆਂਗਣਵਾੜੀ ਕੇਂਦਰਾਂ ਤੋਂ ਧਰਮ ਆਧਾਰਤ ਅੰਕੜੇ ਇਕੱਤਰ ਕਰਨ ਦਾ ਇੱਕ ਹੋਰ ਗੈਰ-ਕਾਨੂੰਨੀ ਕਦਮ ਚੁੱਕਿਆ?[6]

ਕਿਉਂ "ਆਰ.ਐਸ.ਐਸ. ਦੀਆਂ ਕੁੱਝ ਬੀਬੀਆਂ ਸਾਮਾਨ ਵੇਚਣ ਵਾਲੀਆਂ ਦੇ ਭੇਖ ਵਿੱਚ ਬਸਤੀਆਂ ਵਿੱਚੋਂ, ਇਸ ਕਾਨੂੰਨ ਦੇ ਹੱਕ ਵਿੱਚ ਚਲਾਏ ਪੋਰਟਲ 'ਤੇ ਧੋਖਾਧੜੀ ਨਾਲ ਮਿਸਡ ਕਾਲ ਕਰਵਾਉਂਦੀਆਂ ਪਕੜੀਆਂ ਗਈਆਂ ਹਨ।"[7]

ਇਹ ਸਾਰਾ ਕੁੱਝ ਕਿਉਂ?

ਹੋਰ ਕਮਾਲ ਦੀ ਗੱਲ ਦੇਖੋ! ਪਹਿਲਾਂ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਕਹਿੰਦਾ ਹੁੰਦਾ ਸੀ ਕਿ **"ਗਰਵ ਸੇ ਕਹੋ, ਹਮ ਹਿੰਦੁਸਤਾਨੀ ਹੈਂ"** ਹੁਣ ਕਹਿ ਰਿਹਾ ਹੈ ਕਿ **"ਸਾਬਤ ਕਰੋ ਹਮ ਹਿੰਦੁਸਤਾਨੀ ਹੈਂ।"** ਕਿੱਡਾ ਪੁੱਠ-ਪੈਰਾ ਮੋੜਾ (About-turn) ਹੈ!

ਇੱਕ ਪਾਸੇ ਦੇਸ਼ ਦਾ ਗ੍ਰਹਿ ਮੰਤਰੀ ਕਹਿ ਰਿਹਾ ਹੈ ਕਿ ਉਹ ਵਿਰੋਧ ਕਰਨ ਵਾਲਿਆਂ ਨਾਲ ਗੱਲ ਕਰਨ ਨੂੰ ਤਿਆਰ ਹੈ, ਦੂਸਰੇ ਪਾਸੇ ਉਸੇ ਦੀ ਬੀ.ਜੇ.ਪੀ. ਪਾਰਟੀ ਦੇ ਪੱਛਮੀ ਬੰਗਾਲ ਦੇ ਮੁਖੀ ਦਲੀਪ ਘੋਸ਼ ਨੇ ਐਲਾਨ ਕੀਤਾ ਕਿ "ਆਸਾਮ ਅਤੇ ਉੱਤਰ ਪ੍ਰਦੇਸ਼ 'ਚ ਸਾਡੀ ਹਕੂਮਤ ਨੇ ਇਨ੍ਹਾਂ ਰੋਸ ਕਰਨ ਵਾਲਿਆਂ ਨੂੰ ਕੁੱਤਿਆਂ ਦੀ ਤਰ੍ਹਾਂ ਗੋਲੀਆਂ ਮਾਰੀਆਂ। ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ 'ਤੇ ਮੁਕੱਦਮੇ ਬਣਾਏ ਗਏ।"[5] ਇਹ ਹੈ 'ਸਿਉਂਕ' ਨਾਲ ਨਿਪਟਣ ਦਾ ਇਨ੍ਹਾਂ ਦਾ ਢਿੱਡ ਅੰਦਰਲਾ ਕਰੂਰ ਸੱਚ।

ਇੱਕ ਪੱਖ ਹੋਰ। ਅਸਾਮ 'ਚ ਐਨ.ਆਰ.ਸੀ. ਅਤੇ ਦੇਸ਼ ਭਰ 'ਚ ਲਾਗੂ ਕੀਤੀ ਜਾਣ ਵਾਲੀ ਐਨ.ਆਰ.ਸੀ. ਨੀਤੀ 'ਚ ਇੱਕ ਫਰਕ ਹੋਰ ਵੀ ਹੈ। ਉਹ ਇਹ ਹੈ ਕਿ ਅਸਾਮ 'ਚ ਵਸਨੀਕਾਂ ਨੇ ਨਾਗਰਿਕਤਾ ਵਾਸਤੇ ਅਰਜ਼ੀਆਂ ਦਿੱਤੀਆਂ ਸਨ ਪ੍ਰੰਤੂ ਸਮੁੱਚੇ ਦੇਸ਼ ਅੰਦਰ ਅਜਿਹਾ ਨਹੀਂ ਹੋਵੇਗਾ। ਅਰਥਸ਼ਾਸ਼ਤਰੀ ਤੇ ਐਨ.ਆਰ.ਸੀ. ਦੇ ਵਿਰੁੱਧ ਬਣੇ ਜੁਆਇੰਟ ਫੋਰਮ ਦੇ ਕਨਵੀਨਰ ਪ੍ਰਸਨਜੀਤ ਬੋਸ ਦਾ ਕਹਿਣਾ ਹੈ ਕਿ

"ਅਸਾਮ 'ਚ ਸਭ ਨੂੰ ਤਾਰੀਖ ਦੇ ਸ਼ੁਰੂ ਹੋਣ ਤੇ ਖਤਮ ਹੋਣ ਦਾ ਪਤਾ ਸੀ ਅਤੇ ਇਹ ਵੀ ਪਤਾ ਸੀ ਕਿ ਕਿਹੜੇ ਦਸਤਾਵੇਜ਼ ਲੋੜੀਂਦੇ ਹਨ। ਅਮੀਰ ਤੇ ਗਰੀਬ, ਹਿੰਦੂ ਜਾਂ ਮੁਸਲਿਮ, ਸਭ ਨੇ ਇੱਕੋ ਕਤਾਰ 'ਚ ਖੜਨਾ ਸੀ।...ਪ੍ਰੰਤੂ ਹੁਣ ਦੇਸ਼ ਵਾਲੇ ਮਾਮਲੇ 'ਚ ਅਜਿਹਾ ਨਹੀਂ ਹੈ। ਹੁਣ ਸਭ ਕੁੱਝ ਅਫਸਰਸ਼ਾਹੀ 'ਤੇ ਨਿਰਭਰ ਹੈ। ਰਾਜ ਹੀ ਫੈਸਲਾ ਕਰੇਗਾ ਕਿ ਕਿਹੜਾ ਨਾਗਰਿਕ ਸ਼ੱਕੀ ਹੈ ਅਤੇ ਕਿਹੜਾ ਨਹੀਂ। ਇਹ ਪੂਰਨ ਤੌਰ 'ਤੇ ਧੱਕੇਸ਼ਾਹੀ ਵਾਲਾ(Arbitrary) ਹੈ।"[8]

ਜਿਵੇਂ ਅਸੀਂ ਪਹਿਲਾਂ ਇੱਕ ਮਕਸਦ ਦੱਸਿਆ ਹੈ ਕਿ ਇਹ ਮੁਸਲਿਮ ਭਾਈਚਾਰੇ ਪ੍ਰਤੀ ਘ੍ਰਿਣਾ ਪੈਦਾ ਕਰਕੇ ਦੇਸ਼ ਨੂੰ ਫਿਰਕੂ ਲੀਹਾਂ 'ਤੇ ਵੰਡਣਾ ਅਤੇ ਦੁਸ਼ਮਣੀ ਪੈਦਾ ਕਰਨਾ ਹੈ। ਪਰ ਨਾਲ ਦੀ ਨਾਲ ਇੱਥੋਂ ਨਾਲ ਜੁੜਵੀਂ ਖਤਰੇ ਵਾਲੀ ਗੱਲ ਵੀ ਸਾਨੂੰ ਸਾਰਿਆਂ ਨੂੰ ਸਾਫ ਹੋਣੀ ਚਾਹੀਦੀ ਹੈ ਕਿ ਇਹ ਐਨ.ਆਰ.ਸੀ. ਸਿਰਫ ਮੁਸਲਿਮ ਭਾਈਚਾਰੇ ਖਿਲਾਫ ਹੀ ਨਹੀਂ ਹੈ ਜਿਵੇਂ ਆਮ ਤੌਰ 'ਤੇ ਕਈ ਵਾਰੀ ਗਲਤ ਪ੍ਰਭਾਵ ਲੈ ਲਿਆ ਜਾਂਦਾ ਹੈ। ਬਲਕਿ ਇਹ ਉਨ੍ਹਾਂ ਸਾਰਿਆਂ ਖਿਲਾਫ ਹੈ ਜੋ ਇਨ੍ਹਾਂ ਦੇ ਹਿੰਦੂ ਰਾਸ਼ਟਰ ਬਣਾਉਣ ਦੇ ਰਾਹ 'ਚ ਅੜਿੱਕਾ ਹਨ ਜਾਂ ਬਣ ਸਕਦੇ ਹਨ। ਇਸ ਵਿੱਚ ਸਾਰੇ ਗੈਰ-ਧਾਰਮਿਕ, ਆਦਿ ਵਾਸੀ, ਜੰਗਲ ਨਿਵਾਸੀ, ਕਬਾਇਲੀ, ਦਲਿਤ, ਨਾਸਤਿਕ, ਤਰਕਸ਼ੀਲ, ਕਮਿਊਨਿਸਟ ਅਤੇ ਹੋਰ ਸੰਘਰਸ਼ਸ਼ੀਲ ਧਿਰਾਂ ਸ਼ਾਮਲ ਹੋਣਗੀਆਂ।

ਜਰਮਨ ਦੇ ਫਾਸ਼ੀ ਹਿਟਲਰ ਨੇ ਨਾਹਰਾ ਲਾਇਆ ਸੀ ਕਿ ਆਰੀਅਨ ਕੌਮ ਹੀ ਰਾਜ ਕਰਨ ਦੇ ਕਾਬਲ ਹੈ। ਉਸਨੇ ਯਹੂਦੀਆਂ ਅਤੇ ਹੋਰ ਲੱਖਾਂ ਲੋਕਾਂ ਨੂੰ ਤਸੀਹਾ ਕੇਂਦਰਾਂ 'ਚ ਬੰਦ ਕਰਕੇ ਮੌਤ ਦੇ ਘਾਟ ਉਤਾਰਿਆ ਸੀ। ਸੰਘ ਦੇ ਵਿਚਾਰਕ ਵੀਰ ਸਾਵਰਕਾਰ ਨੇ ਲਿਖਿਆ ਸੀ "ਹਿੰਦੁਸਤਾਨ 'ਚ ਇਤਿਹਾਸ ਦੇ ਉਦੈ ਹੋਣ 'ਤੇ ਜਿਹੜੇ ਆਰੀਅਨਾਂ ਨੇ ਇੱਥੇ ਨਿਵਾਸ ਕੀਤਾ ਉਨ੍ਹਾਂ ਨੇ ਇੱਕ ਕੌਮ ਬਣਾਈ ਜਿਹੜੀ ਹੁਣ ਹਿੰਦੂਆਂ 'ਚ ਦੇਹਵਾਨ ਹੈ।"[9] ਇਸ ਲਈ ਅੱਜ ਦਾ ਸਾਡੇ ਦੇਸ਼ ਦਾ ਸੰਘ ਪਰਿਵਾਰ ਵੀ ਆਰੀਅਨਾਂ ਨੂੰ ਹੀ ਹਿੰਦੂ ਗਿਣਦਾ ਹੈ ਅਤੇ ਉਨ੍ਹਾਂ ਦਾ ਹੀ ਇਸ ਦੇਸ਼ 'ਤੇ ਇੱਕੋ-ਇੱਕ ਅਧਿਕਾਰ ਗਿਣਦਾ ਹੈ, ਜਿਵੇਂ ਕਿ ਇੱਕ ਦਿਨ ਸ਼ਾਹੀਨ ਬਾਗ 'ਚ ਲੱਗੇ ਧਰਨੇ ਦੇ ਵਿਰੋਧ 'ਚ ਕੀਤੇ ਗਏ ਇੱਕ ਪ੍ਰਦਰਸ਼ਨ ਦੌਰਾਨ ਇੱਕ ਪ੍ਰਦਰਸ਼ਨਕਾਰੀ ਕਹਿ ਰਿਹਾ ਸੀ ਕਿ ਇਹ ਹਿੰਦੂਆਂ ਦਾ ਦੇਸ਼ ਹੈ, ਇੱਥੇ ਹਿੰਦੂਆਂ ਦੀ ਹੀ ਚੱਲੇਗੀ। ਇਹ ਸਾਡੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ 'ਤੇ ਤੁਲੇ ਹੋਏ ਹਨ। ਇਸਦੇ ਬਣ ਜਾਣ 'ਤੇ ਇਹ ਹੋਰ ਸਾਰੇ ਨਾਗਰਿਕਾਂ ਨੂੰ ਦੂਸਰੇ ਨੰਬਰ ਦੇ ਨਾਗਰਿਕ ਵੀ ਨਹੀਂ ਗਿਣਨਗੇ। ਸੋ ਨਾਗਰਿਕ ਰਜਿਸਟਰ ਤਾਂ ਇੱਕ ਬਹਾਨਾ ਹੈ, ਅਸਲ 'ਚ ਹਿੰਦੂ ਰਾਸ਼ਟਰ ਬਣਾਨਾ ਹੈ। ਅਜੇ ਇਨ੍ਹਾਂ ਦਾ ਹਿੰਦੂ ਰਾਸ਼ਟਰ ਬਣਿਆ ਨਹੀਂ ਪਰ ਇਨ੍ਹਾਂ ਦੇ ਬਿਆਨ ਆਉਂਦੇ ਹੀ ਰਹਿੰਦੇ ਹਨ ਕਿ ਇਹ ਦੇਸ਼ ਹਿੰਦੂ ਰਾਸ਼ਟਰ ਹੈ ਅਤੇ ਇੱਥੇ ਵਸਣ ਵਾਲੇ ਸਾਰੇ ਹਿੰਦੂ ਹਨ।

ਕੁੱਝ ਗੱਲ ਸੰਵਿਧਾਨ ਦੀ ਧਰਮ-ਨਿਰਪੱਖਤਾ 'ਤੇ :

ਸੰਘ ਦੇ ਵੱਡੇ ਲੀਡਰਾਂ ਤੋਂ ਲੈ ਕੇ ਛੋਟੇ ਤੋਂ ਛੋਟੇ ਵਰਕਰ ਤੱਕ ਹਿੱਕ ਥਾਪੜਕੇ ਕਹਿੰਦੇ ਹਨ ਕਿ ਸਾਡਾ ਸੰਵਿਧਾਨ ਧਰਮ-ਨਿਰਪੱਖ ਹੈ, ਭਾਵ ਸੰਵਿਧਾਨ ਕਿਸੇ ਨਾਲ ਨਾ ਤਾਂ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਕਰਦਾ ਹੈ ਅਤੇ ਨਾ ਹੀ ਕੋਈ ਰਿਆਇਤ ਦਿੰਦਾ ਹੈ। ਇਹ ਗੱਲ ਸਾਧਾਰਨ ਇਨਸਾਨ ਨੂੰ ਵੀ ਭੰਬਲਭੂਸਾ ਖੜ੍ਹਾ ਕਰ ਸਕਦੀ ਹੈ। ਇਸ ਲਈ ਇਸ ਬਾਰੇ ਵੀ ਥੋੜੀ ਜਿਹੀ ਗੱਲ ਕਰੀਏ। ਮਿੰਟ ਦੀ ਮਿੰਟ ਇਹ ਗੱਲ ਨੂੰ ਸਹੀ ਮੰਨ ਵੀ ਲਈਏ ਫਿਰ ਸੁਆਲ ਪੈਦਾ ਹੋ ਜਾਂਦਾ ਹੈ ਕਿ ਫਿਰ ਸੰਵਿਧਾਨਕ ਪ੍ਰੀਕ੍ਰਿਆ ਅਪਣਾਕੇ ਭਾਜਪਾ ਵਾਲਿਆਂ ਨੇ ਧਰਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਦਾ ਕਾਨੂੰਨ ਕਿਵੇਂ ਬਣਾ ਲਿਆ? ਜੇ ਸੰਵਿਧਾਨ ਧਰਮ ਨਿਰਪੱਖ ਹੈ ਫਿਰ ਤਾਂ ਅਜਿਹਾ ਕਾਨੂੰਨ ਬਣਨਾ ਚਾਹੀਦਾ ਹੈ ਕਿ ਇੱਥੇ ਬਾਹਰੋਂ ਕਿਸੇ ਵੀ ਕਿਸਮ ਨਾਲ ਕੋਈ ਸਤਾਇਆ ਇਨਸਾਨ ਆਵੇਗਾ ਤਾਂ ਉਸਨੂੰ ਨਾਗਰਿਕਤਾ ਦਿੱਤੀ ਜਾਇਆ ਕਰੇਗੀ ਭਾਵ **ਨਾਗਰਿਕਤਾ ਇਨਸਾਨੀਅਤ ਦੇ ਆਧਾਰ** 'ਤੇ ਹੋਣ ਦਾ ਕਾਨੂੰਨ ਬਣਨਾ ਚਾਹੀਦਾ ਸੀ **ਨਾ ਕਿ ਧਰਮ ਦੇ ਆਧਾਰ 'ਤੇ।** ਪਰ ਸੰਵਿਧਾਨ ਧਰਮ-ਨਿਰਪੱਖ ਹੈ ਹੀ ਨਹੀਂ। ਲਓ ਕੁੱਝ ਨਮੂਨਾ ਦੇਖੋ।

"ਜੋ ਕੁੱਝ ਨਾਗਰਿਕਤਾ ਸੋਧ ਕਾਨੂੰਨ 2019 ਨੇ ਸਾਹਮਣੇ ਲਿਆਂਦਾ ਹੈ, ਉਸਦਾ ਮੂਲ ਸੰਵਿਧਾਨ ਦੀਆਂ ਧਾਰਾਵਾਂ 6,7,10 ਅਤੇ 11 ਵਿੱਚ ਮੌਜੂਦ ਹੈ।"[10]

"ਧਾਰਾ 10 ਅਤੇ 11 ਨਾਗਰਿਕਤਾ ਹੱਕਾਂ ਦੇ ਲਾਗੂ ਹੋਣ ਸਬੰਧੀ ਤਾਕਤ ਪਾਰਲੀਮੈਂਟ ਦੀ ਅਸੀਮਤ ਕਾਨੂੰਨੀ ਤਾਕਤ ਅਧੀਨ ਕਰਦੀ ਹੈ। ਮਤਲਬ ਕਿ ਤੁਸੀਂ ਲੱਖ ਜੱਦੀਪੁਸ਼ਤੀ ਨਾਗਰਿਕ ਹੋਵੇ, ਪਰ ਤੁਹਾਡੀ ਨਾਗਰਿਕਤਾ ਤੇ ਇਸ ਨਾਲ ਜੁੜੇ ਬੁਨਿਆਦੀ ਕਾਨੂੰਨੀ ਹੱਕ ਬੇਸ਼ਰਤ ਨਹੀਂ ਸਗੋਂ ਪਾਰਲੀਮੈਂਟ ਦੀ ਮਰਜ਼ੀ ਅਧੀਨ ਹਨ..."[11]

"ਧਾਰਾ 11 ਬਹੁਤ ਹੀ ਸਪੱਸ਼ਟਤਾ ਨਾਲ ਕਹਿੰਦੀ ਹੈ ਕਿ ਪਾਰਲੀਮੈਂਟ ਪਾਸ ਨਾਗਰਿਕਤਾ ਦੇਣ ਤੇ ਰੱਦ ਕਰਨ ਸਬੰਧੀ ਕਾਨੂੰਨ ਬਣਾਉਣ, ਨਿਯਮ ਬਣਾਉਣ ਤੇ ਕੋਈ ਵੀ ਕਦਮ ਲੈਣ ਦੇ ਅਧਿਕਾਰ ਹਨ। ਸੋ ਬੇਸ਼ਰਤ ਨਾਗਰਿਕਤਾ ਹੱਕ ਨੂੰ ਸੁਨਿਸ਼ਚਤ ਕਰਨ ਦੀ ਬਜਾਇ, ਇਸ ਅੰਦਰ ਕਿਸੇ ਵੀ ਕਿਸਮ ਦੀ ਦਖਲ-ਅੰਦਾਜ਼ੀ ਕਰਨ ਦੇ ਹਕੂਮਤ ਦੇ ਹੱਕ ਨੂੰ ਸੁਨਿਸ਼ਚਤ

ਕੀਤਾ ਗਿਆ ਹੈ।.... ਭਾਰਤ ਦੇ ਹਾਕਮਾਂ ਨੇ....ਮੌਜੂਦਾ ਸੋਧ ਵੀ ਇਸੇ ਧਾਰਾ ਤਹਿਤ ਪਾਰਲੀਮਾਨੀ ਹੱਕ ਦੀ ਵਰਤੋਂ ਕਰਕੇ ਕੀਤੀ ਹੈ।"[12]

ਧਾਰਾ 11 ਕੀ ਕਹਿੰਦੀ ਹੈ: "**Parliament to regulate the right of citizenship by law :-** Nothing in the foregoing provisions of this Part shall derogate from the power of Parliament to make any provision with respect to the acquisition and termination of citizenship and all other matters relating to citizenship"[13]

ਨਿਚੋੜ : ਇਹ ਕਾਨੂੰਨ ਕਿਸੇ ਘੱਟ-ਗਿਣਤੀ ਦੇ ਸਤਾਏ ਹੋਏ ਲੋਕਾਂ ਦੀ ਹਮਦਰਦੀ 'ਚੋਂ ਚੁੱਕਿਆ ਕਦਮ ਨਹੀਂ ਹੈ। ਇਹ ਇਸਲਾਮ ਖਿਲਾਫ ਜਨੂੰਨ ਭੜਕਾਉਣ ਵਾਲਾ ਤਾਂ ਹੈ ਹੀ, ਨਾਲ ਦੀ ਨਾਲ ਸਮੁੱਚੇ ਲੋਕਾਂ 'ਤੇ ਫਾਸ਼ੀ ਹੱਲਾ ਹੈ। ਇਸਦਾ ਵਿਰੋਧ ਵੀ ਨਾ ਤਾਂ ਕੇਵਲ ਮੁਸਲਿਮ ਭਾਈਚਾਰੇ ਨਾਲ ਹਮਦਰਦੀ ਵਜੋਂ ਅਤੇ ਨਾ ਹੀ ਕੇਵਲ ਸੰਵਿਧਾਨ ਦੀ ਰਖਵਾਲੀ ਦੇ ਪੈਂਤਰੇ ਤੋਂ ਕੀਤਾ ਜਾ ਸਕਦਾ ਹੈ। ਇੱਥੇ ਇਹ ਖਿਆਲ ਰੱਖਣਾ ਬਣਦਾ ਹੈ ਕਿ ਜੇਕਰ ਦੇਸ਼ ਹੋਵੇਗਾ ਤਾਂ ਹੀ ਸੰਵਿਧਾਨ ਹੋਵੇਗਾ। ਮੰਨ ਲਓ ਸਾਡਾ ਦੇਸ਼ ਹੀ ਕੋਈ ਨਹੀਂ ਤਾਂ ਫਿਰ ਸੰਵਿਧਾਨ ਕੀ ਹੋਵੇਗਾ? ਇਸ ਲਈ ਸਾਡੀ ਜੱਦੋ-ਜਹਿਦ ਮੁੱਖ ਤੌਰ 'ਤੇ ਕੇਂਦਰੀ ਹਕੂਮਤ ਵੱਲੋਂ ਚੁੱਕੇ ਇਨ੍ਹਾਂ ਕਦਮਾਂ ਦੀ ਵਾਪਸੀ ਦੀ ਮੰਗ ਅਤੇ ਦੇਸ਼ ਨੂੰ ਫਿਰਕੂ ਭੱਠੀ 'ਚ ਝੋਕਣ ਵਿਰੁੱਧ ਅਤੇ ਦੇਸ਼ ਨੂੰ ਇੱਕ-ਮੁੱਠ ਰੱਖਣ ਜਿਹੇ ਮੁੱਦਿਆਂ ਨੂੰ ਉਭਾਰਦਿਆਂ ਲੋਕਾਂ ਦੇ ਜ਼ਬਰਦਸਤ ਏਕੇ ਨਾਲ ਸੰਘਰਸ਼ ਕੀਤਾ ਜਾਣਾ ਚਾਹੀਦਾ ਹੈ। ਇਹ ਤਿੰਨੇ ਕਾਨੂੰਨਾਂ ਦੇ ਵਿਰੋਧ 'ਚ ਮੁਜ਼ਾਹਰਿਆਂ ਦੇ ਨਾਲੋ-ਨਾਲ ਕੋਈ ਨਾ ਕੋਈ ਆਰਥਕ ਨਾ-ਮਿਲਵਰਤਨ ਦਾ ਐਕਸ਼ਨ ਪ੍ਰੋਗਰਾਮ ਵੀ ਦਿੱਤਾ ਜਾਣਾ ਬਣਦਾ ਹੈ। ਮਿਸਾਲ ਦੇ ਤੌਰ 'ਤੇ ਘੱਟੋ-ਘੱਟ ਹਕੂਮਤ ਦੇ ਚਹੇਤੇ ਕਾਰਪੋਰੇਟ ਅੰਬਾਨੀ ਜਾਂ ਅਜਿਹੇ ਕੋਈ ਹੋਰ ਕਾਰਪੋਰੇਟਾਂ ਦੀਆਂ ਕੰਪਨੀਆਂ ਦੇ ਮਾਲ ਦਾ ਬਾਈਕਾਟ ਕੀਤਾ ਜਾ ਸਕਦਾ ਹੈ ਜਾਂ ਅਜਿਹੇ ਹੀ ਹੋਰ ਕਦਮ ਚੁੱਕੇ ਜਾ ਸਕਦੇ ਹਨ ਤਾਂ ਕਿ ਸਰਕਾਰ ਲੋਕਾਂ ਨੂੰ ਭੈਅ-ਭੀਤ ਕਰਕੇ ਜਾਂ ਕਬਾਇਲੀਆਂ ਅਤੇ ਹੋਰਨਾਂ ਆਮ ਲੋਕਾਂ ਨੂੰ ਜਾਇਦਾਦ-ਵਿਹੂਣੇ ਕਰਕੇ ਉਨ੍ਹਾਂ ਦੀਆਂ ਜਾਇਦਾਦਾਂ ਜਿਨ੍ਹਾਂ ਕਾਰਪੋਰੇਟ ਘਰਾਣਿਆਂ ਨੂੰ ਦੇ ਕੇ ਫਾਇਦਾ ਪਹੁੰਚਾਉਣਾ ਚਾਹੁੰਦੀ ਹੈ, ਉਨ੍ਹਾਂ ਨੂੰ ਸਿੱਧਾ ਸੇਕ ਲੱਗੇ। ਇਹ ਅਮਲੀ ਤੌਰ 'ਤੇ ਅਸਰਦਾਇਕ ਵਿਰੋਧ ਬਣੇਗਾ।

ਹਵਾਲੇ :

1, ਰੈੱਡ ਸਟਾਰ, ਫਰਵਰੀ, 2020, ਪੰਨਾ 31

2, 3, 4, ਰੈੱਡ ਸਟਾਰ, ਜਨਵਰੀ, 2020, ਪੰਨਾ 12

5, 6, 7, ਪੰਜਾਬੀ ਟ੍ਰਿਬਿਊਨ, 14 ਫਰਵਰੀ, 2020

8, ਰੈੱਡ ਸਟਾਰ, ਪੰਨਾ 12, ਜਨਵਰੀ, 2020

9, ਫਾਸ਼ਿਜ਼ਮ ਆਫ ਸੰਘ ਪਰਿਵਾਰ- ਅੰਗਰੇਜ਼ੀ-ਅਡੀਸ਼ਨ 2009, ਸਫਾ 50

10, 11, 12, 'ਲਲਕਾਰ' ਸੰਯੁਕਤ ਅੰਕ 1-15 ਤੇ 16-31 ਜਨਵਰੀ, 2020, ਪੰਨਾ 12

13, Commentary on The Constitution of India- Ninth Edition, Reprint 2004, Page 35

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬੀ ਦੇ ਪ੍ਰਸਿੱਧ ਲੇਖਕਾਂ ਨਾਵਲਕਾਰ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਇੰਦਰ ਸਿੰਘ ਖਾਮੋਸ਼, ਸੁਰਜੀਤ ਹਾਂਸ, 'ਤਰਕਸ਼ੀਲ' ਨਾਲ ਲਗਾਤਾਰ ਜੁੜੇ ਰਹੇ ਲੇਖਕ ਡਾ. ਸੁਰਜੀਤ ਢਿੱਲੋਂ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਗੁਰਮੀਤ ਢੱਡਾ, ਵਾਤਾਵਰਨ ਪ੍ਰੇਮੀ ਕਾਮਰੇਡ ਗੁਰਦਿਆਲ ਸ਼ੀਤਲ, ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਾਬਕਾ ਇਕਾਈ ਦੀਵਾਨਾ ਦੇ ਆਗੂ ਪਰਮਜੀਤ ਦੀਵਾਨਾ ਦੇ ਪਿਤਾ ਗਿਰਧਾਰੀ ਲਾਲ (ਨੇਤਰ ਪ੍ਰਦਾਨੀ), ਅੱਡਾ ਸਰਾਂ ਇਕਾਈ ਦੇ ਆਗੂ ਦਿਲਬਾਗ ਬਾਹੋਪੁਰ, ਸੰਤੋਖ ਸਿੰਘ ਦੇ ਮਾਤਾ ਸੁਰਜੀਤ ਕੌਰ ਅਤੇ ਜ਼ੋਨ ਤਰਕਸ਼ੀਲ ਆਗੂ ਸੁਖਦੇਵ ਫਗਵਾੜਾ ਦੀ ਜੀਵਨ ਸਾਥਣ ਹਰਬੰਸ ਕੌਰ ਦੀ ਮਾਤਾ ਨਸੀਬ ਕੌਰ, ਭਰਜਾਈ ਤੇਜ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੀ ਹੈ।

ਉੱਦਮ, ਸੁਹਿਰਦਤਾ ਨੂੰ ਸਲਾਮ

ਤਰਕਸ਼ੀਲ ਲਹਿਰ ਦੇ ਕੌਮੀ ਨਾਇਕ ਡਾ. ਨਰੇਂਦਰ ਦਾਭੋਲਕਰ ਦੀ ਯਾਦ ਵਿੱਚ ਨਵੇਂ ਸਾਲ 2020 ਵਿੱਚ ਮਨਾਏ ਗਏ ਮੈਗਜ਼ੀਨ ਹਫਤੇ ਦੌਰਾਨ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ, ਲੰਬੀ (ਸ਼੍ਰੀ ਮੁਕਤਸਰ ਸਾਹਿਬ) ਦੇ ਪ੍ਰਧਾਨ ਡਾ. ਮਨਜਿੰਦਰ ਸਿੰਘ ਸਰਾਂ ਨੇ ਤਰਕਸ਼ੀਲ ਮੈਗਜ਼ੀਨ ਦੇ 110 ਚੰਦੇ, ਹਿੰਦੀ ਤਰਕਸ਼ੀਲ ਪਥ ਦੇ 6 ਚੰਦੇ ਲਗਾ ਕੇ ਤਰਕਸ਼ੀਲ ਸਨੇਹੀਆਂ ਲਈ ਮਿਸਾਲ ਬਣਾਈ ਹੈ। ਇਹਨਾਂ ਪ੍ਰੇਰਨਾ ਮਈ ਯਤਨਾਂ ਨੂੰ ਸਰਾਹੁਣਾ ਸਾਡਾ ਮਾਣ ਹੈ ਤੇ ਸਬਕ ਵੀ।

...ਅਦਾਰਾ

ਤਰਕਸ਼ੀਲਤਾ ਅਤੇ ਡਾ. ਅੰਬੇਦਕਰ



ਐੱਸ. ਐੱਲ. ਵਿਰਦੀ ਐਡਵੋਕੇਟ

ਡਾਕਟਰ ਅੰਬੇਦਕਰ ਇੱਕ ਗਰੀਬ ਪਰਿਵਾਰ ਵਿੱਚ ਪੈਦਾ ਹੋਏ। ਉਹਨਾਂ ਦਾ ਸਮੁੱਚਾ ਜੀਵਨ ਦੁੱਖਾਂ, ਤਕਲੀਫਾਂ, ਤੰਗੀਆਂ-ਤੁਰਸ਼ੀਆਂ ਤੇ ਰੌਂਗਟੇ ਖੜ੍ਹੇ ਕਰਨ ਵਾਲੀਆਂ ਅਪਮਾਨਤ ਦੁਰਘਟਨਾਵਾਂ ਦੀ ਗਾਥਾ ਹੈ। ਉਨ੍ਹਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ ਜਨਤਕ ਥਾਵਾਂ, ਸਕੂਲਾਂ, ਕਾਲਜਾਂ, ਹੋਟਲਾਂ, ਹੋਸਟਲਾਂ, ਗੱਡੀਆਂ, ਦੁਕਾਨਾਂ, ਮੰਦਰਾਂ, ਸਰਾਵਾਂ, ਦਫਤਰਾਂ ਵਿੱਚੋਂ ਅਪਮਾਨਤ ਕਰਕੇ ਬਾਰ-ਬਾਰ ਕੱਢਿਆ ਗਿਆ। ਇਸ ਲਗਾਤਾਰ ਭੇਦਭਾਵ, ਅਪਮਾਨ, ਅਨਿਆਂ, ਅੱਤਿਆਚਾਰਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਬਹੁਤ ਅਧਿਐਨ ਕੀਤਾ।

ਉਹਨਾਂ ਦੀ ਆਪਣੀ ਨਿੱਜੀ ਲਾਇਬਰੇਰੀ ਵਿੱਚ ਰਾਜਨੀਤੀ ਸ਼ਾਸਤਰ, ਧਰਮ, ਸਾਹਿਤ, ਅਰਥ ਸ਼ਾਸਤਰ ਅਤੇ ਅਨੇਕਾਂ ਹੋਰ ਵਿਸ਼ਿਆਂ 'ਤੇ 32000 ਦੇ ਕਰੀਬ ਪੁਸਤਕਾਂ ਸਨ। ਉਹ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ ਵਿਸ਼ਿਆਂ ਦੇ ਬੁੱਧੀਜੀਵੀ ਸਨ।

ਡਾਕਟਰ ਅੰਬੇਦਕਰ ਨੇ ਅਸਮਾਨਤਾਵਾਂ ਵਾਲੇ ਇਸ ਪ੍ਰਬੰਧ ਅਤੇ ਇਸ ਦੇ ਕਾਲਪਨਿਕ ਸਰਬਸ਼ਕਤੀਮਾਨ ਵਿਧਾਤਾ ਅਤੇ ਕਿਸਮਤ ਦੀਆਂ ਧੱਜੀਆਂ ਉਡਾਉਂਦਿਆਂ ਪੀੜਤ ਦਲਿਤਾਂ ਨੂੰ ਕਿਹਾ, "ਕੇਵਲ ਜ਼ਿੰਦੇ ਰਹਿਣ 'ਚ ਕੋਈ ਸਨਮਾਨ ਨਹੀਂ ਹੈ, ਕਿਸ ਸਥਿਤੀ 'ਚ ਅਸੀਂ ਜਿਉਂਦੇ ਹਾਂ, ਇਹ ਜ਼ਿਆਦਾ ਮਹੱਤਵਪੂਰਨ ਹੈ। ਕੋਈ ਗੁਲਾਮ ਬਣ ਕੇ ਜ਼ਿੰਦਾ ਰਹਿ ਸਕਦਾ ਹੈ ਅਤੇ ਕੋਈ ਸੰਘਰਸ਼ ਕਰ ਕੇ ਅਣਖ ਨਾਲ ਜ਼ਿੰਦਾ ਰਹਿੰਦਾ ਹੈ।"

ਉਹਨਾਂ ਕਿਹਾ, "ਸਮਾਜਿਕ ਅਤੇ ਆਰਥਿਕ ਤਬਦੀਲੀ ਤੋਂ ਬਿਨ੍ਹਾਂ ਪ੍ਰਗਤੀ ਸੰਭਵ ਨਹੀਂ।"

"ਜਿਉਂਦੇ ਰਹਿਣ ਲਈ ਰੋਟੀ, ਕੱਪੜਾ, ਮਕਾਨ ਹੀ ਸਭ ਕੁੱਝ ਨਹੀਂ, ਹਰ ਛੋਟੇ-ਵੱਡੇ ਵਿਅਕਤੀ ਦੇ ਸਾਥ ਬਰਾਬਰ ਹਿੱਸੇਦਾਰੀ ਅਤੇ ਸਨਮਾਨ ਪ੍ਰਾਪਤ ਕਰਨਾ ਵੀ ਤੁਹਾਡਾ ਜਨਮ ਸਿੱਧ ਅਧਿਕਾਰ ਹੈ। ਜੇਕਰ ਤੁਸੀਂ ਸਨਮਾਨ ਪੂਰਵਕ ਜ਼ਿੰਦਗੀ ਜਿਉਣ 'ਚ ਵਿਸ਼ਵਾਸ ਰੱਖਦੇ ਹੋ ਤਾਂ ਤੁਹਾਨੂੰ ਇਸ ਉਦੇਸ਼ ਦੀ ਪ੍ਰਾਪਤੀ ਤੇ ਆਤਮ-ਸਨਮਾਨ ਲਈ ਸੰਘਰਸ਼ ਕਰਕੇ ਆਪਣਾ ਜੀਵਨ ਸੁੰਦਰ ਤੋਂ ਸੁੰਦਰ ਬਣਾਉਣਾ ਚਾਹੀਦਾ ਹੈ।"

"ਜਦ ਤੱਕ ਔਰਤ ਨੂੰ ਨੰਬਰ ਦੋ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ ਅਤੇ ਉਸ ਨੂੰ ਮਰਦਾਂ ਦੇ ਬਰਾਬਰ ਨਹੀਂ ਆਉਣ ਦਿੱਤਾ ਜਾਵੇਗਾ, ਤਦ ਤੱਕ ਦੇਸ਼ ਦਾ ਅੱਧਾ ਭਾਗ ਗੁਲਾਮ ਹੀ ਬਣਿਆ ਰਹੇਗਾ।"

ਔਰਤਾਂ ਨੂੰ ਸਿੱਖਿਆ ਦਿੰਦਿਆਂ ਕਿਹਾ, "ਭੈਣੋ! ਸਾਨੂੰ ਕਰਮ ਫਿਲਾਸਫੀ ਨੂੰ ਤਿਆਗ ਦੇਣਾ ਚਾਹੀਦਾ ਹੈ। ਇਹ ਗਲਤ ਹੈ ਕਿ ਮਾਪੇ ਸਿਰਫ ਬੱਚੇ ਨੂੰ ਜਨਮ ਹੀ ਦਿੰਦੇ ਹਨ, ਭਵਿੱਖ ਨਹੀਂ। ਮਾਪੇ ਆਪਣੇ ਬੱਚਿਆਂ ਦਾ ਭਵਿੱਖ ਉਜਲ ਬਣਾ ਸਕਦੇ ਹਨ। ਜੇਕਰ ਉਹ ਇਸ ਅਸੂਲ ਉੱਤੇ ਕਿ ਲੜਕਿਆਂ ਦੇ ਨਾਲ-ਨਾਲ ਲੜਕੀਆਂ ਨੂੰ ਵੀ ਵਿਦਿਆ ਦੇਣ ਲੱਗ ਪੈਣ ਤਾਂ ਉਹ ਬਹੁਤ ਜਲਦੀ ਚੰਗੇ ਦਿਨ ਵੇਖ ਸਕਦੇ ਹਨ ਅਤੇ ਹੋਰ ਵੀ ਤਰੱਕੀ ਕਰ ਸਕਦੇ ਹਨ।"

ਉਹਨਾਂ ਕਿਹਾ, "ਔਰਤ ਸਮਾਜ ਦੀ ਸਿਰਜਣਹਾਰੀ ਹੈ। ਜਿਹੋ ਜਿਹੀ ਔਰਤ ਹੋਵੇਗੀ, ਉਹੋ ਜਿਹਾ ਸਮਾਜ ਹੋਵੇਗਾ। ਜੇ ਔਰਤ ਅਸਮਾਨ, ਅਨਪੜ੍ਹ, ਅੰਧ-ਵਿਸ਼ਵਾਸੀ ਤੇ ਅਪਮਾਨਤ ਹੋਵੇਗੀ ਤਾਂ ਸਮਾਜ ਵੀ ਅਗੈਰਤਮੰਦ, ਅਗਿਆਨੀ, ਅਸੱਭਿਆ ਅਤੇ ਅੰਧ-ਵਿਸ਼ਵਾਸੀ ਹੋਵੇਗਾ।"

"ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਇਸਤਰੀਆਂ ਦਾ ਜਥੇਬੰਦ ਹੋਣਾ ਅਤਿਅੰਤ ਜ਼ਰੂਰੀ ਹੈ। ਉਹ ਸਮਾਜ ਦੀ ਦਸ਼ਾ ਨੂੰ ਸੁਧਾਰਨ ਲਈ ਬਹੁਤ ਕੁੱਝ ਕਰ ਸਕਦੀਆਂ ਹਨ। ਮੈਂ ਕਿਸੇ ਸਮੁਦਾਇ ਦੀ ਤਰੱਕੀ ਨੂੰ ਇਸ ਪੈਮਾਨੇ ਨਾਲ ਨਾਪਦਾ ਹਾਂ ਕਿ ਉਸ ਸਮੁਦਾਇ ਦੀਆਂ ਔਰਤਾਂ ਨੇ ਕਿੰਨੀ ਪ੍ਰਗਤੀ ਕੀਤੀ ਹੈ।"

"ਜਦ ਤੱਕ ਔਰਤਾਂ ਕ੍ਰਾਂਤੀ ਵਿੱਚ ਹਿੱਸੇਦਾਰ ਨਹੀਂ ਬਣਨਗੀਆਂ, ਤਦ ਤੱਕ ਕ੍ਰਾਂਤੀ ਸਮਾਜਿਕ ਹੋਵੇ ਜਾਂ ਆਰਥਿਕ ਅਧੂਰੀ ਹੀ ਰਹੇਗੀ।"

ਬੁੱਧ ਦੇ ਹਵਾਲੇ ਨਾਲ ਡਾਕਟਰ ਅੰਬੇਦਕਰ ਨੇ ਲਿਖਿਆ:

1. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਤੁਹਾਡੇ ਸੁਣਨ ਵਿੱਚ ਆਈ ਹੈ।
2. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਪਹਿਲਾਂ ਤੋਂ ਚਲੀ ਆ ਰਹੀ ਹੈ।
3. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਪ੍ਰਚੱਲਿਤ ਰੀਤੀ-ਰਿਵਾਜ਼ ਹੈ।
4. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ,

...ਬਾਕੀ ਪੰਨਾ 45 'ਤੇ

ਪ੍ਰਤੀਕਰਮ

ਲੇਖ 'ਪਲੱਸੀਬੋ ਇਫੈਕਟ ਅਤੇ ਹੋਮੀਓਪੈਥੀ' ਦੇ ਸੰਬੰਧ ਵਿੱਚ

ਹੋਮੀਓਪੈਥੀ-ਪਲੱਸੀਬੋ ਇਫੈਕਟ (ਡਾ. ਬਲਵੰਤ ਸਿੰਘ) ਲੇਖ ਪੜ੍ਹਿਆ। 'ਤਰਕਸ਼ੀਲ' ਮੈਗਜ਼ੀਨ ਅੰਕ ਨਵੰਬਰ-ਦਸੰਬਰ 2019 ਵਿੱਚ ਸਤਿਕਾਰਤ ਸੀਨੀਅਰ ਡਾਕਟਰ ਵੱਲੋਂ ਕਿਸੇ ਸਿਸਟਮ ਨੂੰ ਮੁੱਢੋਂ ਰੱਦ ਕਰ ਦੇਣਾ, ਇਹ ਲਿਖ ਕੇ ਕਿ ਇਹ ਪਲੱਸੀਬੋ ਹੈ, ਬਹੁਤ ਦੁਖਦਾਇਕ ਲੱਗਿਆ। ਕਿੰਨੇ ਹੀ ਤਰੀਕੇ ਨੇ ਤਰਕ ਦੇ ਆਧਾਰ 'ਤੇ ਸਿੱਧ ਕਰਨ ਲਈ ਕਿ ਹੋਮੀਓਪੈਥੀ ਪਲੱਸੀਬੋ ਨਹੀਂ ਹੈ।

1. ਜੇ ਇੱਕੋ-ਇੱਕ ਤਰੀਕਾ ਵਿਗਿਆਨਕ ਮੰਨਣ ਦਾ ਇਹ ਹੈ ਕਿ ਦਵਾਈ ਦੇ ਸੈਂਪਲ ਵਿੱਚ ਦਵਾਈ ਦਾ ਕੋਈ ਅਣੂੰ ਜਾਂ ਮੌਲੀਕਯੂਲ ਹੋਵੇ ਤਾਂ ਵਿਗਿਆਨਕ ਤੌਰ 'ਤੇ 12 ਸੀ ਪੋਟੈਂਸੀ ਤੱਕ ਦਵਾਈ ਦੇ ਅਣੂੰ ਜਾਂ ਮੌਲੀਕਯੂਲ ਹੁੰਦੇ ਨੇ ਤੇ ਬਹੁਤ ਸਾਰੇ ਕੇਸ ਅਸੀਂ 6 ਸੀ. ਪੋਟੈਂਸੀ ਨਾਲ ਠੀਕ ਕਰਦੇ ਹਾਂ ਤੇ 1 ਤੋਂ ਲੈ ਕੇ 12 ਸੀ. ਪੋਟੈਂਸੀ ਤੱਕ ਹੋਮੀਓਪੈਥੀ ਸਿਸਟਮ ਗੈਰ-ਵਿਗਿਆਨਕ ਕਿਵੇਂ ਹੋ ਗਿਆ? ਭਾਵ ਜਿੱਥੇ ਤੱਕ ਸਾਇੰਸ ਸਿੱਧ ਕਰ ਸਕਦੀ ਹੈ ਕਿ ਅਣੂੰ ਮੌਲੀਕਯੂਲ ਹੈ।

2. ਦੂਜਾ ਮੁੱਖ ਸਿਧਾਂਤ, similia similibus curentur, ਇਸ ਦਾ ਭਾਵ ਇਹ ਹੈ ਕਿ ਉਹ ਪਦਾਰਥ ਜਿਹੜਾ ਨਾਰਮਲ ਵਿਅਕਤੀ ਵਿੱਚ ਕਿਸੇ ਬਿਮਾਰੀ ਦੇ ਲੱਛਣ ਪੈਦਾ ਕਰ ਸਕਦਾ ਹੈ, ਉਹ ਪਦਾਰਥ ਉਸ ਲੱਛਣਾਂ ਵਾਲੀ ਬਿਮਾਰੀ ਤੋਂ ਪੀੜਤ ਮਰੀਜ਼ ਨੂੰ ਠੀਕ ਕਰ ਦੇਵੇਗਾ, ਇਹ ਗੈਰ-ਵਿਗਿਆਨਕ ਕਿਵੇਂ ਹੋ ਗਿਆ, ਐਲੋਪੈਥੀ ਸਿਸਟਮ ਦੀ WHO ਵੱਲੋਂ ਪ੍ਰਮਾਣਿਤ ਵੈਕਸੀਨੇਸ਼ਨ ਥਿਉਰੀ ਹੈ ਹੀ ਹੋਮੀਓਪੈਥੀ ਦੇ ਮੁੱਢਲੇ ਸਿਧਾਂਤ 'ਤੇ ਆਧਾਰਿਤ ਜਿਸ ਨਾਲ ਪਹਿਲਾਂ ਚੇਚਕ ਖਤਮ ਹੋਈ, ਹੁਣ ਪੋਲੀਓ ਖਤਮ ਕਰ ਰਹੇ ਹਾਂ। ਵੈਕਸ਼ੀਨ ਬਿਮਾਰੀਆਂ ਪੈਦਾ ਕਰਨ ਵਾਲੇ ਜੀਵਾਣੂਆਂ ਤੋਂ ਕਈ-ਕਈ ਤਰੀਕਿਆਂ ਨਾਲ ਬਣਾਈ ਜਾਂਦੀ ਹੈ। ਉਨ੍ਹਾਂ ਦੀ ਸ਼ਕਤੀ ਘਟਾ ਕੇ, ਤੇ ਫਿਰ ਜੇ ਹੋਮੀਓਪੈਥੀ ਸ਼ਕਤੀ ਘਟਾਅ ਕੇ ਪੋਟੈਂਸੀ ਦੇ ਰੂਪ ਵਿੱਚ ਦਿੰਦੀ ਹੈ ਤਾਂ ਗੈਰ-ਵਿਗਿਆਨਕ ਕਿਵੇਂ ਹੋ ਗਈ?

12 ਸੀ. ਪੋਟੈਂਸੀ ਤੱਕ ਅਣੂੰ, ਮੌਲੀਕਯੂਲ ਹੁੰਦੇ ਨੇ, ਇਸ ਲਈ ਕੋਈ ਰੌਲਾ ਨਹੀਂ ਹੈ ਕਿ ਹੋਮੀਓਪੈਥੀ ਵਿਗਿਆਨਕ ਨਹੀਂ ਹੈ। ਰੌਲਾ ਉੱਪਰਲੀਆਂ ਪੋਟੈਂਸੀਆਂ ਦਾ ਹੈ, 30, 200, 1000 (1 M, 10 M, 50 M, CM, 0/1 to 0/30) ਇਨ੍ਹਾਂ ਲਈ ਸਗੋਂ ਡਾ. ਬਲਵੰਤ ਸਿੰਘ ਸਿੱਧੂ ਤੇ ਹੋਰ ਵਿਗਿਆਨਕ ਨਜ਼ਰੀਆ ਰੱਖਦੇ ਸੁਹਿਰਦ ਲੋਕ ਕਦੇ ਸਿੱਧ ਕਰ ਦੇਣਗੇ।

ਰਾਜਸਥਾਨ ਦੇ ਮਸ਼ਹੂਰ ਮਾਨਸਿਕ ਰੋਗ ਮਾਹਿਰ ਡਾਕਟਰ, ਡਾ. ਜੀ.ਐਸ. ਹੇਅਰ ਨਾਲ ਮੇਰਾ ਵਾਹ ਵਾਸਤਾ 1978 ਤੋਂ ਵਿਦਿਆਰਥੀ ਲਾਈਫ ਤੋਂ ਹੈ। ਅਬੋਹਰ ਮੈਂ ਵਿਦਿਆਰਥੀ ਸੀ। ਉਹ ਗੰਗਾਨਗਰ ਮਾਨਸਿਕ ਰੋਗ ਮਾਹਿਰ ਸੀ, ਉਨ੍ਹਾਂ ਕੋਲ ਰੈਫਰੈਂਸ ਲਈ ਹੋਮੀਓਪੈਥੀ ਦਾ original ਲਿਟਰੇਚਰ ਸੀ। ਬ੍ਰਿਟਿਸ਼ ਹੋਮੀਓਪੈਥੀ ਜਨਰਲ 'ਚ ਉਨ੍ਹਾਂ ਦੇ ਆਰਟੀਕਲ ਛਪਦੇ ਸੀ ਤੇ ਹੋਰ ਤਾਂ ਹੋਰ ਉਹ ਇਹ 0/1 ਤੋਂ 0/30 ਪੋਟੈਂਸੀ ਜ਼ਿਆਦਾ ਵਰਤਦੇ ਸੀ, ਬਹੁਤੇ ਮਾਨਸਿਕ ਰੋਗੀਆਂ ਨੂੰ ਸਿੱਧਾ ਹੋਮੀਓਪੈਥੀ 'ਤੇ ਅਤੇ ਕੁੱਝ ਨੂੰ ਦਵਾਈਆਂ 'ਤੇ ਈ.ਸੀ.ਟੀ.ਜ਼ ਤੋਂ ਬਾਅਦ ਵਿੱਚ।

ਉਹ ਇੱਕੋ ਗੱਲ ਕਹਿੰਦੇ ਸੀ ਕਿ ਹੋਮੀਓਪੈਥੀ ਬਹੁਤ ਲਾਹੇਵੰਦ ਪੈਥੀ ਹੈ। ਪੁਰਾਣੇ ਰੋਗ ਠੀਕ ਕਰ ਦਿੰਦੀ ਹੈ ਜਾਂ ਲੰਬਾ ਸਮਾਂ ਠੀਕ ਕਰ ਦਿੰਦੀ ਹੈ। ਇਸ ਦੀਆਂ ਉੱਚੀਆਂ ਪੋਟੈਂਸੀਆਂ ਕੰਮ ਕਰਦੀਆਂ ਹਨ, ਪਰ ਦਵਾਈ ਦੇ ਤੌਰ 'ਤੇ ਕੀ ਰਹਿ ਜਾਂਦਾ ਹੈ, ਕਿਵੇਂ ਕੰਮ ਕਰਦੀਆਂ ਹਨ, ਇਸ ਨੂੰ ਗੈਰ-ਵਿਗਿਆਨਕ ਢੰਗ ਨਾਲ ਨਾ ਵਿਆਖਿਆ ਕਰੋ, ਖੁੱਲ੍ਹਾ ਛੱਡ ਦਿਓ, ਕੋਈ ਵਿਗਿਆਨੀ ਕਦੇ ਵਿਆਖਿਆ ਕਰ ਦੇਵੇਗਾ।

ਬੱਚਿਆਂ ਵਿੱਚ ਜੋ ਲਿਖਿਆ ਹੈ ਕਿ ਹੋਮੀਓਪੈਥੀ ਨਹੀਂ ਦੇਣੀ। ਬੱਚਿਆਂ 'ਚ ਦਸਤ, ਕਬਜ਼, ਸਾਹ ਸਾਰੇ ਹੀ ਇਸ ਨਾਲ ਠੀਕ ਹੁੰਦੇ ਨੇ। ਮਾਨਸਿਕ ਰੋਗਾਂ 'ਚ ਹੋਮੀਓਪੈਥੀ ਦੇ ਕੰਮ ਕਰਨ ਦਾ ਕਾਰਨ ਹੈ ਸਾਡੀ ਜੋ ਰੀਪਰਟਰੀ ਬੁੱਕ ਹੈ, ਉਸਦਾ ਮਾਈਂਡ ਸੈਕਸ਼ਨ ਭਰਿਆ ਪਿਆ ਹੈ ਮਾਨਸਿਕ ਲੱਛਣਾਂ ਨਾਲ, Delusions Hallucinations, Anxieties, Fear, Mania, Sadness, Ailments from so and so reason। ਇੱਕ ਹੋਰ ਗੱਲ ਕਿ ਪਸ਼ੂ ਤਾਂ ਨਹੀਂ ਪਲੱਸੀਬੋ ਨਾਲ ਠੀਕ ਹੋ ਜਾਂਦੇ। ਪਸ਼ੂਆਂ ਦੇ ਰੋਗਾਂ 'ਤੇ ਅਸਰਦਾਰ ਨੇ ਇਹ ਦਵਾਈਆਂ।

ਇੱਕ ਕਿੰਨਾ ਗਲਤ ਲਿਖਿਆ ਗਿਆ ਡਾ. ਸਾਹਿਬ ਤੋਂ ਕਿ ਹੋਮੀਓਪੈਥੀ ਡਾਕਟਰ ਨਾਲ-ਨਾਲ ਸਟੀਰਾਇਡ ਦੇ ਦਿੰਦੇ ਨੇ। ਹੋਮੀਓਪੈਥੀ ਤਾਂ ਹੈ ਹੀ ਮਿੱਠੀਆਂ ਗੋਲੀਆਂ ਦੇ ਰੂਪ ਵਿੱਚ। ਉੱਤੇ ਦਵਾਈ ਦੇ ਕੁੱਝ ਤੁਬਕੇ ਪਾਏ ਜਾਂਦੇ ਨੇ। ਮੈਂ ਸਟੇਟ ਪੱਧਰ 'ਤੇ ਆਗੂ ਹਾਂ, ਰਿਹਾ ਹਾਂ, ਕਦੇ ਵੀ ਕੋਈ ਸਾਡਾ ਡਾਕਟਰ ਸਟੀਰਾਇਡ ਵਰਤਦਾ ਨਹੀਂ ਦੇਖਿਆ। ਜੇ ਵਰਤਦਾ ਹੁੰਦਾ, ਅਸੀਂ ਆਪ ਹੀ ਫੜਾ ਦਿੰਦੇ।

ਮੈਂ ਫਿਰ ਲਿਖ ਰਿਹਾ ਹਾਂ, ਹੋਮੀਓਪੈਥੀ ਬਹੁਤ ਲਾਹੇਵੰਦ ਪੈਥੀ ਹੈ, ਇਹ ਕੰਮ ਕਰਦੀ ਹੈ, ਬਿਮਾਰੀਆਂ ਨੂੰ ਪੂਰਨ ਤੌਰ 'ਤੇ ਜਾਂ ਲੰਬੇ ਸਮੇਂ ਲਈ ਠੀਕ ਕਰਦੀ ਹੈ।

ਡਾ. ਏ.ਐਸ. ਮਾਨ (ਸੰਗਰੂਰ), 98148-06387

ਪ੍ਰਾਪਤ ਆਰਥਿਕ ਸਹਾਇਤਾ

ਮੈਗਜ਼ੀਨ ਫੰਡ : (ਰਾਹੀਂ : ਬਲਦੇਵ ਰਹਿਪਾ, ਕੈਨੇਡਾ)

1. ਸੁਰਿੰਦਰ ਸਿੰਘ ਘੁੰਮਣ, ਕੈਨੇਡਾ 5400
2. ਕੁਲਦੀਪ ਚਾਹਲ, ਕੈਨੇਡਾ 5400
3. ਮਨੀ ਬੈਂਸ, ਕੈਨੇਡਾ 5400
4. ਸੁਰਜੀਤ ਸਹੋਤਾ, ਕੈਨੇਡਾ 2990
5. ਬਲਦੇਵ ਰਹਿਪਾ, ਕੈਨੇਡਾ 5500

ਹਾਲ ਫੰਡ :

ਬਲਵੰਤ ਸਿੰਘ (ਰਿਟਾਇਰਡ ਲੈਕਚਰਾਰ) ਸਰਦੂਲਗੜ੍ਹ (ਬੇਟੇ ਦੇ ਵਿਆਹ ਦੀ ਖੁਸ਼ੀ ਵਿੱਚ) (ਰਾਹੀਂ : ਮਹਿੰਦਰ ਪਾਲ ਮਾਨਸਾ) 1300

ਜ਼ੋਨ ਸਹਾਇਤਾ :

ਜ਼ੋਨ ਲੁਧਿਆਣਾ : (ਰਾਹੀਂ : ਆਤਮਾ ਸਿੰਘ, ਵਿੱਤ ਮੁਖੀ, ਜ਼ੋਨ ਲੁਧਿਆਣਾ)

1. ਬਲਰਾਜ ਸਿੰਘ, ਰਾਜਾ ਗਾਰਡਨ ਰੋਡ, ਲੁਧਿਆਣਾ (ਬੇਟੀ ਪਵਨਜੀਤ ਕੌਰ ਦੇ ਵਿਆਹ ਮੌਕੇ) 2100
2. ਜਸਵੀਰ ਸਿੰਘ ਅਕਾਲਗੜ੍ਹ (ਬੇਟੇ ਦਲਵਿੰਦਰ ਸਿੰਘ ਦੇ ਵਿਆਹ ਮੌਕੇ) 1100

ਇਕਾਈਆਂ ਨੂੰ ਪ੍ਰਾਪਤ ਸਹਾਇਤਾ :

ਇਕਾਈ ਭਗਤਾ ਭਾਈ ਕਾ :

1. ਸੁਖਵਿੰਦਰ ਚੀਦਾ 2000
2. ਬਲਵਿੰਦਰ ਸਿੰਘ ਸੋਢੀ (ਕੋਠਾ ਗੁਰੂ) 500
3. ਸਰਬਜੀਤ ਸਿੰਘ ਜਲਾਲ 500

ਇਕਾਈ ਰੋਪੜ :

1. ਡਾ. ਹੇਮ ਕਿਰਨ ਰੋਪੜ 3000
2. ਪ੍ਰਿੰਸੀਪਲ ਰਾਮਪਾਲ ਕਟਾਰੀਆ 2000
3. ਮਾ. ਪਰਮਜੀਤ ਖਿਜਰਾਬਾਦ 1100

ਇਕਾਈ ਮਾਨਸਾ :

ਸੁਰਿੰਦਰ ਸਿੰਘ ਮਾਨਸਾ (ਬੇਟੀ ਦੇ ਵਿਆਹ ਦੀ ਖੁਸ਼ੀ ਵਿੱਚ) 1000

ਇਕਾਈ ਬਠਿੰਡਾ : (ਮਾਘੀ ਮੇਲੇ 'ਤੇ ਪ੍ਰਾਪਤ ਸਹਾਇਤਾ)

1. ਗੁਰਦੇਵ ਸਿੰਘ ਗਿੱਲ (ਸਾਬਕਾ ਡਿਪਟੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ) 500
2. ਅਮਰਜੀਤ ਸਿੰਘ ਪੁੱਤਰ ਨਛੱਤਰ ਸਿੰਘ ਪਿੰਡ ਜੱਸੀ ਬਾਗ ਵਾਲੀ 500
3. ਰਾਜ ਕੁਮਾਰ ਗਿਆਨੀ 1000
4. ਕੁਲਦੀਪ ਸਿੰਘ ਜੇ.ਈ., ਵਿਪਨ ਕੁਮਾਰ ਅਤੇ ਹੋਰ 750

ਇਕਾਈ ਸ਼ਾਹਕੋਟ :

1. ਪਰਮਜੀਤ ਸਿੰਘ ਵੱਲੋਂ ਬੇਟੀ ਸੁਮਨਪ੍ਰੀਤ ਦੇ ਵਿਆਹ ਦੀ ਖੁਸ਼ੀ 'ਚ 5000
2. ਪ੍ਰਿੰਸੀਪਲ ਸਵਰਨ ਸੰਗਤਪੁਰ ਵੱਲੋਂ ਸੇਵਾ ਮੁਕਤੀ ਸਮੇਂ 1100

ਪੰਨਾ 43 ਦਾ ਬਾਕੀ...

ਕਿਉਂਕਿ ਉਹ ਮਜ਼੍ਹਬੀ ਗ੍ਰੰਥਾਂ ਵਿੱਚ ਲਿਖੀ ਹੈ।

5. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਵੇਦ ਸ਼ਾਸਤਰਾਂ ਦੇ ਅਨੁਸਾਰ ਹੈ।
6. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਨਿਆਂ ਸ਼ਾਸਤਰਾਂ 'ਚ ਲਿਖੀ ਹੈ।
7. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਉੱਤੋਂ ਦੇਖਣ ਨੂੰ ਠੀਕ ਲਗਦੀ ਹੈ।
8. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਵਿਸ਼ਵਾਸ 'ਤੇ ਠੀਕ ਉੱਤਰਦੀ ਹੈ।
9. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਸਮਝਣ ਤੋਂ ਸੱਚੀ ਜਾਪਦੀ ਹੈ।
10. ਕਿਸੇ ਗੱਲ ਨੂੰ ਸਿਰਫ ਇਸ ਕਰਕੇ ਹੀ ਸਵੀਕਾਰ ਨਾ ਕਰੋ, ਕਿਉਂਕਿ ਉਹ ਕਿਸੇ ਸੰਤ ਮਹਾਂਪੁਰਸ਼ ਨੇ ਕਹੀ ਹੈ।

ਉਹਨਾਂ ਕਿਹਾ ਕਿ ਤੁਸੀਂ ਆਪਣੇ ਅਨੁਭਵ ਨਾਲ ਪਰਖੋ ਕਿ ਤੁਹਾਨੂੰ ਦਿੱਤੀਆਂ ਜਾਣ ਵਾਲੀਆਂ ਵਿਸ਼ੇਸ ਧਾਰਮਿਕ ਸਿੱਖਿਆਵਾਂ ਕਿਧਰੇ :

– ਕਿਸੇ ਦੂਜੇ ਨੂੰ ਅਪਮਾਨਿਤ ਤਾਂ ਨਹੀਂ ਕਰਦੀਆਂ ?

– ਸਮਾਜ 'ਚ ਨਫ਼ਰਤ ਨੂੰ ਉਤਸ਼ਾਹ ਤਾਂ ਨਹੀਂ ਦਿੰਦੀਆਂ ?

– ਤੁਹਾਨੂੰ ਮਾਨਸਿਕ ਗੁਲਾਮ ਤਾਂ ਨਹੀਂ ਬਣਾਉਂਦੀਆਂ ?

ਜੇਕਰ ਅਜਿਹਾ ਕਰਨ ਲਈ ਤੁਹਾਨੂੰ ਪ੍ਰੇਰਦੀਆਂ ਹਨ ਤਾਂ ਇਹਨਾਂ ਨੂੰ ਬਿਨ੍ਹਾਂ ਝਿਜਕ ਤਿਆਗ ਦੇਣਾ ਚਾਹੀਦਾ ਹੈ। ਜੇਕਰ ਇਹ ਦੁੱਖਾਂ ਦੀ ਬਨਿਸਬਤ ਸੁੱਖ ਅਤੇ ਸ਼ਾਂਤੀ ਨੂੰ ਬੜ੍ਹਾਵਾ ਦਿੰਦੀਆਂ ਹਨ ਤਾਂ ਇਹਨਾਂ ਨੂੰ ਅਪਣਾ ਲੈਣਾ ਚਾਹੀਦਾ ਹੈ।

ਅੰਧ-ਵਿਸ਼ਵਾਸ, ਵਹਿਮਾਂ-ਭਰਮਾਂ ਤੇ ਚਮਤਕਾਰਾਂ ਬਾਰੇ ਬੁੱਧ ਨੇ ਕਿਹਾ, "ਭਿਕਸ਼ੂਓ, ਮੈਂ ਤੁਹਾਨੂੰ ਤੰਤਰ-ਮੰਤਰ ਜਾਂ ਜਾਦੂ-ਟੂਣਾ ਦਿਖਾਉਣ ਤੋਂ ਮਨ੍ਹਾ ਕਰਦਾ ਹਾਂ ਕਿਉਂਕਿ ਇਹ ਵਿਅਰਥ ਹੈ।"

98145-17499

ਪੇਸ਼ ਕਦਮੀਆਂ

ਦੋ ਰੋਜ਼ਾ ਸੂਬਾਈ ਵਰਕਸ਼ਾਪ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ 14 ਤੇ 15 ਦਸੰਬਰ ਨੂੰ ਦੋ ਰੋਜ਼ਾ ਤਰਕਸ਼ੀਲ ਭਵਨ ਬਰਨਾਲਾ 'ਚ ਸੂਬਾਈ ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਵਿਚ ਜਾਦੂ, ਕੇਸ ਹੱਲ ਕਰਨੇ, ਜਥੇਬੰਦਕ ਮਜਬੂਤੀ, ਵਧੀਆ ਕਾਰਗੁਜਾਰੀ, ਕਹਿਣੀ ਤੇ ਕਰਨੀ ਦਾ ਸੁਮੇਲ, ਮੀਡੀਆ ਆਦਿ ਵਿਸ਼ਿਆਂ ਉੱਤੇ ਮਹੱਤਵਪੂਰਨ ਵਿਚਾਰਾਂ ਕੀਤੀਆਂ ਗਈਆਂ। ਸਭ ਤੋਂ ਪਹਿਲਾਂ ਵੱਖ-ਵੱਖ ਇਕਾਈਆਂ ਨੇ ਜਾਦੂ ਦੀਆਂ ਆਈਟਮਾਂ ਦੀ ਪੇਸ਼ਕਾਰੀ ਕੀਤੀ। ਤਰਕਸ਼ੀਲ ਜਾਦੂਗਰ ਸੁਖਦੇਵ ਮਲੂਕਪੁਰੀ ਨੇ ਜਾਦੂ ਸਿਖਾਉਂਦਿਆਂ ਹੋਇਆਂ ਕਈ ਟ੍ਰਿਕਾਂ ਦੇ ਨਮੂਨੇ ਪੇਸ਼ ਕੀਤੇ।

ਇਸ ਮੌਕੇ ਡਾ ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਤਰਕਸ਼ੀਲਾਂ ਨੂੰ ਕਹਿਣੀ ਤੇ ਕਰਨੀ ਦਾ ਵਿਸ਼ੇਸ਼ ਖ਼ਿਆਲ ਰੱਖਦਿਆਂ ਸਮਾਜ ਵਿਚ ਕਾਰਜਸ਼ੀਲ ਰਹਿਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਨੂੰ ਹਮੇਸ਼ਾ ਲਤਾੜੇ, ਲੁੱਟੇ ਜਾਣ ਵਾਲੇ ਵਰਗ ਨਾਲ ਸਿਰਫ ਖੜ੍ਹਨਾ ਹੀ ਨਹੀਂ ਉਹਨਾਂ ਨਾਲ ਬਰਾਬਰੀ ਦੇ ਸਮਾਜ ਬਣਾਉਣ ਵਾਲਾ ਵਿਵਹਾਰ ਕਰਦੇ ਵੀ ਦਿਸਣਾ ਚਾਹੀਦਾ ਹੈ। ਬਲਬੀਰ ਲੌਂਗੋਵਾਲ ਨੇ ਕਿਹਾ ਕਿ ਜਥੇਬੰਦੀ ਦੀ ਮਜ਼ਬੂਤੀ ਲਈ ਸਾਨੂੰ ਨਿੱਠ ਕੇ ਤਰਕਸ਼ੀਲ ਵਿਚਾਰਾਂ ਉੱਤੇ ਪਹਿਰਾ ਦੇਣਾ ਚਾਹੀਦਾ ਹੈ। ਸੁਖਵਿੰਦਰ ਬਾਗਪੁਰ ਨੇ ਕਿਹਾ ਕਿ ਤਰਕਸ਼ੀਲਾਂ ਨੂੰ ਆਪਣੇ ਘਰ-ਪਰਿਵਾਰ, ਸਮਾਜ ਵਿੱਚ ਵਿਵਹਾਰਿਕ ਤੌਰ ਤੇ ਤਰਕਸ਼ੀਲ ਜਿੰਦਗੀ ਜਿਉਣੀ ਚਾਹੀਦੀ ਹੈ। ਅਜੀਤ ਪ੍ਰਦੇਸੀ ਵੱਲੋਂ ਇਕਾਈਆਂ ਲਈ ਇੱਕ ਲਿਖਤੀ ਮਸੌਦਾ ਪੇਸ਼ ਕੀਤਾ ਗਿਆ ਜਿਸ ਵਿੱਚ ਕਿਹਾ ਗਿਆ ਕਿ ਤਰਕਸ਼ੀਲਾਂ ਨੂੰ ਮਾਨਸਿਕ ਕੇਸ ਲਈ ਸਲਾਹ ਮਸ਼ਵਰਾ ਦੇਣ ਸਮੇਂ ਲਿਖਤੀ ਕਾਰਵਾਈ ਕਰਨੀ ਚਾਹੀਦੀ ਹੈ। ਤਾਂ ਕਿ ਕਿਸੇ ਵਿਵਾਦ ਦੀ ਗੁੰਜਾਇਸ਼ ਨਾ ਰਹੇ। ਸੂਬਾ ਆਗੂ ਰਾਜਿੰਦਰ ਭਦੌੜ ਤੋਂ ਇਲਾਵਾ ਜੁਝਾਰ ਲੌਂਗੋਵਾਲ, ਸੁਮੀਤ ਸਿੰਘ, ਰਾਮਕੁਮਾਰ, ਪਰਮਵੇਦ, ਰਾਮ ਸਿੰਘ ਨਿਰਮਾਣ ਨੇ ਵੀ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਸਭਿਆਚਾਰ ਵਿਭਾਗ ਮੁਖੀ ਮਾ. ਤਰਲੋਚਨ ਸਮਰਾਲਾ ਵਲੋਂ ਇੱਕ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਵਾਇਆ ਗਿਆ ਜਿਸ ਵਿੱਚ ਚਰਚਿਤ ਕਵੀ ਸੁਰਜੀਤ ਗੱਗ ਤੋਂ ਇਲਾਵਾ ਜੰਮੂ ਕਸ਼ਮੀਰ ਤੋਂ ਆਏ ਪ੍ਰਗਤੀਸ਼ੀਲ ਕਲਾ ਪ੍ਰੇਮੀ, ਕੁਲਦੀਪ ਸਿਰਸਾ ਆਦਿ ਨੇ ਹਾਜਰੀ ਲਵਾਈ। ਤਰਕਸ਼ੀਲ ਸਰਗਰਮੀਆਂ ਨੂੰ ਕਿਵੇਂ ਪ੍ਰਭਾਵਸ਼ਾਲੀ ਬਣਾਈਏ ਸ਼ੈਸ਼ਨ 'ਚ ਰਾਜਿੰਦਰ ਭਦੌੜ ਨੇ ਸੰਬੋਧਨ ਕੀਤਾ। ਵਿਚਾਰ-ਚਰਚਾ 'ਚ ਸੁਮੀਤ ਸਿੰਘ, ਗਗਨ ਰਾਮਪੁਰਾ, ਸੰਗਰੂਰ, ਪਟਿਆਲਾ, ਬਰਨਾਲਾ, ਬਠਿੰਡਾ ਆਦਿ ਇਕਾਈਆਂ ਦੇ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਮੀਡੀਏ ਦੀ ਸੁਚੱਜੀ ਵਰਤੋਂ ਸੰਬੰਧੀ ਬੂਟਾ ਸਿੰਘ ਵਾਕਿਫ਼ ਨੇ ਆਪਣੇ ਅਨੁਭਵ ਸਾਂਝੇ ਕੀਤੇ। ਮਾ. ਪਰਮਵੇਦ ਨੇ ਤਜ਼ਰਬਾ ਸਾਂਝਾ ਕੀਤਾ। ਸੁਮੀਤ ਸਿੰਘ ਨੇ ਵਿਚਾਰ ਪ੍ਰਗਟ ਕੀਤੇ। ਸੂਬਾ ਆਗੂ ਹਰਚੰਦ ਭਿੰਡਰ ਅਤੇ ਰਾਮ ਸਵਰਨ ਲੱਖੇਵਾਲੀ ਨੇ ਸੋਸ਼ਲ ਮੀਡੀਏ ਦੀ ਸੁਚੱਜੀ ਵਰਤੋਂ ਦੀ ਲੋੜ ਤੇ ਜੋਰ ਦਿੱਤਾ। ਸੂਬਾ ਆਗੂ ਹਰਿੰਦਰ ਲਾਲੀ ਨੇ ਧੁਨੀ ਪ੍ਰਦੂਸ਼ਣ ਸੰਬੰਧੀ ਮੰਗ ਪੱਤਰ ਜਾਰੀ ਕੀਤਾ। ਸੂਬਾ ਵਿੱਤ ਮੁਖੀ ਹੇਮਰਾਜ ਸਟੈਨੋ ਵੱਲੋਂ ਵਿੱਤ ਬਾਰੇ ਜਾਣਕਾਰੀ ਦਿੱਤੀ ਗਈ।

ਮਾ. ਅਜਾਇਬ ਜਲਾਲਆਣਾ

11ਵੀਂ ਨਾਸਤਿਕ ਸੰਸਾਰ ਕਾਨਫਰੰਸ ਵਿਜੇਵਾੜਾ

ਨਾਸਤਿਕ ਕੇਂਦਰ ਵਿਜੇਵਾੜਾ, ਆਂਧਰਾ ਪ੍ਰਦੇਸ਼ ਵੱਲੋਂ ਆਯੋਜਤ ਇਸ ਕਾਨਫਰੰਸ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਹਰਿਆਣਾ ਵੱਲੋਂ 45 ਦੇ ਕਰੀਬ ਡੈਲੀਗੇਟਾਂ ਨੇ ਭਾਗ ਲਿਆ। 4 ਅਤੇ 5 ਜਨਵਰੀ ਨੂੰ ਹੋਈ ਇਸ ਕਾਨਫਰੰਸ ਦੀ ਸ਼ੁਰੂਆਤ ਨਾਸਤਿਕ ਕੇਂਦਰ ਵਿਜੇਵਾੜਾ ਦੇ ਡਾ. ਸਮਰਮ ਵੱਲੋਂ ਆਏ ਡੈਲੀਗੇਟਾਂ ਨੂੰ ਜੀ ਆਇਆਂ ਕਹਿ ਕੇ ਕੀਤੀ ਗਈ। ਇਸ ਕਾਨਫਰੰਸ ਦੀ ਪ੍ਰਧਾਨਗੀ ਜਰਮਨ ਤੋਂ ਆਏ ਡਾ. ਵੋਲਕਰ ਮਿਉਲਰ ਨੇ ਕੀਤੀ ਅਤੇ ਇਸ ਦੇ ਮੁਖ ਮਹਿਮਾਨ ਯੂ ਕੇ ਤੋਂ ਹਿਊਮਨਿਸਟ ਇੰਟਰਨੈਸ਼ਨਲ ਦੇ ਕਾਰਜਕਾਰੀ ਮੁਖੀ ਗੈਰੀ ਮੈਕਲੈਂਡ ਸਨ। ਇਸ ਦੇ ਪ੍ਰਧਾਨਗੀ ਮੰਡਲ ਵਿੱਚ ਫੈਡਰੇਸ਼ਨ ਆਫ ਇੰਡੀਅਨ ਰੈਸ਼ਨਾਲਿਸਟ ਐਸੋਸੀਏਸ਼ਨ (ਫੀਰਾ) ਦੇ ਕੌਮੀ ਪ੍ਰਧਾਨ ਡਾ ਨਰਿੰਦਰ ਨਾਇਕ, ਜਨਰਲ ਸੈਕਟਰੀ ਸੁਦੇਸ਼ ਘੋੜੇਰਾਉ, ਵਿੱਤ ਸਕੱਤਰ ਹਰਚੰਦ ਭਿੰਦਰ, ਨਾਰਥ ਅਮਰੀਕਨ ਰੈਸ਼ਨਾਲਿਸਟ ਸੁਸਾਇਟੀ ਉਨਟਾਰੀਓ, ਕਨੇਡਾ ਦੇ ਕਨਵੀਨਰ ਬਲਦੇਪ ਰਹਿਪਾ, ਫੀਰਾ ਦੇ ਸਾਬਕਾ ਜਨਰਲ ਸਕੱਤਰ ਬਲਵਿੰਦਰ ਬਰਨਾਲਾ, ਮਨੁੱਖੀ ਅਧਿਕਾਰਾਂ ਲਈ ਸਰਗਰਮ ਵਿਦਿਆ ਭੂਸ਼ਣ ਰਾਵਤ ਨਵੀਂ ਦਿੱਲੀ, ਡਾ ਜੀ ਵਿਜਿਆਮ ਨਾਸਤਿਕ ਕੇਂਦਰ ਵਿਜੇਵਾੜਾ, ਡਾ ਦਾਨੇਸ਼ਵਰ ਸਾਹੂ ਰੈਸ਼ਨਾਲਿਸਟ ਅਸੋਸੀਏਸਨ ਉਡੀਸਾ, ਵਿਗਿਆਨੀ ਤੇ ਲੇਖਕ ਡਾ ਚੰਦਰਾ ਚੱਕਰਵਰਤੀ, ਡਾ ਕੀਰਤੀ ਪ੍ਰਧਾਨ ਸੰਸਾਰ ਸਾਂਤੀ ਮਾਰਚ, ਬੈਂਗਲੋਰ, ਡਾ ਜੀ ਪ੍ਰਸ਼ਾਦ ਗਾਧੀਅਨ ਵਿਚਾਰਧਾਰਾ ਪ੍ਰਚਾਰਕ ਹੈਦਰਾਬਾਦ ਸ਼ਾਮਲ ਸਨ। ਇਸ ਕਾਨਫਰੰਸ ਦਾ ਮੁਖ ਵਿਸ਼ਾ ਸੀ 'ਨਾਸਤਿਕਤਾ ਜ਼ਿੰਦਗੀ ਜਿਉਣ ਲਈ ਕਿਉ ਜਰੂਰੀ'। ਮਿਸਟਰ ਗੈਰੀ ਮੈਕਲੈਂਡ ਕਾਰਜਕਾਰੀ ਮੁਖੀ ਹਿਉਮਨਿਸਟ ਇੰਟਨੈਸ਼ਨਲ ਯੂਕੇ ਨੇ ਕਿਹਾ ਕਿ ਹਿਉਮਨਿਸਟ ਇੰਟਨੈਸ਼ਨਲ

ਨੂੰ ਮਾਣ ਹੈ ਕਿ ਜੋ ਭਾਰਤੀ ਮਾਨਵਤਾਵਾਦੀ ਅਤੇ ਤਰਕਸ਼ੀਲ ਦੋਸਤਾਂ ਨੇ ਮਾਨਵਤਾਵਾਦ ਦੇ ਵਿਸਵਵਿਆਪੀ ਅੰਦੋਲਨ ਵਿੱਚ ਹਿੱਸਾ ਪਾਇਆ ਹੈ। ਦਿੱਲੀ ਤੋਂ ਮਾਨਵੀ ਅਧਿਕਾਰਾਂ ਦੇ ਕਾਰਕੁੰਨ ਭੂਸ਼ਣ ਰਾਵਤ ਨੇ ਭਾਰਤ ਵਿੱਚ ਦਲਿਤਾਂ ਤੇ ਵਧ ਰਹੇ ਅੱਤਿਆਚਾਰਾਂ ਬਾਰੇ ਗੱਲ ਕੀਤੀ। ਚੱਕਰਵਰਤੀ ਨੇ ਕਿਹਾ ਕਿਹਾ ਕਿ ਜਦ ਸਰਕਾਰ ਹੀ ਅੰਧਵਿਸ਼ਵਾਸਾਂ ਨੂੰ ਹਵਾ ਦੇਵੇ ਅਤੇ ਮੀਡੀਆ ਇਸਦਾ ਪ੍ਰਚਾਰ ਕਰੇ ਅਤੇ ਸੈਟਾਲਾਈਟ ਵੀ ਧਾਰਮਿਕ ਰਸ਼ਮਾਂ ਕਰੇ ਅਤੇ ਨਾਰੀਅਲ ਭੰਨੇ ਜਾਣ ਫਿਰ ਕਿਵੇ ਕਹਿ ਸਕਦੇ ਹਾਂ ਕਿ ਭਾਰਤ 21ਵੀਂ ਸਦੀ ਵਿੱਚ ਵਿਗਿਆਨ ਵੱਲ ਵਧੇਗਾ। ਨਾਰਥ ਅਮਰੀਕਨ ਰੈਸ਼ਨਾਲਿਸਟ ਸੁਸਾਇਟੀ ਉਨਟਾਰੀਓ ਕਨੇਡਾ ਦੇ ਕਨਵੀਨਰ ਬਲਦੇਪ ਰਹਿਪਾ ਨੇ ਵੀ ਸੰਬੋਧਨ ਕੀਤਾ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਾਬਕਾ ਕੌਮੀ ਅਤੇ ਕੌਮਾਂਤਰੀ ਵਿਭਾਗ ਮੁਖੀ ਅਤੇ ਫੀਰਾ ਦੇ ਕੌਮੀ ਜਨਰਲ ਸਕੱਤਰ ਬਲਵਿੰਦਰ ਬਰਨਾਲਾ ਨੇ ਸ਼ਹੀਦ ਭਗਤ ਦਾ ਹਵਾਲਾ ਦਿੰਦਿਆ ਕਿਹਾ ਕਿ ਭਗਤ ਸਿੰਘ ਨੇ ਆਪਣੇ ਬਾਰੇ ਸਪੱਸ਼ਟ ਦੱਸਿਆ ਸੀ ਕਿ ਮੈ ਨਾਸਤਿਕ ਕਿਉਂ ਹੈ। ਸ਼ਾਮ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਪਟਿਆਲਾ ਇਕਾਈ ਦੀ ਸਰਗਰਮ ਮੈਂਬਰ ਸਨੇਹ ਦੀਪ ਨੇ ਡਾ. ਜਗਤਾਰ ਦੀ ਗਜ਼ਲ "ਹਰ ਮੋੜ ਤੇ ਸਲੀਬਾਂ..." ਗਾ ਕੇ ਤੇ ਉਸਦਾ ਅੰਗਰੇਜ਼ੀ ਵਿੱਚ ਤਰਜਮਾ ਕਰਕੇ ਦੱਸਿਆ, ਜਿਸ ਨੂੰ ਕਾਫੀ ਸਰਾਹਿਆ ਗਿਆ। ਕਾਨਫਰੰਸ ਦੇ ਦੂਸਰੇ ਦਿਨ ਦਰਾਵੜ ਕੜਗਮ ਤਾਮਿਲਨਾਡੂ ਦੇ ਪ੍ਰਧਾਨ ਡਾ ਵੀਰਾਮਾਨੀ ਨੇ, ਜੋ ਰੈਸ਼ਨਲਿਸਟ ਫਰੰਟ ਤਾਮਿਲਨਾਡੂ ਦੇ ਸਰਪ੍ਰਸ਼ਤ ਵੀ ਹਨ, ਅਖੀਰ ਤੇ ਸਮਾਪਤੀ ਭਾਸ਼ਣ ਦਿੱਤਾ। ਕਾਨਫਰੰਸ ਦੀ ਸਮਾਪਤੀ ਸਮੇਂ ਮਤੇ ਵੀ ਪਾਸ ਕੀਤੇ ਗਏ ਅਤੇ ਹਾਜ਼ਰ ਡੈਲੀਗੇਟਾਂ ਵੱਲੋਂ ਪਰਵਾਨਗੀ ਵੀ ਦਿੱਤੀ ਗਈ। ਕਾਨਫਰੰਸ ਦੇ ਅੰਤ ਵਿੱਚ ਡਾ. ਵਿਯਿਅਮ, ਜੋ ਕਿ ਡਮੈਂਸੀਆ ਤੋਂ ਪੀੜਤ ਸਨ, ਨੇ ਵੀ ਹਾਜ਼ਰੀ ਲੁਆਈ ਅਤੇ ਵਿਕਾਸ਼ ਗੋਰਾ ਨੇ ਹਾਜ਼ਰ ਡੈਲੀਗੇਟਾਂ ਦਾ ਧੰਨਵਾਦ ਕੀਤਾ।

- ਹਰਚੰਦ ਭਿੰਡਰ

ਜ਼ੋਨ ਨਵਾਂ ਸ਼ਹਿਰ :

ਮਾਹਿਲਪੁਰ ਨਜ਼ਦੀਕ ਪਿੰਡ ਨੰਗਲ ਚੋਰਾਂ (ਖਿਡਾਰੀਆਂ) ਵਿਖੇ 'ਚੰਗੀ ਸਿਹਤ, ਖੁਰਾਕ ਅਤੇ ਦਵਾਈਆਂ' ਵਿਸ਼ੇ ਤੇ ਸੈਮੀਨਰ : ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਿਤੀ 16-2-2020 ਨੂੰ ਇਹ ਸੈਮੀਨਰ ਕਰਵਾਇਆ ਗਿਆ। ਜਿਸਦੀ ਪ੍ਰਧਾਨਗੀ ਮੱਖਣ ਸਿੰਘ ਮੰਡੀ (ਯੂ.ਕੇ), ਪ੍ਰਿੰਸੀਪਲ ਰਾਮ ਪ੍ਰਕਾਸ਼, ਅਮਰਜੀਤ ਕੁਮਾਰ, ਵਿਜੇ ਬੰਬੇਲੀ, ਪ੍ਰਿੰਸੀਪਲ ਕਮਲਜੀਤ ਕੌਰ ਕੁੱਲੇਵਾਲ ਅਤੇ ਊਸ਼ਾ ਦੀਪਤੀ ਨੇ ਕੀਤੀ ਤੇ ਸਮਾਗਮ ਤੇ ਮੁੱਖ ਬੁਲਾਰੇ ਡਾ ਸ਼ਿਆਮ ਸੁੰਦਰ ਦੀਪਤੀ ਸਨ। ਇਸ ਮੌਕੇ ਜ਼ੋਨ ਨਵਾਂਸਹਿਰ ਦੇ ਜਥੇਬੰਦਕ ਮੁੱਖੀ ਤੇ ਪ੍ਰੈੱਸ ਕਲੱਬ ਦੇ ਪ੍ਰਧਾਨ ਜੋਗਿੰਦਰ ਕੁੱਲੇਵਾਲ ਨੇ ਆਏ ਪਤਵੰਤਿਆਂ ਪਿੰਡ ਵਾਸੀਆਂ ਨੂੰ ਜੀ ਆਇਆਂ ਕਿਹਾ। ਮੁੱਖ ਬੁਲਾਰੇ ਡਾ ਸ਼ਿਆਮ ਸੁੰਦਰ ਦੀਪਤੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਚੰਗੀ ਤੰਦਰੁਸਤ ਸਿਹਤ ਲਈ ਚੰਗੀ ਖੁਰਾਕ ਚ ਕੁਦਰਤੀ ਭੋਜਨ ਹੀ ਲਾਹੇਵੰਦ ਹੈ ਇਸ ਮੌਕੇ ਆਲ ਇੰਡੀਆ ਰੇਡੀਓ ਦੇ ਸਾਬਕਾ ਡਾਇਰੈਕਟਰ ਜੀ.ਸੀ. ਭਾਰਦਵਾਜ, ਸਟੇਟ ਐਵਾਰਡੀ ਅਧਿਆਪਕ ਅਵਤਾਰ ਲੰਗੇਰੀ, ਗੁਰਨਾਮ ਹਾਜੀਪੁਰੀਆ, ਪਿਆਰਾ ਲਾਲ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ, ਪਿਆਰਾ ਸਿੰਘ, ਤਲਵਿੰਦਰ ਸਿੰਘ, ਬਲਵਿੰਦਰ ਸਿੰਘ ਸਰਪੰਚ ਨਮੋਲੀਆਂ, ਨਰਿੰਦਰ ਮਾਹਿਲ ਪੁਰੀ ਆਦਿ ਆਗੂਆਂ ਨੇ ਸੈਮੀਨਾਰ ਵਿੱਚ ਵਿਚਾਰ ਚਰਚਾ ਵਿੱਚ ਹਿੱਸਾ ਲਿਆ ਤੇ ਡਾ ਦੀਪਤੀ ਨੇ ਸਵਾਲਾਂ ਦੇ ਜਵਾਬ ਦਿੰਦਿਆਂ ਤਸੱਲੀ ਬਖਸ਼ ਸ਼ੰਕਾ-ਨਵਿਰਤੀ ਕੀਤੀ। ਜਗਤਾਰ ਬਾਹੋਵਾਲ ਨੇ ਜਾਦੂ ਦੇ ਟ੍ਰਿਕ ਪੇਸ਼ ਕਰਕੇ ਲੋਕ ਮਨਾਂ ਚੋਂ ਜਾਦੂ ਸਬੰਧੀ ਭਰਮ ਦੂਰ ਕੀਤੇ। ਬਾਲ ਕਲਾ ਮੰਚ ਕੁੱਲੇਵਾਲ ਦੇ ਬਾਲ ਕਲਾਕਾਰਾਂ ਸੁਖਮਨਪ੍ਰੀਤ ਕੌਰ ਅਤੇ ਤਰਨਪ੍ਰੀਤ ਸਿੰਘ ਇਬਰਾਹੀਮ ਪੁਰੀ ਨੇ ਇਨਕਲਾਬੀ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਵਿਸ਼ੇਸ਼ ਸਹਿਯੋਗੀ ਸਾਬਕਾ ਪ੍ਰਿੰਸੀਪਲ ਰਾਮ ਪ੍ਰਕਾਸ਼ ਨੰਗਲ ਖਿਲਾੜੀਆਂ ਨੇ ਧੰਨਵਾਦ ਕੀਤਾ। ਮੰਚ ਸੰਚਾਲਨ ਅਮਰਜੀਤ ਕੁਮਾਰ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੰਬਰਦਾਰ ਜਸਵਿੰਦਰ ਸਿੰਘ , ਸੁਰਿੰਦਰ ਸਿੰਘ, ਸਰਪੰਚ ਬੰਦਨਾ ਕੁਮਾਰੀ, ਮਲਕੀਅਤ ਬਾਹੋਵਾਲ ਆਦਿ ਹਾਜਰ ਸਨ। ਤਰਕਸ਼ੀਲ ਪ੍ਰਦਰਸ਼ਨੀ ਅਤੇ ਸਾਹਿਤ ਦਾ ਸਟਾਲ ਨਰਿੰਦਰ ਸਿੰਘ ਨੇ ਲਗਾਇਆ।

- ਜੋਗਿੰਦਰ ਕੁੱਲਵਾਲ

ਇਕਾਈ ਫਗਵਾੜਾ : ਤਰਕਸ਼ੀਲ ਸਾਹਿਤ ਵੈਨ ਸਫ਼ਰ : ਤਰਕਸ਼ੀਲ ਸਾਹਿਤ ਵੈਨ 14 ਜਨਵਰੀ ਤੋ 17 ਜਨਵਰੀ ਤੱਕ ਫਗਵਾੜਾ ਇਕਾਈ ਵਿੱਚ ਰਹੀ। ਇਹ ਸਾਹਿਤ ਵੈਨ ਸ.ਸ.ਸ.ਸ. ਦੁਸਾਂਝ ਕਲਾਂ (ਜਲੰਧਰ), ਸ.ਹ.ਸ. ਪੱਦੀ ਜਾਗੀਰ, ਸ.ਸ.ਸ.ਸ. ਚੱਕ ਦੇਸ਼ ਰਾਜ, ਸ.ਸ.ਸ ਸਰਹਾਲ ਮੁੰਡੀ, ਸ.ਸ.ਸ.ਸ ਮਹੇੜੂ (ਕਪੂਰਥਲਾ) ਸ.ਸ.ਸ. ਮੇਹਵਾਂ ਅਤੇ ਗੁਰੂ ਨਾਨਕ ਕਾਲਜ ਫਗਵਾੜਾ ਵਿਖੇ ਗਈ। ਸ.ਸ.ਸ.ਸ ਬੜਾ ਪਿੰਡ (ਲੜਕੇ ਅਤੇ ਲੜਕੀਆਂ) ਜਲੰਧਰ ਵੀ ਵੈਨ ਪਹੁੰਚੀ। ਇਸ ਸਾਹਿਤ ਵੈਨ ਸਫਰ ਦੌਰਾਨ ਫਗਵਾੜਾ ਇਕਾਈ ਦੇ ਮੁਖੀ ਅਵਿਨਾਸ, ਸੁਰਿੰਦਰਪਾਲ ਪੱਦੀ, ਸੁਰਿੰਦਰਪਾਲ ਦੁਸਾਂਝ, ਮਹਿੰਦਰ ਪਾਲ, ਹੈਡ ਮਾਸਟਰ ਗਿਆਨ ਚੰਦ, ਬਲਵਿੰਦਰ ਪ੍ਰੀਤ ਆਦਿ ਨੇ ਭਾਗ ਲਿਆ। ਸਫ਼ਰ ਦੌਰਾਨ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੇ ਭਰਪੂਰ ਯੋਗਦਾਨ ਦਿੱਤਾ। ਜਿੰਨ੍ਹਾਂ ਵਿੱਚ ਪ੍ਰਿੰਸੀਪਲ ਤੇਜਿੰਦਰਪਾਲ ਸਿੰਘ ਖਾਲਸਾ ਸਕੂਲ ਤੇ ਸਟਾਫ,

ਪੱਦੀ ਜਾਗੀਰ ਵਿਖੇ ਹੈਡ ਮਾਸਟਰ ਬੋਧ ਰਾਜ ਅਤੇ ਸਟਾਫ, ਬੜਾ ਪਿੰਡ ਵਿਖੇ ਪ੍ਰਿੰਸੀਪਲ ਅਤੇ ਸਟਾਫ, ਚੱਕ ਦੇਸ਼ ਰਾਜ ਦੀ ਪ੍ਰਿੰਸੀਪਲ ਮੈਡਮ ਕਮਲਜੀਤ, ਲੈਕਚਰਾਰ ਮੱਖਣ ਰੱਤੋ ਅਤੇ ਸਟਾਫ ਸਰਹਾਲ ਮੁੰਡੀ ਦੇ ਹੈਡ ਮਾਸਟਰ ਕੁਲਵਿੰਦਰ ਸਿੰਘ ਤੇ ਸਟਾਫ, ਮਹੇੜੂ ਸਕੂਲ ਦੇ ਪ੍ਰਿੰਸੀਪਲ ਰੀਤੂ ਚੋਪੜਾ ਅਤੇ ਮੈਡਮ ਹਰਦੀਪ ਕੌਰ ਤੇ ਸਟਾਫ ਮੈਂਬਰ, ਗੁਰੂ ਨਾਨਕ ਕਾਲਜ ਫਗਵਾੜਾ ਦੇ ਪ੍ਰਿੰਸੀਪਲ ਗੁਰਦੇਵ ਸਿੰਘ, ਮੈਡਮ ਭੁਪਿੰਦਰ ਕੌਰ ਲੈਕਚਰਾਰ, ਲੈਕਚਰਾਰ ਪਰਮਜੀਤ ਸਿੰਘ, ਸੁਖਵਿੰਦਰ ਸਿੰਘ, ਲੈਕਚਰਾਰ ਪ੍ਰਲਾਦ ਸਿੰਘ, ਲੈਕਚਰਾਰ ਰਾਵਿੰਦਰ ਸਿੰਘ ਅਤੇ ਹੋਰ ਅਧਿਆਪਕ ਸਾਹਿਬਾਨ ਨੇ ਸ਼ਲਾਘਾਯੋਗ ਯੋਗਦਾਨ ਪਾਇਆਂ।

- ਸੁਖਦੇਵ ਫਗਵਾੜਾ

ਉੱਤਰਾਖੰਡ ਵਿੱਚ ਸ਼ੁਰੂ ਕੀਤੀ ਵਿਗਿਆਨਕ ਚੇਤਨਾ ਦੀ ਮੁਹਿੰਮ : ਉੱਤਰਾਖੰਡ ਦੇ ਸ਼ਹਿਰ ਰਾਮਨਗਰ (ਨਜਦੀਕ ਨੈਨੀਤਾਲ) ਵਿਖੇ ਸਾਇੰਸ ਫਾਰ ਸੁਸਾਇਟੀ ਦੇ ਸੱਦੇ 'ਤੇ 19 ਜਨਵਰੀ 2020 ਨੂੰ ਉਹਨਾਂ ਦੇ ਮੈਂਬਰਾਂ ਵਾਸਤੇ ਤਰਕਸ਼ੀਲ ਵਰਕਸ਼ਾਪ ਲਾਈ ਗਈ ਜਿਸ ਵਿੱਚ ਪੰਜਾਬ ਤੋਂ ਕੌਮੀ ਅਤੇ ਕੋਮਾਂਤਰੀ ਵਿਭਾਗ ਦੇ ਮੁਖੀ ਹਰਚੰਦ ਭਿੰਡਰ ਅਤੇ ਪਟਿਆਲਾ ਜ਼ੋਨ ਮੁਖੀ ਰਾਮ ਕੁਮਾਰ ਨੇ ਸ਼ਮੂਲੀਅਤ ਕੀਤੀ। ਵਰਕਸ਼ਾਪ ਵਿੱਚ ਚਮਤਕਾਰਾਂ ਦਾ ਪਰਦਾਫਾਸ਼ ਕਰਦੇ ਹੋਏ ਸੰਬੋਧਨ ਕੀਤਾ ਗਿਆ। ਵਰਕਸ਼ਾਪ ਵਿੱਚ ਤਰਕਸ਼ੀਲਤਾ ਨਾਲ ਸਬੰਧਤ ਸਵਾਲ-ਜਵਾਬ ਵੀ ਹੋਏ। ਇਸ ਵਰਕਸ਼ਾਪ ਵਿੱਚ ਮੁਨੀਸ਼ ਕੁਮਾਰ, ਕੇਸਰ ਰਾਣਾ, ਸੰਜੇ ਰਾਵਤ, ਪ੍ਰਕਾਸ਼ ਭੱਟ, ਗੋਪਾਲ ਗੋਦਿਆਲ, ਮਦਨ ਮਹਿਤਾ, ਜਮਨ ਰਾਮ, ਮੁਕੇਸ਼, ਸਰਸਵਤੀ, ਫੈਜਲ, ਸੁਹੈਲ, ਆਜਮ, ਨਿਖਲੇਸ਼, ਪ੍ਰਿਯੰਕਾ, ਸੰਸਕ੍ਰਿਤੀ ਭੱਟ, ਅਸਤਿਤਵ, ਇੰਦਰੀਸ਼ ਅਹਿਮਦ ਆਦਿ ਸਰਗਰਮ ਆਗੂਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਤੋਂ ਪ੍ਰੇਰਿਤ ਹੋ ਕੇ 20 ਜਨਵਰੀ ਨੂੰ ਰਾਮਨਗਰ ਦੇ ਨਜਦੀਕ ਪਿੰਡ ਥਾਰੀ ਵਿਖੇ ਕਰਵਾਏ ਇੱਕ ਤਰਕਸ਼ੀਲ ਪ੍ਰੋਗਰਾਮ ਵਿੱਚ ਰਾਮ ਕੁਮਾਰ ਅਤੇ ਹਰਚੰਦ ਭਿੰਡਰ ਨੇ ਸ਼ਿਰਕਤ ਕੀਤੀ ਜਿਸ ਵਿੱਚ ਜਾਦੂ ਦੀਆਂ ਆਇਟਮਾਂ ਰਾਹੀਂ ਮਨੋਰੰਜਨ ਦੇ ਨਾਲ-ਨਾਲ ਉਹਨਾਂ ਨੂੰ ਅੰਧ-ਵਿਸ਼ਵਾਸ ਤੋਂ ਮੁਕਤੀ ਵਾਸਤੇ ਪ੍ਰੇਰਿਆ। ਇਸ ਸਮੇਂ ਸਬੰਧਤ ਪਿੰਡ ਦੇ ਲੋਕਾਂ ਨੇ ਬਹੁਤ ਉਤਸ਼ਾਹ ਦਿਖਾਇਆ। ਇਸ ਪ੍ਰੋਗਰਾਮ ਵਿੱਚ ਪੰਜਾਬੀ ਲੋਕ ਜੋ ਕਿ ਉੱਥੇ ਜਾ ਕੇ ਵਸੇ ਹੋਏ ਹਨ, ਵੀ ਸ਼ਾਮਿਲ ਸਨ। ਇਸ ਦੇ ਬਾਅਦ ਸਟੇਟ ਇੰਟਰ ਕਾਲਜ ਦੇਵੀਪੁਰਾ, ਮਾਲਧੰਨ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਦੀ ਖਾਸੀਅਤ ਇਹ ਰਹੀ ਕਿ ਪ੍ਰੋਗਰਾਮ ਨੂੰ ਵਿਚਾਲੇ ਨਾ ਰੋਕਦਿਆਂ ਕਾਲਜ ਨੇ ਛੁੱਟੀ ਵੀ ਆਮ ਸਮੇਂ ਤੋਂ ਲੇਟ ਹੀ ਕੀਤੀ। ਵਿਦਿਆਰਥੀਆਂ ਅਤੇ ਸਟਾਫ ਨੇ ਦੱਸਿਆ ਕਿ ਸਾਨੂੰ ਇਸ ਪ੍ਰੋਗਰਾਮ ਵਿੱਚੋਂ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਇਸ ਦੋ ਦਿਵਸ ਪ੍ਰੋਗਰਾਮ ਦਾ ਮਨੀਸ ਅਤੇ ਉਸ ਦੇ ਸਾਥੀਆਂ ਨੇ ਵਧੀਆ ਤਰੀਕੇ ਨਾਲ ਪ੍ਰਬੰਧ ਕੀਤਾ ਅਤੇ ਜਨਜਵਾਰ ਨਾਮ ਦੀ ਵੈਬ ਦੇ ਸੰਪਾਦਕ ਅਜੈ ਪ੍ਰਕਾਸ਼ ਨੇ ਵੀ ਇਸ ਨੂੰ ਆਪਣੇ ਮੀਡੀਏ ਰਾਹੀਂ ਲੋਕਾਂ ਤੱਕ ਪਹੁੰਚਾ ਕੇ ਸਹਿਯੋਗ ਦਿੱਤਾ। **- ਹਰਚੰਦ ਭਿੰਡਰ**

ਇਕਾਈ ਅੰਮ੍ਰਿਤਸਰ : ਰੋਸ ਪ੍ਰਦਰਸ਼ਨ : ਭਾਰਤ ਸਰਕਾਰ ਤੋਂ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਵਾਪਸ ਲੈਣ ਅਤੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਅਤੇ 35-ਏ. ਬਹਾਲ ਕਰਨ ਦੀ ਮੰਗ ਨੂੰ ਲੈ ਕੇ ਅੰਮ੍ਰਿਤਸਰ ਇਕਾਈ ਅਤੇ ਜਮਹੂਰੀ ਅਧਿਕਾਰ ਸਭਾ ਵੱਲੋ. ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ, ਅਧਿਆਪਕਾਂ, ਲੇਖਕਾਂ ਅਤੇ ਮੁਲਾਜਮਾਂ ਨਾਲ ਸਬੰਧਤ ਜਥੇਬੰਦੀਆਂ ਦੇ ਸਹਿਯੋਗ ਨਾਲ ਭੰਡਾਰੀ ਪੁਲ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਜਲ੍ਹਿਆਂਵਾਲਾ ਬਾਗ ਤੱਕ ਰੋਸ ਮਾਰਚ ਵੀ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਨਾਮਵਰ ਚਿੰਤਕਾਂ ਡਾ. ਪਰਮਿੰਦਰ ਸਿੰਘ, ਡਾ. ਸ਼ਿਆਮ ਸੁੰਦਰ ਦੀਪਤੀ, ਸੁਮੀਤ ਸਿੰਘ, ਡਾ. ਰੁਪਿੰਦਰ ਗਿੱਲ, ਸਿਮਰਨ, ਗੁਰਬਚਨ ਸਿੰਘ, ਅਮਰਜੀਤ ਬਾਈ, ਯਸ਼ਪਾਲ ਝਬਾਲ ਨੇ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਅਤੇ ਐਨ.ਆਰ.ਸੀ. ਭਾਰਤੀ ਸੰਵਿਧਾਨ ਦੀ ਧਾਰਾ 14 ਦੇ ਬਰਾਬਰੀ ਦੇ ਅਧਿਕਾਰ ਦੀ ਸਰਾਸਰ ਉਲੰਘਣਾ ਹੈ ਅਤੇ ਦੇਸ਼ ਦੇ ਧਰਮ-ਨਿਰਪੱਖ ਢਾਂਚੇ ਨੂੰ ਫਿਰਕੂ ਲੀਹਾਂ ਉੱਤੇ ਵੰਡਣ ਦੀ ਇੱਕ ਸੋਚੀ-ਸਮਝੀ ਸਾਜਿਸ਼ ਹੈ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਸਰਕਾਰ ਦੇਸ਼ ਦੇ ਲੋਕਾਂ ਦਾ ਧਿਆਨ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਸਿੱਖਿਆ, ਸਿਹਤ, ਰੁਜ਼ਗਾਰ, ਭੁੱਖਮਰੀ, ਆਰਥਿਕ ਮੰਦੀ, ਬਾਲ ਮਜ਼ਦੂਰੀ, ਨਿੱਜੀਕਰਨ ਅਤੇ ਕਾਰਪੋਰੇਟ ਘਰਾਣਿਆਂ ਵੱਲੋਂ ਜਨਤਕ ਸਮੁਦਾਇ ਦੀ ਕੀਤੀ ਜਾ ਰਹੀ ਅੰਨ੍ਹੀ ਲੁੱਟ ਆਦਿ ਗੰਭੀਰ ਮੁੱਦਿਆਂ ਤੋਂ ਪਾਸੇ ਹਟਾਉਣ ਲਈ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਹਿੰਦੂ-ਮੁਸਲਿਮ ਅਤੇ ਰਾਮ ਮੰਦਰ ਦੀ ਫਿਰਕੂ ਅਤੇ ਅੰਧ-ਰਾਸ਼ਟਰਵਾਦੀ ਰਾਜਨੀਤੀ ਕਰ ਰਹੀ ਹੈ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਮੋਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਦੇਸ਼ ਵਿੱਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਅਣ-ਐਲਾਨੀ ਐਮਰਜੈਂਸੀ ਲਗਾਈ ਗਈ ਹੈ ਅਤੇ ਭਾਜਪਾ ਤੇ ਆਰ.ਐਸ.ਐਸ. ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ, ਪ੍ਰੋਫੈਸਰਾਂ, ਵਕੀਲਾਂ, ਪੱਤਰਕਾਰਾਂ, ਨਾਟਕਕਾਰਾਂ, ਲੇਖਕਾਂ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਨੂੰ ਦੇਸ਼ ਧ੍ਰੋਹ ਦੇ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕਰਕੇ U.A.P.A. ਦੇ ਕਾਲੇ ਕਾਨੂੰਨ ਤਹਿਤ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਇਸ ਮੌਕੇ ਵਿਦਿਆਰਥੀ ਆਗੂ ਜਸ਼ਕੰਵਲ ਸਿੰਘ, ਕਿਸਾਨ ਆਗੂ ਕਾ. ਲਖਵਿੰਦਰ ਸਿੰਘ, ਡਾ. ਕੁਲਦੀਪ ਸਿੰਘ, ਡਾ. ਪ੍ਰਸੋਤਮ, ਜਰਮਨਜੀਤ ਬਾਠ, ਦੀਪ

ਦੇਵਿੰਦਰ ਸਿੰਘ, ਪ੍ਰਯਾਸ, ਬਲਬੀਰ ਮੂਧਲ ਅਤੇ ਕੁਲਦੀਪ ਮਾਹਵਾ ਨੇ ਵੀ ਸੰਬੋਧਨ ਕੀਤਾ। ਇਸ ਰੋਸ ਮਾਰਚ ਵਿੱਚ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਪੀ.ਐਸ.ਯੂ. (ਲਲਕਾਰ), ਸਟੂਡੈਂਟ ਫਾਰ ਸੁਸਾਇਟੀ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਸੰਗਮ, ਇਪਟਾ ਜਮਹੂਰੀ ਕਿਸਾਨ ਸਭਾ, ਲੋਕ ਮੋਰਚਾ ਅਤੇ ਸਾਥੀ ਸੰਸਥਾਵਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਜਸਪਾਲ ਬਾਸਰਕਾ, ਕੁਲਜੀਤ ਵੇਰਕਾ, ਕਾ. ਬਲਵਿੰਦਰ ਦੁਧਾਲਾ, ਮਨਜੀਤ ਬਾਸਰਕੇ, ਮੈਡਮ ਕਮਲ ਗਿੱਲ, ਪ੍ਰਿੰਸੀਪਲ ਇੰਦਰਜੀਤ ਕੌਰ, ਬਲਦੇਵ ਸਿੰਘ, ਅਸ਼ਵਨੀ ਕੁਮਾਰ, ਹਰੀਸ਼ ਕੁਮਾਰ, ਲੇਖਕ ਸਰਬਜੀਤ ਸੰਧੂ, ਹੇਮੰਤ ਕੁਮਾਰ, ਸਮਸ਼ੇਰ ਸਿੰਘ, ਵਿਜੈ ਕੁਮਾਰ, ਰਵਿੰਦਰ, ਗਗਨ ਅਤੇ ਕਾਨਵ ਮੇਹਤਾ ਸ਼ਾਮਿਲ ਹੋਏ।

ਚੁਣੌਤੀ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਅੰਮ੍ਰਿਤਸਰ ਨੇ ਕੁਮਾਰ ਸੁਆਮੀ ਨਾਂਅ ਦੇ ਇੱਕ ਪਾਖੰਡੀ ਬਾਬੇ ਵੱਲੋਂ ਅੰਮ੍ਰਿਤਸਰ ਅਤੇ ਹੋਰਨਾਂ ਵੱਖ-ਵੱਖ ਸ਼ਹਿਰਾਂ ਵਿੱਚ ਧਰਮ ਦੀ ਆੜ ਹੇਠ ਕਰਵਾਏ ਜਾ ਰਹੇ ਦੁੱਖ ਨਿਵਾਰਣ ਸਮਾਗਮਾਂ ਵਿੱਚ ਆਪਣੀ ਕਥਿਤ ਦਿਵਯ ਪਾਠ ਸ਼ਕਤੀ ਅਤੇ ਬੀਜ ਮੰਤਰ ਨਾਲ ਗੰਭੀਰ ਰੋਗਾਂ ਦਾ ਇਲਾਜ ਕਰਨ ਦੇ ਝੂਠੇ ਦਾਅਵੇ ਨੂੰ ਚੁਣੌਤੀ ਦਿੰਦਿਆਂ ਪੰਜਾਬ ਸਰਕਾਰ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਮੰਗ ਕੀਤੀ ਹੈ ਕਿ ਲੋਕਾਂ ਨੂੰ ਅੰਧ-ਵਿਸ਼ਵਾਸਾਂ ਦੀ ਦਲਦਲ ਵਿੱਚ ਫਸਾਉਣ ਅਤੇ ਲੁੱਟਣ ਵਾਲੇ ਇਸ ਪਾਖੰਡੀ ਸੁਆਮੀ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਅਜਿਹੇ ਲੋਕ ਵਿਰੋਧੀ ਸਮਾਗਮਾਂ ਉੱਤੇ ਪਾਬੰਦੀ ਲਗਾਈ ਜਾਵੇ। ਸੁਸਾਇਟੀ ਦੀ ਸਥਾਨਕ ਕੰਪਨੀ ਬਾਗ ਵਿਖੇ ਹੋਈ ਇਕੱਤਰਤਾ ਦੌਰਾਨ ਤਰਕਸ਼ੀਲ ਆਗੂਆਂ ਡਾ. ਸ਼ਿਆਮ ਸੁੰਦਰ ਦੀਪਤੀ, ਸੁਮੀਤ ਸਿੰਘ ਅਤੇ ਕਾ. ਬਲਵਿੰਦਰ ਦੁਧਾਲਾ ਨੇ ਇਹ ਦੋਸ਼ ਲਾਇਆ। ਤਰਕਸ਼ੀਲ ਆਗੂਆਂ ਸੁਖਮੀਤ ਸਿੰਘ, ਜਸਪਾਲ ਬਾਸਰਕਾ ਅਤੇ ਮਨਜੀਤ ਬਾਸਰਕਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤਰਕਸ਼ੀਲ ਆਗੂਆਂ ਮੇਜਰ ਸਿੰਘ, ਰਮੇਸ਼ ਕੁਮਾਰ ਅਤੇ ਉਸ਼ਾ ਦੀਪਤੀ ਨੇ ਵੀ ਸੰਬੋਧਨ ਕੀਤਾ। **- ਸੁਮੀਤ ਸਿੰਘ**

ਇਕਾਈ ਸੰਗਰੂਰ : ਨਹਿਰੂ ਯੁਵਾ ਕੇਂਦਰ ਦੇ ਜ਼ਿਲ੍ਹਾ ਪੱਧਰੀ ਸਭਿਆਚਾਰਕ ਮੇਲੇ ਵਿੱਚ ਤਰਕਸ਼ੀਲ ਪ੍ਰੋਗਰਾਮ : ਮੈਡਮ ਪਰਮਜੀਤ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੁਨਾਮ ਬਲਾਕ ਦੇ ਵਲੰਟੀਅਰ ਸੁਖਵੀਰ ਸਿੰਘ ਅਤੇ ਰਜਨੀ ਸ਼ਰਮਾਂ ਦੀ ਅਗਵਾਈ ਵਿੱਚ ਪਿੰਡ ਖੜਿਆਲ ਵਿਖੇ ਗੁਰੂ ਤੇਗ ਬਹਾਦਰ ਨੌਜਵਾਨ ਕਲੱਬ ਅਤੇ ਬਾਬਾ ਜੰਡਸਰ ਯੂਥ ਕਲੱਬ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਮੇਲੇ ਵਿੱਚ ਇਕਾਈ ਸੰਗਰੂਰ ਦੀ ਟੀਮ ਵੱਲੋਂ ਸੁਰਿੰਦਰ ਕੁਮਾਰ, ਚਮਕੌਰ ਸਿੰਘ ਮਹਿਲਾਂ, ਕ੍ਰਿਸ਼ਨ ਸਿੰਘ, ਪਰਮਵੇਦ ਨੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ। ਪਰਮਵੇਦ ਨੇ ਸੰਬੋਧਨ ਕੀਤਾ, ਕ੍ਰਿਸ਼ਨ ਸਿੰਘ ਅਤੇ ਚਮਕੌਰ ਸਿੰਘ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ। ਸ਼ਹੀਦ ਊਧਮ ਸਿੰਘ ਕਾਲਜ, ਸੁਨਾਮ ਦੇ ਵਿਦਿਆਰਥੀਆਂ ਨੇ ਅਗਾਂਹਵਧੂ ਗੀਤ ਪੇਸ਼ ਕੀਤੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਖੜਿਆਲ, ਰਣ ਸਿੰਘ ਐਸ.ਡੀ.ਓ., ਨਰਿੰਦਰ ਪਾਲ ਸਿੰਘ ਹਨੀ, ਮਨਜਿੰਦਰ ਸਿੰਘ ਮੰਡੇਰ, ਮਨਦੀਪ ਸਿੰਘ ਪਟਵਾਰੀ, ਡਾ. ਰਫੀਕ ਖਾਨ, ਕਲੱਬ ਦੀ ਸਮੁੱਚੀ ਟੀਮ, ਜੰਡਸਰ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ, ਗੁਰਦੇਵ ਸਿੰਘ, ਬਲਜਿੰਦਰ ਸਿੰਘ ਖੜਿਆਲ ਆਦਿ ਹਾਜ਼ਰ ਸਨ।

ਕੌਮੀ ਸੇਵਾ ਯੋਜਨਾ ਕੈਂਪ ਮਹਿਲਾਂ ਚੌਂਕ ਵਿਖੇ ਤਰਕਸ਼ੀਲ ਸਮਾਗਮ : ਇਕਾਈ ਮੁਖੀ ਪਰਮਵੇਦ, ਲੈਕਚਰਾਰ ਕ੍ਰਿਸ਼ਨ ਸਿੰਘ ਤੇ ਨਿਰਮਲ ਸਿੰਘ ਦੁੱਗਾਂ 'ਤੇ ਅਧਾਰਿਤ ਤਰਕਸ਼ੀਲ ਟੀਮ ਵੱਲੋਂ 25 ਦਸੰਬਰ ਨੂੰ ਸ.ਸ.ਸ. ਸਕੂਲ, ਮਹਿਲਾਂ ਵਿਖੇ ਪ੍ਰਿੰਸੀਪਲ ਇਕਦੀਸ਼ ਕੌਰ ਦੀ ਅਗਵਾਈ ਵਿੱਚ ਲੱਗੇ ਕੌਮੀ ਸੇਵਾ ਯੋਜਨਾ ਕੈਂਪ ਵਿੱਚ ਇੱਕ ਸਿੱਖਿਆਦਾਇਕ ਤਰਕਸ਼ੀਲ ਸਮਾਗਮ ਪੇਸ਼ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮਵੇਦ ਅਤੇ ਨਿਰਮਲ ਸਿੰਘ ਦੁੱਗਾ ਨੇ ਸੰਬੋਧਨ ਕੀਤਾ। ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਤੇ ਚਮਕੌਰ ਸਿੰਘ ਮਹਿਲਾਂ ਵੱਲੋਂ ਜਾਦੂ ਟ੍ਰਿਕ ਦਿਖਾਏ ਗਏ। ਕੈਂਪ ਕਮਾਂਡੈਂਟ ਅਤੇ ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਵੀ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਅਪਨਾਉਣ ਲਈ ਕਿਹਾ। ਸਵਾਲ-ਜਵਾਬ ਸੈਸ਼ਨ ਵਿੱਚ ਅਧਿਆਪਕ ਰਜਿੰਦਰ ਸਿੰਘ ਸਤੌਜ, ਕਰਨੈਲ ਸਿੰਘ, ਸੁਨੀਤਾ ਆਨੰਦ, ਸੁਖਵਿੰਦਰ ਕੌਰ, ਬਲਵਿੰਦਰ ਕੌਰ, ਰਵੀਦੀਪ ਸਿੰਘ, ਨਵਨੀਤ ਕੁਮਾਰ, ਕੈਪਟਨ ਸਰਪ੍ਰੀਤ ਆਦਿ ਨੇ ਭਾਗ ਲਿਆ। ਪ੍ਰੋਗਰਾਮ ਨੇ ਵਿਦਿਆਰਥੀਆਂ 'ਤੇ ਡੂੰਘੀ ਛਾਪ ਛੱਡੀ।

- ਪਰਮਵੇਦ

ਇਕਾਈ ਬਠਿੰਡਾ

1. ਪੀਪਲਜ਼ ਲਿਟਰੇਰੀ ਫੈਸਟੀਵਲ ਟੀਚਰਜ਼ ਹੋਮ ਬਠਿੰਡਾ ਵਿਖੇ 25 ਤੋਂ 29 ਦਸੰਬਰ 2019 ਕਿਤਾਬਾਂ ਦੀ ਸਟਾਲ ਲਾਈ ਗਈ। ਵਿਸ਼ੇਸ - ਉੱਘੇ ਵਿਦਵਾਨ ਸਰਦਾਰਾ ਸਿੰਘ ਜੌਹਲ ਨੇ ਚੇਤਨਾ ਪਰਖ ਪ੍ਰੀਖਿਆ ਅਤੇ ਤਰਕਸ਼ੀਲ ਸੁਸਾਇਟੀ ਦੇ ਪ੍ਰਕਾਸ਼ਨ (ਕਿਤਾਬਾਂ) ਅਨੁਵਾਦ ਜਾਂ ਸੁਸਾਇਟੀ ਦੀਆਂ ਹਨ, ਬਾਰੇ ਜਾਣਕਾਰੀ ਲਈ। ਇਹਨਾਂ ਪੰਜ ਦਿਨਾਂ ਵਿੱਚ ਤੀਹ ਹਜ਼ਾਰ ਦੀਆਂ ਕਿਤਾਬਾਂ ਲੋਕਾਂ ਨੇ ਸਟਾਲ ਤੋਂ ਖਰੀਦੀਆਂ।
2. ਹਰ ਸਾਲ ਵਾਂਗ ਮਾਘੀ ਮੇਲੇ 'ਤੇ 14 ਜਨਵਰੀ ਨੂੰ ਤਰਕਸ਼ੀਲ ਪ੍ਰਦਰਸ਼ਨੀ ਅਤੇ ਕਿਤਾਬਾਂ ਦੀ ਸਟਾਲ, ਮੈਜਿਕ ਸ਼ੋਅ ਕੁਲਵੰਤ,

ਸੁਰਿੰਦਰ ਅਤੇ ਬੱਬੂ। ਸਟੇਜ ਰਣਧੀਰ ਗਿੱਲਪੱਤੀ। ਸੰਗੀਤ ਮੰਡਲੀ ਜੀਦਾ। ਬੁਲਾਰਾ - ਭੂਰਾ ਸਿੰਘ ਮਹਿਮਾ ਸਰਜਾ, ਸਹਿਯੋਗ ਬਲਵੀਰ ਸਿੰਘ, ਹਾਕਮ, ਸੁਖਵਿੰਦਰ ਪਾਲ ਡੱਬਵਾਲੀ ਅਤੇ ਗਿੱਦੜਬਾਹਾ ਇਕਾਈ।

3. M.M.D. D.A.V. ਕਾਲਜ ਗਿੱਦੜਬਾਹਾ ਵਿਦਿਆਰਥੀਆਂ ਦੇ ਐਨ.ਐਸ.ਐਸ. ਕੈਂਪ ਵਿੱਚ ਕਿਤਾਬਾਂ ਦੀ ਸਟਾਲ। ਮੁੱਖ ਬੁਲਾਰਾ ਜ਼ੋਨ ਮੁਖੀ ਰਾਮ ਸਿੰਘ ਨਿਰਮਾਣ।

4. ਪਿੰਡ ਗਹਿਰੀ ਬੁੱਟਰ ਵਿਖੇ ਇੱਕ ਨਿਵੇਕਲਾ ਵਿਆਹ। ਕੀਰਤੀ ਕਿਰਪਾਲ ਦੇ ਨਾਟਕ। ਕਿਤਾਬਾਂ ਦੀ ਇਕਾਈ ਬਠਿੰਡਾ ਵੱਲੋਂ ਸਟਾਲ। ਵਿਆਹ ਵਾਲੀ ਜੋੜੀ ਨੇ ਸਟਾਲ ਤੋਂ ਕਿਤਾਬਾਂ ਦੀ ਖਰੀਦ ਕੀਤੀ। ਸਟੇਜ ਰਣਜੀਤ ਸਿੰਘ ਸੀਨੀਅਰ ਆਗੂ।

5. 9 ਫਰਵਰੀ ਨੂੰ ਗਿੱਦੜਬਾਹਾ ਇਕਾਈ ਵੱਲੋਂ M.M.D. D.A.V. ਕਾਲਜ ਗਿੱਦੜਬਾਹਾ ਵਿਖੇ ਮਾਨਸਿਕ ਰੋਗ ਕਾਰਣ/ ਇਲਾਜ ਵਿਸ਼ੇ ’ਤੇ ਦੋ ਬੁਲਾਰੇ ਬਲਵਿੰਦਰ ਬਰਨਾਲਾ ਅਤੇ ਡਾ. ਰਾਜ ਕੁਮਾਰ। ਕਿਤਾਬਾਂ ਦੀ ਸਟਾਲ ਇਕਾਈ ਬਠਿੰਡਾ ਵੱਲੋਂ।

- ਗਿਆਨ ਸਿੰਘ

ਇਕਾਈ ਪਟਿਆਲਾ - ਵਿਦਿਆਰਥੀ ਵਰਕਸ਼ਾਪ : ਇਕਾਈ ਆਗੂ ਅਤੇ ਮੁੱਖ ਪ੍ਰਬੰਧਕ ਸਨੇਹਦੀਪ (ਅਧਿਆਪਕਾ, ਸ.ਸ.ਸ.ਸ. ਗੱਜੂਮਾਜਰਾ) ਅਤੇ ਉਹਨਾਂ ਦੇ ਸਹਿਯੋਗੀ ਮਾਸਟਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ 21 ਫਰਵਰੀ ਨੂੰ ਪਹਿਲੀ ਵਿਦਿਆਰਥੀ ਚੇਤਨਾ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਵਿਦਿਆਰਥੀਆਂ ਨੂੰ ਅਖੌਤੀ ਚਮਤਕਾਰਾਂ ਅਤੇ ਅੰਧ-ਵਿਸ਼ਵਾਸਾਂ ਦੀ ਹਕੀਕਤ ਬਾਰੇ ਜਾਣੂੰ ਕਰਵਾਇਆ ਗਿਆ। ਇਸ ਵਰਕਸ਼ਾਪ ਵਿੱਚ ਸੱਚੀ ਘਟਨਾ ਅਧਾਰਿਤ ਇੱਕ ਰੋਲ ਪਲੇਅ ਵੀ ਕਰਵਾਇਆ ਗਿਆ। ਜ਼ੋਨ ਮੁਖੀ ਰਾਮ ਕੁਮਾਰ, ਇਕਾਈ ਮੁਖੀ ਸੁਰਿੰਦਰ, ਸੂਬਾ ਆਗੂ ਹਰਚੰਦ ਭਿੰਡਰ, ਸਰਬਜੀਤ ਔਖਲਾ, ਬਲਵਾਨ ਸਿੰਘ, ਸਨੇਹ ਲਤਾ, ਕੁਲਵਿੰਦਰ ਦੀਪ, ਕਮਲੇਸ਼ ਕੁਮਾਰੀ, ਅਨੁਭਾ ਆਦਿ ਨੇ ਇਸ ਵਰਕਸ਼ਾਪ ਵਿੱਚ ਉਚੇਚੇ ਤੌਰ ’ਤੇ ਭਾਗ ਲਿਆ।

ਇਕਾਈ ਲੌਂਗੋਵਾਲ : ਜਬਰ ਜਨਾਹ ਕੇਸ ’ਚ ਦੋਸ਼ੀ ਨੂੰ 20 ਸਾਲ ਦੀ ਕੈਦ ਦੀ ਸਜ਼ਾ ਅਤੇ ਇੱਕ ਲੱਖ ਇੱਕ ਹਜ਼ਾਰ ਰੁਪਏ ਜ਼ੁਰਮਾਨਾ : ਜ਼ਿਲ੍ਹਾ ਕਮੇਟੀ ਫਾਰ ਰੇਪ ਵਿਕਟਿਮਜ਼ ਦੇ ਕਨਵੀਨਰ ਜੁਝਾਰ ਲੌਂਗੋਵਾਲ, ਮੈਂਬਰਾਂ ਸਵਰਨਜੀਤ ਸਿੰਘ, ਦਾਤਾ ਸਿੰਘ ਨਮੋਲ, ਬਲਬੀਰ ਲੌਂਗੋਵਾਲ ਨੇ ਦੱਸਿਆ ਕਿ ਪਿੰਡ ਛਾਜਲੀ ਵਿਖੇ ਇੱਕ ਧਾਰਮਿਕ ਸਥਾਨ ’ਚ ਇੱਕ ਅਪਰਾਧੀ ਪਿਛੋਕੜ ਵਾਲੇ ਦੋਸ਼ੀ ਭੁਪਿੰਦਰ ਸਿੰਘ ਉਰਫ ਪਾਲਾ ਠੇਕੇਦਾਰ ਨੇ ਛੇਵੀਂ ਜਮਾਤ ਵਿੱਚ ਪੜ੍ਹਦੀ ਇੱਕ 11 ਸਾਲ ਬੱਚੀ ਨਾਲ ਜਬਰ ਜਨਾਹ ਕੀਤਾ ਸੀ। ਇਸ ’ਤੇ ਫੈਸਲਾ ਸੁਣਾਉਂਦਿਆਂ ਸੰਗਰੂਰ ਦੀ ਜ਼ਿਲਾ ਸੈਸ਼ਨ ਅਦਾਲਤ ਨੇ ਉਕਤ ਸਜ਼ਾ ਦੋਸ਼ੀ ਨੂੰ ਕੀਤੀ ਹੈ। ਦੋਸ਼ੀ ਜੇਲ੍ਹ ਦੀਆਂ ਸਲਾਖਾਂ ਅੰਦਰ ਬੰਦ ਹੈ। ਇਸ ਕੇਸ ਵਿੱਚ ਲੋਕ ਪੱਖੀ ਐਡਵੋਕੇਟ ਜਸਵੀਰ ਭੁੰਮਸੀ ਦਾ ਅਹਿਮ ਰੋਲ ਰਿਹਾ ਹੈ। ਉਹਨਾਂ ਨੇ ਬਿਨਾਂ ਕਿਸੇ ਫੀਸ ਤੋਂ ਮਨੁੱਖਤਾ ਦੇ ਅਧਾਰ ’ਤੇ ਇਹ ਕੇਸ ਬਹੁਤ ਮਿਹਨਤ ਨਾਲ ਲੜਿਆ ਅਤੇ ਦੋਸ਼ੀ ਨੂੰ ਸਜ਼ਾ ਕਰਵਾਈ। ਸਮੁੱਚੀ ਕਮੇਟੀ ਨੇ ਮਿਲ ਕੇ ਉਹਨਾਂ ਦਾ ਧੰਨਵਾਦ ਕੀਤਾ। ਐਡਵੋਕੇਟ ਜਸਵੀਰ ਭੁੰਮਸੀ ਨੇ ਇਸੇ ਤਰ੍ਹਾਂ ਆਪਣੀਆਂ ਸਮਾਜ ਨੂੰ ਸੇਵਾਵਾਂ ਦੇਣ ਦਾ ਅਹਿਦ ਕੀਤਾ। ਇਸ ਕੇਸ ਨੂੰ ਲੜਣ ਵਿੱਚ ਛਾਜਲੀ ਦੇ ਉੱਦਮੀ ਨੌਜਵਾਨਾਂ ਦਵਿੰਦਰ ਸਿੰਘ ਲੱਖਾ, ਗਗਨਦੀਪ ਸਿੰਘ, ਰਾਮ ਲਾਲ, ਪ੍ਰਗਟ ਸਿੰਘ, ਜੀਆ ਲਾਲ, ਹਰਵਿੰਦਰ ਸਿੰਘ, ਅਮਨਦੀਪ ਸਿੰਘ, ਦੀਪ ਸਿੰਘ, ਸ਼ੇਰ ਸਿੰਘ, ਸਰਪੰਚ ਇੰਦਰਜੀਤ ਸਿਘ, ਵੇਦਪ੍ਰਕਾਸ਼, ਜਗਜੀਤ ਸਿੰਘ, ਪੰਚ, ਮੁਖਤਿਆਰ ਸਿੰਘ ਸਿੱਧੂ, ਤਰਕਸ਼ੀਲ ਆਗੂ ਲਾਭ ਸਿੰਘ ਛਾਜਲਾ ਦਾ ਅਹਿਮ ਰੋਲ ਰਿਹਾ।

ਜ਼ੋਨ ਮੁਕਤਸਰ ਫਾਜ਼ਿਲਕਾ

ਤਿੰਨ ਰੋਜ਼ਾ ਲੋਕ ਨਾਟ ਉਤਸਵ:


ਮਾਘੀ ਮੇਲਾ ਮੁਕਤਸਰ ਵਿਖੇ 14,15,16 ਜਨਵਰੀ20 ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਥਾਨਕ ਜ਼ੋਨ ਵੱਲੋਂ 16ਵਾਂ ਤਿੰਨ ਰੋਜ਼ਾ ਨਾਟ ਮੇਲਾ ਕਰਵਾਇਆ ਗਿਆ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਇਨਕਲਾਬ ਜ਼ਿੰਦਾਬਾਦ ਤੇ ਪੰਡਿਤ ਬਲਾਕੀ ਰਾਮ ਨਾਟਕਾਂ ਦਾ ਮੰਚਨ ਕੀਤਾ ਗਿਆ।ਅਦਾਕਾਰ ਮੰਚ ਮੁਹਾਲੀ ਵੱਲੋਂ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ ਨਾਟਕ ‘ਸੰਮਾਂ ਵਾਲੀ ਡਾਂਗ’ ਦਰਸ਼ਕਾਂ ਨੂੰ ਕੀਲ ਗਿਆ।ਲੋਕ ਰੰਗ ਮੰਚ ਜੋਧਪੁਰ ਦੇ ਕਲਾਕਾਰਾਂ ਨੇ ਗੁਰਤੇਜ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ ਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ। ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਜਗਸੀਰ ਜੀਦਾ ਦੀ ਅਗਵਾਈ ਵਿੱਚ ਲੋਕ ਪੱਖੀ ਗੀਤਾਂ ਦਾ ਚਾਨਣ ਬਿਖੇਰਿਆ। ਸੁਖਦੇਵ ਮਲੂਕਪੁਰੀ ਨੇ ਮੇਲੇ ਵਿੱਚ ਤਿੰਨੇ ਦਿਨ ਪੰਡਾਲ ਵਿੱਚ ਜੁੜੇ ਮੇਲੀਆਂ ਨੂੰ ਜਾਦੂ ਕਲਾ ਦੇ ਭੇਦ ਸਮਝਾਏ। ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਤੇ ਸਾਹਿਤ ਵਿਭਾਗ ਮੁਖੀ ਰਾਮ ਸਵਰਨ ਲੱਖੇਵਾਲੀ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ। ਮੇਲੇ ਦੀ ਸਫਲਤਾ ਲਈ ਬਲਦੇਵ ਸਿੰਘ ਲੱਧੂ ਵਾਲਾ, ਸੁਰਿੰਦਰ ਗੰਜੂਆਣਾ, ਕੁਲਜੀਤ ਡੰਗਰ ਖੇੜਾ,ਭੁਪਿੰਦਰ ਵੜਿੰਗ, ਪਰਮਿੰਦਰ ਖੋਖਰ, ਬੂਟਾ ਸਿੰਘ ਵਾਕਿਫ਼, ਜਸਵੰਤ ਸਿੰਘ, ਲਖਵੀਰ ਸਿੰਘ ਹਰੀਕੇ ਨੇ ਭਰਵਾਂ ਸਹਿਯੋਗ ਦਿੱਤਾ। ਮੇਲੇ ਵਿੱਚ ਤਿੰਨੇ ਦਿਨ ਪੁਸਤਕ ਪੋਸਟਰ ਪ੍ਰਦਰਸ਼ਨੀ ਵੀ ਮੇਲੀਆਂ ਦੇ ਧਿਆਨ ਦਾ ਕੇਂਦਰ ਰਹੀ।

ਬੂਟਾ ਸਿੰਘ ਵਾਕਿਫ਼



ਪਾਠਕਾਂ ਦੇ ਖ਼ਤ

ਸੰਪਾਦਕ 'ਤਰਕਸ਼ੀਲ'
ਮੁੱਖ ਦਫ਼ਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)
email : tarkshiloffice@gmail.com



ਜਨਵਰੀ-ਫਰਵਰੀ 2020 ਅੰਕ ਦੀ ਦਿੱਖ, ਅੰਦਰ ਪੜ੍ਹੋ, ਸੈਟਿੰਗ ਅਤੇ ਲਿਖਤਾਂ ਪ੍ਰਭਾਵਸ਼ਾਲੀ ਅਤੇ ਵਿਦਿਆਰਥੀਆਂ ਦੇ ਹਾਣ ਦੀਆਂ ਸਨ। ਮੈਨੂੰ ਤਾਂ ਇਸ ਅੰਕ ਵਿੱਚ ਕੋਈ ਘਾਟ ਨਜ਼ਰ ਨਹੀਂ ਆਈ। ਸਰਕਾਰੀ ਕੰਨਿਆ ਸੀਨੀ.ਸੈ. ਸਕੂਲ, ਰੋਪੜ ਦੀ ਪ੍ਰਿੰਸੀਪਲ ਮੈਡਮ ਚੌਧਰੀ ਨੇ ਆਪਣੀਆਂ ਵਿਦਿਆਰਥਣਾਂ ਲਈ ਇਸ ਵਿਸ਼ੇਸ ਅੰਕ ਦੀਆਂ 50 ਕਾਪੀਆਂ ਖਰੀਦ ਕੀਤੀਆਂ। ਇਸੇ ਤਰ੍ਹਾਂ ਸਤਲੁਜ ਪਬਲਿਕ ਸਕੂਲ, ਹੁਸੈਨਪੁਰ (ਰੋਪੜ) ਦੀ ਪ੍ਰਿੰਸੀਪਲ ਅਤੇ ਪੰਜਾਬੀ ਅਧਿਆਪਕਾ ਪਰਮਜੀਤ ਕੌਰ ਦੀ ਪ੍ਰੇਰਨਾ ਸਦਕਾ ਸਕੂਲ ਦੇ 43 ਵਿਦਿਆਰਥੀਆਂ ਨੇ 43 ਕਾਪੀਆਂ ਖਰੀਦੀਆਂ। ਵਿਦਿਆਰਥੀ ਵਿਸ਼ੇਸ ਅੰਕ ਦੀ ਮਾਸਟਰ-ਮਾਈਂਡ ਆਗੂ ਟੀਮ ਨੂੰ ਹਾਰਦਿਕ ਸਲੂਟ। **- ਅਜੀਤ ਪ੍ਰਦੇਸ਼ੀ**

ਜਨਵਰੀ-ਫਰਵਰੀ 2020 ਦੇ ਤਰਕਸ਼ੀਲ ਵਿਦਿਆਰਥੀ ਵਿਸ਼ੇਸ ਅੰਕ ਦਾ ਟਾਈਟਲ ਬੜਾ ਖਿੱਚ ਭਰਪੂਰ ਸੀ। ਇਸ ਅੰਕ ਦੀ ਇੱਕ-ਇੱਕ ਰਚਨਾ ਵਡਮੁੱਲੀ ਜਾਣਕਾਰੀ ਦਾ ਖਜ਼ਾਨਾ ਹੈ। ਸਾਰੀਆਂ ਰਚਨਾਵਾਂ ਖਾਸ ਕਰਕੇ ਆਓ ਵਿਗਿਆਨਕ ਕਾਰਨ ਜਾਣੀਏ, ਰਾਤ ਨੂੰ ਰੁੱਖਾਂ 'ਤੇ ਮਚਦੀ ਅੱਗ, ਵਹਿਮ-ਭਰਮ, ਲੋਟੂ ਬਾਬੇ ਅਤੇ ਵਿਗਿਆਨ, ਨੰਨਾ ਭੂਤ, ਹੱਡ ਬੀਤੀ, ਸਮਾਜਿਕ ਨਾ-ਬਰਾਬਰੀ, ਕੀ ਜੋਤਿਸ਼ ਵਿਗਿਆਨ ਹੈ, ਮੋਨੀ ਬਾਬਾ ਦਾ ਚਮਤਕਾਰ ਹੋਇਆ ਠੁੱਸ ਬਹੁਤ ਵਧੀਆ ਜਾਣਕਾਰੀ ਦੇਣ ਵਾਲੇ ਹਨ। ਇਹਨਾਂ ਵਿਚਲੇ ਵਿਚਾਰ ਮਨ ਵਿੱਚ ਘਰ ਕਰ ਗਏ। ਮੈਗਜ਼ੀਨ ਦੇ ਅੰਤਲੇ ਪੰਨੇ 'ਤੇ ਮਹਾਨ ਵਿਚਾਰਕਾਂ ਦੇ ਵਿਚਾਰ ਜ਼ਿੰਦਗੀ ਨੂੰ ਨਵੀਂ ਸੇਧ ਦੇਣ ਵਾਲੇ ਹਨ। ਮੈਂ ਤਰਕਸ਼ੀਲ ਸੁਸਾਇਟੀ ਦੀ ਧੰਨਵਾਦੀ ਹਾਂ ਜਿਸ ਨੇ ਇਹ ਉਪਰਾਲਾ ਕੀਤਾ ਅਤੇ ਬੇਨਤੀ ਕਰਦੀ ਹਾਂ ਕਿ ਲਗਾਤਾਰ ਅਜਿਹੇ ਅੰਕ ਕੱਢੇ ਜਾਣ ਤਾਂ ਜੋ ਵਿਦਿਆਰਥੀ ਵਰਗ ਵਿਗਿਆਨਕ ਸੂਝ ਨਾਲ ਜੁੜ ਸਕੇ।

- ਕਾਜਲ ਰਾਣੀ (ਦਸਵੀਂ) ਸ.ਸ.ਸ.ਸ., ਦੀਵਾਨ ਖੇੜਾ

ਤਰਕਸ਼ੀਲ ਸੁਸਾਇਟੀ ਵੱਲੋਂ ਵਿਦਿਆਰਥੀ ਚੇਤਨਾ ਪਰਖ ਪਰੀਖਿਆ ਕਰਵਾਈ ਗਈ। ਮੈਨੂੰ ਜਲ੍ਹਿਆਂਵਾਲੇ ਬਾਗ ਦੀ ਸ਼ਹਾਦਤ ਸਤਾਬਦੀ ਨੂੰ ਸਮਰਪਿਤ ਯਾਦਗਰੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈ ਕੇ ਬਹੁਤ ਹੀ ਵਧੀਆ ਲੱਗਾ ਅਤੇ ਕਾਫੀ ਕੁੱਝ ਸਿੱਖਣ ਨੂੰ ਮਿਲਿਆ। ਇਹ ਪ੍ਰੀਖਿਆ ਹਰੇਕ ਵਿਦਿਆਰਥੀ ਨੂੰ ਜ਼ਰੂਰੀ ਦੇਣੀ ਚਾਹੀਦੀ ਹੈ। ਇਹ ਪ੍ਰੀਖਿਆ ਪੰਜਾਬ ਵਿੱਚ ਹੀ ਨਹੀਂ ਸਗੋਂ ਹਰ ਸੂਬੇ ਵਿੱਚ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਹਰੇਕ ਵਿਦਿਆਰਥੀ ਅਤੇ ਪਰਿਵਾਰ ਨੂੰ ਅੰਧ-ਵਿਸ਼ਵਾਸਾਂ ਵਿੱਚੋਂ ਕੱਢ ਕੇ ਉਨ੍ਹਾਂ ਦੀ ਸੋਚ ਨੂੰ ਤਰਕਪੂਰਨ ਬਣਾਇਆ ਜਾ ਸਕੇ। ਜੇਕਰ ਅਜਿਹਾ ਹੋਵੇਗਾ ਤਾ ਉਹ ਦਿਨ ਦੂਰ ਨਹੀ ਜਦੋਂ ਹਰ ਇਨਸਾਨ ਦੀ ਸੋਚ ਵਿਗਿਆਨਕ ਹੋਵੇਗੀ। ਸਮਾਜ ਵਿੱਚ ਫੈਲੇ ਅੰਧ-ਵਿਸ਼ਵਾਸਾਂ ਦਾ ਖਾਤਮਾ ਹੋ ਜਾਵੇਗਾ। ਦੇਸ਼ ਦੇ ਲੋਕ ਹਰ ਤੱਥ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਪਰਖਣਗੇ। ਮੈਨੂੰ ਅਫਸੋਸ ਹੈ ਕਿ ਮੈਂ ਦੁਬਾਰਾ ਪ੍ਰੀਖਿਆ ਵਿੱਚ ਹਿੱਸਾ ਨਹੀਂ ਲੈ ਸਕਾਂਗੀ ਕਿਉਂਕਿ ਸੀਨੀਅਰ ਸੈਕੰਡਰੀ ਵਰਗ ਵਿੱਚ ਇਹ ਮੇਰਾ ਆਖਰੀ ਸਾਲ ਹੈ। ਖੈਰ, ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਇਸ ਬਾਰ 'ਚੇਤਨਾ ਪਰਖ ਪ੍ਰੀਖਿਆ' ਦੇ ਸੈਕੰਡਰੀ ਵਰਗ ਵਿੱਚੋਂ ਮੈਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਹ ਇਨਾਮ ਮੈਂ ਦੂਸਰੀ ਵਾਰ ਹਾਸਿਲ ਕੀਤਾ ਹੈ ਜਿਸ ਦੀ ਮੈਨੂੰ ਬਹੁਤ ਖੁਸ਼ੀ ਹੈ।



ਖੁਸ਼ਬੂ ਕੁਮਾਰੀ (ਬਾਰਵੀਂ)
ਸ.ਸ.ਸ.ਸ., ਫਗਵਾੜਾ।

ਪੰਨਾ 52 ਦਾ ਬਾਕੀ...

ਉਹ ਕੁਰਬਾਨੀ ਦੀ ਹੀ ਨਹੀਂ ਜਿਉਣ ਦੀ ਕਲਾ ਵੀ ਦੱਸਦਾ ਹੈ। ਗੀਤਕਾਰ ਦੋਸਤੋ, ਜਵਾਨੀ ਦੇ ਹੱਥ ਨਸ਼ੇ ਹੀ ਨਹੀਂ ਹਨ। ਉਸ ਦੇ ਹੱਥ ਵਿੱਚ ਡਫਲੀ ਤੇ ਬੁੱਲਾਂ ਤੇ "ਹਮ ਲੇਕੇ ਰਹੇਂਗੇ ਆਜ਼ਾਦੀ" ਦਾ ਤਰਾਨਾ ਵੀ ਹੈ । ਇਸ ਤਰਾਨੇ ਦੀਆਂ ਜੋਸ਼ੀਲੀਆਂ ਤਰੰਗਾਂ ਹੁਣ ਸਰਹੱਦ ਲੰਘ ਗਈਆਂ ਹਨ। ਹੱਦੋਂ ਪਾਰਲੇ ਕੱਟੜ ਤਾਨਾਸ਼ਾਹ ਨੂੰ ਵੀ ਜਵਾਨੀ ਨੇ ਇਸ ਤਰਾਨੇ ਨਾਲ ਲਲਕਾਰਿਆ ਹੈ । ਉਥੋਂ ਉੱਠੇ ਫਹਿਮੀਦਾ ਰਿਆਜ਼ ਦੇ ਬੋਲ ਸਰਹੱਦ ਲੰਘ ਆਏ ਹਨ ਤੇ ਜਵਾਨੀ ਗਾ ਰਹੀ ਹੈ-

"ਕੁਛ ਲੋਗ ਤੁਮਹੇਂ ਸਮਝਾਏਂਗੇ, ਵੋਹ ਤੁਮਕੋ ਖੌਫ਼ ਦਿਲਾਏਂਗੇ।
ਪਰ ਤੁਮ ਜਿਸ ਲਮਹੇ ਮੇਂ ਜ਼ਿੰਦਾ ਹੋ ਵੋਹ ਲਮਹਾ ਤੁਮਸੇ ਜ਼ਿੰਦਾ ਹੈ,
ਯੇ ਵਕਤ ਨਹੀਂ ਫਿਰ ਆਏਗਾ
ਤੁਮ ਅਪਨੀ ਕਰਨੀ ਕਰ ਗੁਜ਼ਰੋ, ਜੋ ਹੋਗਾ ਦੇਖਾ ਜਾਏਗਾ"

ਜਵਾਨੀ ਨੂੰ ਕੀ ਹੁਣ ਹੋਰ ਕਿਸੇ ਸੇਧ ਦੀ ਲੋੜ ਹੈ ?

ਕਿੱਥੋਂ ਸੇਧ ਲਵੇ ਜਵਾਨੀ



ਜਸਵੰਤ ਮੋਹਾਲੀ

ਕਿਸੇ ਵੀ ਸਮਾਜ ਨੂੰ ਜਵਾਨੀ ਤੋਂ ਵਡੇਰੀਆਂ ਆਸਾਂ ਹੁੰਦੀਆਂ ਹਨ। ਕਾਲਜ, ਯੂਨੀਵਰਸਿਟੀਆਂ ਤੇ ਖੇਡ ਮੈਦਾਨ ਤਾਂ ਹੁੰਦੇ ਹੀ ਜਵਾਨੀ ਵਾਸਤੇ ਹਨ। ਸੋਹਣੇ ਦਿਸਣ ਦੀ ਤਾਂਘ ਵੀ ਇਸੇ ਉਮਰੇ ਉਮੜਦੀ ਹੈ। ਗੀਤਾਂ ਦੇ ਕੇਂਦਰ ਵਿਚ ਵੀ ਜਵਾਨੀ ਦਾ ਬੋਲਬਾਲਾ ਹੁੰਦਾ ਹੈ। ਪਰ ਪੰਜਾਬੀ ਗੀਤਾਂ ਵਿਚਲੀ ਜਵਾਨੀ ਤੇ ਖਬਰਾਂ ਵਿਚਲੀ ਜਵਾਨੀ ਵਿੱਚ ਬੜਾ ਫਰਕ ਹੈ। ਗੀਤਾਂ ਵਿਚਲੇ ਗੱਭਰੂਆਂ ਕੋਲ ਹਾਈ-ਇੰਡ ਗੱਡੀਆਂ ਤੇ ਹੱਥ ਵਿੱਚ ਰਫਲਾਂ ਹਨ।ਉਸ ਦੀ ਗੱਲ ਸ਼ੁਰੂ ਨਸ਼ਿਆਂ ਨਾਲ ਹੁੰਦੀ ਹੈ ਤੇ ਖਤਮ ਗੈਂਗਸਟਰਾਂ ਨਾਲ। ਜਵਾਨੀ ਕੀ ਕਰੇ ? ਕਿੱਥੋਂ ਸੇਧ ਲਵੇ ? ਉਸ ਨੂੰ ਸੇਧ ਦੇਣ ਵਾਲੀ ਪਹਿਲੀ ਸੰਸਥਾ ਸਕੂਲ ਕਾਲਜ ਹਨ। ਪਰ ਏਥੇ ਵੀ ਕਿਤਾਬਾਂ ਨੂੰ ਇਮਤਿਹਾਨਾਂ ਦੀ ਤਿਆਰੀ ਲਈ ਪੜ੍ਹਿਆ ਜਾਂਦਾ ਹੈ । ਇਸ ਲਈ ਨਹੀਂ ਕਿ ਜਿੰਦਗੀ ਚੰਗੀ ਕਿਵੇਂ ਜਿਉਣੀ ਹੈ। ਸਾਰੇ ਵਿਸ਼ਿਆਂ ਦੇ ਪੇਪਰ ਦੇਕੇ ਉਹ ਕਿਤਾਬਾਂ ਵਾਲੇ ਬਸਤੇ ਨੂੰ ਇਸ ਤਰ੍ਹਾਂ ਸੁੱਟ ਕੇ ਭੁੱਲ ਜਾਂਦਾ ਹੈ ਜਿਵੇਂ ਕਿਤਾਬਾਂ ਦੀ "ਡੇਟ ਐਕਸਪਾਇਰ" ਹੋ ਗਈ ਹੋਵੇ। ਸਕੂਲ ਵਿਚ ਹਾਸਲ ਕੀਤਾ ਗਿਆਨ ਸਿਆਣਪ ਵਿੱਚ ਨਹੀਂ ਬਦਲਿਆ। ਮਨੁੱਖ ਨੇ ਸ਼ੁਰੂ ਵਿੱਚ ਕੁਦਰਤੀ ਵਰਤਾਰਿਆਂ ਤੋਂ ਅਣਜਾਨ ਹੋਣ ਕਰਕੇ ਦੇਵਤੇ ਸਿਰਜ ਲਏ। ਉਸ ਮੁੱਢਲੇ ਮਨੁੱਖ ਦੀ ਕਲਪਨਾ ਕਰੋ ਜਦੋਂ ਉਹ ਜੰਗਲ ਦੇ ਕਿਸੇ ਛੱਪਰ ਥੱਲੇ ਬੈਠਾ ਅਸਮਾਨ ਨੂੰ ਬੱਦਲਾਂ ਨਾਲ ਘਿਰਦਾ, ਫਿਰ ਉੱਪਰੋਂ ਪਾਣੀ ਵਰ੍ਹਦਾ ਦੇਖਦਾ ਤੇ ਬਿਜਲੀਆਂ ਦੇ ਕੜਕਣ ਦੀਆਂ ਅਵਾਜ਼ਾਂ ਸੁਣਦਾ ਤਾਂ ਉਸ ਤੇ ਕੀ ਬੀਤਦੀ ਹੋਵੇਗੀ। ਪਰ ਫਿਰ ਉਹ ਸਮਾਂ ਵੀ ਆਇਆ ਜਦੋਂ ਉਸਨੇ ਇਸ ਦਾ ਭੇਤ ਪਾ ਲਿਆ। ਹੁਣ ਸਾਉਣ ਮਹੀਨੇ ਪੀਂਘਾਂ ਪੈਂਦੀਆਂ ਹਨ ਤੇ ਕਵੀਆਂ ਨੇ ਇਸ ਬਾਰੇ ਲਿਖ-ਲਿਖ ਕੇ ਝੜੀਆਂ ਲਾ ਦਿੱਤੀਆਂ ਹਨ। ਬੱਚਿਆਂ ਨੂੰ ਸਕੂਲਾਂ ਵਿੱਚ ਹੀ ਪੜ੍ਹਾ ਦਿੱਤਾ ਜਾਂਦਾ ਹੈ ਕਿ ਮੀਂਹ ਕਿਵੇਂ ਪੈਂਦਾ ਹੈ। ਪਰ ਹੋਇਆ ਕੀ ? ਉਸਨੇ ਕਿਤਾਬ ਵਿੱਚੋਂ ਘੋਟਾ ਲਾਇਆ ਕਿ ਮੀਂਹ ਕਿਵੇਂ ਪੈਂਦਾ ਹੈ। ਲਿਖ ਕੇ ਨੰਬਰ ਲੈ ਲਏ। ਉਸਨੇ ਇਹ ਨਹੀਂ ਲਿਖਿਆ ਕਿ ਮੀਂਹ ਪਵਾਉਣ ਲਈ ਗੁੱਡੀ ਫੂਕੀ ਜਾਵੇ, ਰੋਟ ਪਕਾਇਆ ਜਾਵੇ। ਜੇ ਲਿਖ ਦਿੰਦਾ ਤਾਂ ਨੰਬਰ ਨਹੀਂ ਸਨ ਮਿਲਣੇ। ਪਰ ਜਿਸ ਸਾਲ ਮੀਂਹ ਨਹੀਂ ਪੈਂਦਾ ਤਾਂ ਪੜ੍ਹੇ ਲਿਖੇ ਬੰਦੇ ਵੀ ਮੀਂਹ ਪਵਾਉਣ ਵਾਲੇ ਹਵਨਾਂ ਵਿੱਚ ਸ਼ਾਮਲ ਹੁੰਦੇ ਹਨ। ਰਾਜਨੀਤੀ ਲਈ ਇਹ ਬੰਦੇ ਨਹੀਂ ਵੋਟਾਂ ਹਨ। ਮੱਧ ਪ੍ਰਦੇਸ਼ ਦੇ ਖੰਡਵਾ ਇਲਾਕੇ ਦੇ ਐਮ ਪੀ ਨੰਦਕੁਮਾਰ ਚੌਹਾਨ ਨੇ ਮੀਂਹ ਪਵਾਉਣ ਲਈ ਸ਼ਿਵਪੂਜਣ ਕੀਤਾ। ਡੱਡੂ ਡੱਡੀ ਦਾ ਵਿਆਹ ਕਰਾਇਆ। ਫਿਰ ਵੱਧ ਬਾਰਸ਼ ਕਾਰਣ ਹੜ੍ਹਾਂ ਵਾਲੀ ਸਥਿਤੀ ਬਣ ਗਈ ਤਾਂ ਮੀਂਹ ਰੋਕਣ ਲਈ ਡੱਡੂ ਡੱਡੀ ਦਾ ਤਲਾਕ ਕਰਾਇਆ।ਇਹ ਕਿੱਥੇ ਪੜ੍ਹਿਆ ਸੀ ? ਦੂਜੇ ਪਾਸੇ ਚੀਨ ਨੇ ਬੀਜਿੰਗ ਉਲੰਪਿਕ ਖੇਡਾਂ ਵਿੱਚ ਕਲਾਊਡ ਸੀਡਿੰਗ ਟੈਕਨੀਕ ਨਾਲ ਮੀਂਹ ਨੂੰ ਕਾਬੂ ਕਰ ਲਿਆ ਤਾਂਕਿ ਗੇਮਾਂ ਵਿੱਚ ਖਲਲ ਨਾ ਪਾਵੇ। ਦੂਜੇ ਪਾਸੇ ਸਾਡੇ ਨੇਤਾ ਜਨਤਾ ਨੂੰ ਅਗਵਾਈ ਨਹੀਂ ਦਿੰਦੇ ਸਗੋਂ ਗੁਮਰਾਹ ਕਰਦੇ ਹਨ।ਦੇਸ਼ ਦੀ ਸੁਰੱਖਿਆ ਲਈ ਲੜਾਕੂ ਰਾਫੇਲ ਜਹਾਜ ਖਰੀਦੇ ਤੇ ਉਨ੍ਹਾਂ ਦੀ ਸੁਰੱਖਿਆ ਲਈ ਨਾਰੀਅਲ ਤੋੜ ਕੇ ਪੂਜਾ ਕੀਤੀ, ਟਾਇਰਾਂ ਥੱਲੇ ਨਿੰਬੂ ਰੱਖੇ। ਕੀਹਨੇ ? ਦੇਸ਼ ਦੇ ਰੱਖਿਆ ਮੰਤਰੀ ਨੇ। ਸਾਨੂੰ ਇੱਕੀਵੀਂ ਸਦੀ ਵਿੱਚ ਆਦਿ ਮਨੁੱਖ ਵਾਂਗ ਡਰਾ ਰਹੇ ਹਨ। ਆਦਿ ਮਨੁੱਖ ਦੇ ਪੱਧਰ ਦਾ ਗਿਆਨ ਦੇ ਕੇ ਕਹਿੰਦੇ ਨੇ ਕਿ ਦੇਸ਼ ਵਿਸ਼ਵ ਗੁਰੂ ਬਣ ਰਿਹਾ ਹੈ। ਪਹਿਲਾਂ ਤਾਂ ਸਿੱਖਿਆ ਹੀ ਹੱਦੋਂ ਵੱਧ ਮਹਿੰਗੀ ਹੈ। ਫਿਰ ਸੁਰੱਖਿਅਤ ਭਵਿੱਖ ਵਾਸਤੇ ਜਵਾਨੀ ਨੂੰ ਆਪਣਾ ਕੰਮ ਜਾਂ ਨੌਕਰੀ ਚਾਹੀਦੀ ਹੈ। ਇਹ ਵੱਡੀ ਸਮੱਸਿਆ ਹੈ।ਹਾਲਾਂਕਿ ਹੋਰ ਵੀ ਵਡੇਰੇ ਕੰਮ ਹਨ। ਅਮੀਰ ਗਰੀਬ ਦਾ ਪਾੜਾ, ਜਾਤੀ ਵਿਤਕਰਾ, ਧਰਮਾਂ ਦੇ ਨਾਮ ਤੇ ਵੰਡਪਾਊ ਰਾਜਨੀਤੀ - ਇਹ ਸੂਚੀ ਬਹੁਤ ਲੰਮੀ ਹੈ। ਇਹ ਸਾਂਝੀਆਂ ਮੁਸ਼ਕਲਾਂ ਹਨ।ਪਰ ਬੇਰੁਜ਼ਗਾਰੀ ਉਸ ਦੇ ਸਿੱਧੀ ਤਨ ਮਨ ਨੂੰ ਲੱਗੀ ਹੋਈ ਹੈ। ਜਵਾਨੀ ਨੂੰ ਜਵਾਨੀ ਦੀ ਗੱਲ ਸੌਖੀ ਸਮਝ ਆਉਂਦੀ ਹੈ। ਉਸਨੂੰ ਆਪਣੇ ਹਾਣੀ ਤੋਂ ਸੇਧ ਲੈਣੀ ਚਾਹੀਦੀ ਹੈ। ਭਰ ਜਵਾਨੀ ਫਾਂਸੀ ਚੜ੍ਹ ਗਏ ਗੱਭਰੂ ਤੋਂ। ਉਹ ਗੱਭਰੂ ਭਾਵੇਂ ਆਪਣੇ ਆਪ ਨੂੰ ਹੀ ਕਹਿੰਦਾ ਹੈ, ਪਰ ਸਬਕ ਉਹ ਸਭ ਲਈ ਹੈ, "ਅਧਿਐਨ ਕਰ, ਤਾਂਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜੁਆਬ ਦੇ ਸਕਣ ਦੇ ਯੋਗ ਹੋ ਜਾਏਂ। ਸਖਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ ਹੈ ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਸਭ ਤੋਂ ਅਹਿਮ ਗੱਲ ਇਹ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ ਉਸਦਾ ਸਪਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ"। ਇਸ ਵਿੱਚ ਸਭ ਕੁੱਝ ਸਮੋਇਆ ਹੈ - ਅਧਿਐਨ ਕਰ, ਜਨਤਕ ਲਹਿਰਾਂ ਨਾਲ ਜੁੜ ਤੇ ਸਪਸ਼ਟ ਨਿਸ਼ਾਨਾ ਮਿਥ।

...ਬਾਕੀ ਪੰਨਾ 51 'ਤੇ

ਤਰਕਸ਼ੀਲ ਸੋਚ ਨਾਲ ਮੇਲ ਖਾਂਦਾ 2250 ਸਾਲ ਪੁਰਾਣਾ ਇੱਕ ਸ਼ਿਲਾਲੇਖ



ਉਪਰੋਕਤ ਤਸਵੀਰ ਪ੍ਰਾਚੀਨ ਭਾਰਤ ਦੇ ਇੱਕ ਰਾਜੇ ਅਸ਼ੋਕ ਵੱਲੋਂ ਲਗਾਏ ਇੱਕ ਸ਼ਿਲਾਲੇਖ ਦੀ ਹੈ (ਸ਼ਿਲਾਲੇਖ ਤੋਂ ਭਾਵ ਹੈ ਪੱਥਰ ਉੱਤੇ ਲਿਖਿਆ ਲੇਖ)। ਇਹ ਸ਼ਿਲਾਲੇਖ ਉਸ ਵੱਲੋਂ ਅਜੋਕੇ ਮੁੰਬਈ ਸ਼ਹਿਰ ਤੋਂ 47 ਕਿਲੋਮੀਟਰ ਉੱਤਰ ਵੱਲ ਨਾਲਾਸੋਪਾਰਾ ਨਾਂ ਦੇ ਕਸਬੇ ਵਿੱਚ ਲਗਵਾਇਆ ਗਿਆ ਸੀ। ਇਸ ਸਮੇਂ ਇਹ ਸ਼ਿਲਾਲੇਖ ਮੁੰਬਈ ਦੇ ਵਿਕਟੋਰੀਆ ਟਰਮੀਨਲ ਰੇਲਵੇ ਸਟੇਸ਼ਨ ਦੇ ਨੇੜੇ ਸਥਿਤ ਛਤਰਪਤੀ 'ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਹਿਆਲਿਆ' ਨਾਮ ਦੇ ਮਿਊਜ਼ੀਅਮ ਵਿੱਚ ਪਿਆ ਹੈ। ਇਸ ਸ਼ਿਲਾਲੇਖ ਦੇ ਅੱਖਰ ਪੱਥਰ ਵਿੱਚ ਉਕਰੇ ਹੋਏ ਹਨ ਅਤੇ ਲਿਖਣ ਲਈ ਉਸ ਸਮੇਂ ਦੀ ਬ੍ਰਹਮੀ ਲਿਪੀ ਵਰਤੀ ਗਈ ਹੈ। ਇਸ ਦੇ ਅਰਥਾਂ ਨੂੰ ਸਮਝਾਉਣ ਲਈ ਮਿਊਜ਼ੀਅਮ ਵਿੱਚ ਇਸ ਦਾ ਅੰਗਰੇਜ਼ੀ ਅਤੇ ਮਰਾਠੀ ਅਨੁਵਾਦ ਵੀ ਪ੍ਰਦਰਸ਼ਿਤ ਕੀਤਾ ਗਿਆ ਹੈ। ਸਾਡੇ ਲਈ ਦਿਲਚਸਪੀ ਵਾਲੀ ਗੱਲ ਇਹ ਹੈ ਕਿ ਇਸ ਵਿੱਚ ਉਸ ਸਮੇਂ ਕੀਤੀਆਂ ਜਾਂਦੀਆਂ ਰਸਮਾਂ ਅਤੇ ਕਰਮ-ਕਾਂਡ ਵਿਅਰਥ ਕਰਾਰ ਦਿੰਦੇ ਹੋਏ ਅਜਿਹੀਆਂ ਰਸਮਾਂ ਕਰਨ ਦੀ ਬਜਾਏ ਇਖਲਾਕੀ ਤੌਰ 'ਤੇ ਚੰਗੇ ਕੰਮ ਕਰਨ ਲਈ ਕਿਹਾ ਗਿਆ ਹੈ। ਪੇਸ਼ ਹੈ ਇਸ ਦਾ ਪੰਜਾਬੀ ਰੂਪ:-

· ਰਾਜਾ ਦੇਵਾਮਪ੍ਰਿਆ ਪ੍ਰਿਆਦਰਸਿਨ ਅਸ਼ੋਕ (ਰਾਜੇ ਅਸ਼ੋਕ ਦਾ ਇੱਕ ਖਿਤਾਬ) ਫੁਰਮਾਉਂਦਾ ਹੈ ਕਿ :

· ਆਦਮੀ ਬਿਮਾਰੀ ਸਮੇਂ, ਆਪਣੇ ਪੁੱਤਰ ਜਾਂ ਧੀ ਦੀ ਸ਼ਾਦੀ ਸਮੇਂ, ਬੱਚੇ ਦੇ ਜਨਮ ਸਮੇਂ, ਯਾਤਰਾ 'ਤੇ ਜਾਣ ਸਮੇਂ ਅਤੇ ਅਜਿਹੇ ਹੋਰ ਮੌਕਿਆਂ ਉੱਪਰ ਬਹੁਤ ਸਾਰੀਆਂ ਰਸਮਾਂ ਕਰਦੇ ਹਨ।

· ਅਜਿਹੇ ਸਮੇਂ ਮਾਤਾਵਾਂ ਅਤੇ ਪਤਨੀਆਂ ਵੀ ਬਹੁਤ ਸਾਰੀਆਂ ਨਿਗੂਣੀਆਂ ਅਤੇ ਵਿਅਰਥ ਰਸਮਾਂ ਕਰਦੀਆਂ ਹਨ।

· ਇਹ ਰਸਮਾਂ ਕੀਤੀਆਂ ਜਾ ਸਕਦੀਆਂ ਹਨ, ਪਰ ਅਸਲੀਅਤ ਵਿੱਚ ਇਨ੍ਹਾਂ ਰਸਮਾਂ ਦਾ ਕੋਈ ਲਾਭ ਨਹੀਂ ਹੁੰਦਾ।

· ਇਨ੍ਹਾਂ ਦੀ ਬਜਾਏ ਹੇਠ ਲਿਖੀਆਂ ਸਦਾਚਾਰਕ ਗੱਲਾਂ ਦਾ ਸਚਮੁੱਚ ਹੀ ਫਾਇਦਾ ਹੁੰਦਾ ਹੈ।

· ਇਸ ਵਿੱਚ ਇਹ ਗੱਲਾਂ ਸ਼ਾਮਲ ਹਨ - ਨੌਕਰਾਂ ਅਤੇ ਗੁਲਾਮਾਂ ਨਾਲ ਸੁਚੱਜਾ ਵਿਵਹਾਰ, ਵੱਡਿਆਂ ਦਾ ਸਤਿਕਾਰ, ਜਾਨਵਰਾਂ ਪ੍ਰਤੀ ਦਿਆਲਤਾ, ਬ੍ਰਾਹਮਣਾਂ ਅਤੇ ਭਿਖਸ਼ੂਆਂ ਪ੍ਰਤੀ ਖੁੱਲ੍ਹਦਿਲੀ : ਇਹ ਅਤੇ ਅਜਿਹੇ ਹੋਰ ਸਦਾਚਾਰਕ ਅਮਲ।

ਅੱਜ ਦੇ ਦੌਰ ਵਿੱਚ ਇਹ ਗੱਲਾਂ ਸਾਧਾਰਣ ਲੱਗ ਸਕਦੀਆਂ ਹਨ ਪਰ ਉਸ ਸਮੇਂ ਦੇ ਪ੍ਰਸੰਗ ਵਿੱਚ ਇੱਕ ਰਾਜੇ ਵੱਲੋਂ ਇਹ ਗੱਲਾਂ ਪ੍ਰਚਾਰਨੀਆਂ ਮਹੱਤਵਪੂਰਨ ਕਦਮ ਸੀ। ਦੂਸਰਾ ਇਸ ਵਿੱਚ ਅਸ਼ੋਕ ਦੀ ਜਮਹੂਰੀ ਪਹੁੰਚ ਵੀ ਦਿਖਾਈ ਦਿੰਦੀ ਹੈ ਕਿ ਉਸ ਨੇ ਖ਼ੁਦ ਬੁੱਧ ਧਰਮ ਅਪਣਾ ਲਿਆ ਸੀ ਪਰ ਉਸ ਨੇ ਬ੍ਰਾਹਮਣਾਂ ਪ੍ਰਤੀ ਵੀ ਬੋਧੀ ਭਿਖਸ਼ੂਆਂ ਵਾਂਗ ਖੁੱਲ੍ਹਦਿਲੀ ਪਹੁੰਚ ਰੱਖਣ ਲਈ ਕਿਹਾ। ਫਜ਼ੂਲ ਰਸਮਾਂ ਉੱਤੇ ਵੀ ਪਾਬੰਦੀ ਲਗਾਉਣ ਦੀ ਬਜਾਏ ਉਸ ਨੇ ਇਨ੍ਹਾਂ ਦਾ ਬਦਲ ਦਿੰਦੇ ਹੋਏ ਸਮਝਾਊ ਰਵੱਈਆ ਹੀ ਅਪਣਾਇਆ ਹੈ।

ਪੇਸ਼ਕਸ਼ : ਰਾਜਪਾਲ ਸਿੰਘ

ਤਰਕਸ਼ੀਲ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 2020

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਇਸ ਸਾਲ ਦੀ ਚੇਤਨਾ ਪਰਖ ਪ੍ਰੀਖਿਆ ਗ਼ਦਰ ਲਹਿਰ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ 150ਵੀਂ ਜਨਮ ਸ਼ਤਾਬਦੀ 'ਤੇ ਗ਼ਦਰ ਲਹਿਰ ਨੂੰ ਸਮਰਪਿਤ ਹੋਵੇਗੀ। ਇਹ ਪ੍ਰੀਖਿਆ 8, 9 ਅਗਸਤ 2020 ਨੂੰ ਹੋਵੇਗੀ। ਮਿਡਲ ਅਤੇ ਸੈਕੰਡਰੀ ਵਿਭਾਗ ਦੀਆਂ ਸੋਧੀਆਂ ਹੋਈਆਂ ਸਿਲੇਬਸ ਪੁਸਤਕਾਂ ਜਲਦੀ ਇਕਾਈਆਂ ਤੱਕ ਪਹੁੰਚ ਜਾਣਗੀਆਂ। ਇੱਕ ਸਿਲੇਬਸ ਪੁਸਤਕ 'ਤੇ ਇੱਕ ਵਿਦਿਆਰਥੀ ਹੀ ਪ੍ਰੀਖਿਆ ਦੇ ਸਕੇਗਾ। ਪ੍ਰੀਖਿਆ ਬਾਰੇ ਵਧੇਰੇ ਜਾਣਕਾਰੀ ਲਈ ਇਕਾਈ ਮੁਖੀਆਂ/ਜੋਨ ਮੁਖੀਆਂ ਨਾਲ ਸੰਪਰਕ ਕਰੋ।

ਅਪੀਲ

ਸਮੂਹ ਇਕਾਈਆਂ ਨੂੰ ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਮਾਰਚ ਮਹੀਨਾ ਮੈਗਜ਼ੀਨ ਮਹੀਨੇ ਦੇ ਰੂਪ ਵਿੱਚ ਮਨਾਉਣ ਦੀ ਅਪੀਲ ਕੀਤੀ ਜਾਂਦੀ ਹੈ। ... ਸੂਬਾ ਕਮੇਟੀ

ਜਿਲਦ ਨੰ. 21 ਰਜਿ. ਨੰ. PUNPUN/2000/05393 ਅੰਕ : 2

ਸਾਹਿਤ, ਕਲਾ, ਤਰਕ ਦੇ ਮਹਾਨ ਹਸਤਾਖਰ : ਸਿਜਦਾ, ਸਲਾਮ



ਪੰਜਾਬੀ ਸਾਹਿਤ ਜਗਤ ਦੀ ਸਿਰਮੌਰ ਹਸਤੀ। ਸ਼ਬਦਾਂ ਦਾ ਜਾਦੂਗਰ। ਕਲਮ, ਕਲਾ ਨਾਲ ਲੋਕ ਮਨਾਂ ਨੂੰ ਜਿੱਤਣ ਵਾਲਾ। ਲੋਕ ਹਿਤਾਂ ਦੀ ਬੁਲੰਦ ਆਵਾਜ਼ : ਜਸਵੰਤ ਸਿੰਘ ਕੰਵਲ। 'ਰਾਤ ਬਾਕੀ ਹੈ', 'ਪੂਰਨਮਾਸ਼ੀ' ਤੇ 'ਲਹੂ ਦੀ ਲੋਅ' ਜਿਹੇ ਨਾਵਲਾਂ ਦਾ ਰਚੇਤਾ। ਪੂਰੀ ਸਦੀ ਸਾਹਿਤ ਦੇ ਅੰਗ ਸੰਗ ਜਿਉਂਦਾ ਰਿਹਾ। ਚਾਨਣ ਰੰਗੇ ਬੋਲਾਂ ਨਾਲ ਪਾਠਕਾਂ ਦੇ ਮਨ ਮਸਤਕ ਵਿੱਚ ਗਿਆਨ ਦੀ ਰੌਸ਼ਨੀ ਭਰੀ। ਉਸ ਦੀ ਦੇਣ ਅਮੁੱਲੀ ਹੈ। ਸਦਾ ਲਈ ਤੁਰ ਜਾਣਾ ਦੁਖਦਾਈ ਹੈ। ਉਸਦਾ ਲੰਬਾ ਸਾਹਿਤਕ ਸਫ਼ਰ : ਮੰਜ਼ਿਲ ਤੇ ਤੁਰਦਿਆਂ ਰਾਹਾਂ ਰੁਸ਼ਨਾਉਂਦਾ ਰਹੇਗਾ।

ਪੰਜਾਬ ਦੀ ਧੀ: ਔਰਤਾਂ ਦੇ ਦੁੱਖ ਦਰਦ ਦੀ ਬਾਤ ਪਾਉਣ ਵਾਲੀ ਸਾਹਿਤਕਾਰ : 'ਏਹੁ ਹਮਾਰਾ ਜੀਵਣਾ' ਜਿਹੇ ਸ਼ਾਹਕਾਰ ਨਾਵਲਾਂ ਦੀ ਰਚੇਤਾ : ਦਲੀਪ ਕੌਰ ਟਿਵਾਣਾ। ਕਲਮ ਨਾਲ ਸਮਾਜ ਤੇ ਪ੍ਰਬੰਧ ਦੇ ਕੁਹਜਾਂ ਤੇ ਉਂਗਲ ਧਰਦੀ ਰਹੀ। ਜ਼ਿੰਦਗੀ ਭਰ ਆਪਣੀਆਂ ਲਿਖਤਾਂ ਨਾਲ ਚੰਗੇਰੇ ਸਮਾਜ ਦੀ ਸਿਰਜਣਾ ਲਈ ਕਲਮ ਨੂੰ ਸੰਦ ਵਾਂਗ ਵਰਤਿਆ। ਪਾਠਕਾਂ ਦਾ ਅਥਾਹ ਮਾਣ ਸਤਿਕਾਰ ਤੇ ਪੁਰਸਕਾਰ ਉਸਦੇ ਪਿੱਛੇ ਹੋ ਤੁਰੇ। ਉਸ ਦੀ ਸਾਹਿਤ ਰਚਨਾ ਜ਼ਿੰਦਗੀ ਦਾ 'ਹਸਤਾਖਰ' ਹੈ। ਉਸਦੇ ਕਦਮਾਂ ਦੀ ਪੈੜ ਚਾਲ ਹਮੇਸ਼ਾ ਤੁਰਦੇ ਰਹਿਣ ਲਈ ਪ੍ਰੇਰਨਾ ਬਣ ਸੁਣਦੀ ਰਹੇਗੀ।





ਵਿਗਿਆਨਕ ਚੇਤਨਾ ਦਾ ਰਾਹੀ, ਖੋਜੀ, ਲੇਖਕ ਡਾ. ਸੁਰਜੀਤ ਸਿੰਘ ਢਿੱਲੋਂ। ਵਿਗਿਆਨ ਦੀਆਂ ਲੱਭਤਾਂ ਨੂੰ ਸੌਖੀ ਭਾਸ਼ਾ ਵਿੱਚ ਪਾਠਕਾਂ ਤੱਕ ਪੁੱਜਦਾ ਕਰਨ ਵਾਲਾ। ਜ਼ਿੰਦਗੀ ਦਾ ਸਫ਼ਰ ਪੂਰਾ ਕਰ ਗਿਆ। ਅਨੇਕਾਂ ਪੁਸਤਕਾਂ ਦਾ ਰਚੇਤਾ,ਚੇਤਨਾ ਦਾ ਹਰਕਾਰਾ। ਤਰਕ ਵਿਤਰਕ ਨਾਲ ਪਾਠਕਾਂ ਦੇ ਰਾਹ ਰੌਸ਼ਨ ਕਰਨ ਵਾਲਾ। ਜ਼ਿੰਦਗੀ ਭਰ ਵਿਗਿਆਨਕ ਚੇਤਨਾ ਦੀ ਮਸ਼ਾਲ ਨਾਲ ਆਪਣੇ ਵਿਦਿਆਰਥੀਆਂ, ਪਾਠਕਾਂ, ਚਹੇਤਿਆਂ ਨੂੰ ਗਿਆਨ ਵਿਗਿਆਨ ਦੇ ਰਾਹ ਤੋਰਿਆ। ਉਹਨਾਂ ਦੀ ਵਿਗਿਆਨ ਲੇਖਣ ਪ੍ਰਤੀ ਘਾਲਣਾ ਮਿਸਾਲੀ ਹੈ। ਉਹ ਹਮੇਸ਼ਾ ਲਈ ਮਾਰਗ ਦਰਸ਼ਕ ਬਣੇ ਰਹਿਣਗੇ।

If undelivered please return to :

Tarksheel

Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....